@Qpatrika @qaumipatrika punjabi instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 9 July 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਵੀਰਵਾਰ 9 ਜੁਲਾਈ 2026, 25 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 245, qpatrika@gmail.com ਫੋਨ : 9971359517 www.qaumipatrika.org

## ਫ਼ੌਜ ਮੁਖੀ ਜਨਰਲ ਧੀਰਜ ਸੇਠ ਨੇ ਰਾਸ਼ਟਰਪਤੀ ਮੁਰਮੂ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ 8 ਜੁਲਾਈ। ਨਵੇਂ ਨਿਯੁਕਤ ਥਲ ਸੈਨਾ ਮੁਖੀ ਜਨਰਲ ਧੀਰਜ ਸੇਠ ਨੇ ਸੋਮਵਾਰ ਨੂੰ ਇੱਥੇ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਰਾਸ਼ਟਪਤੀ ਦਫ਼ਤਰ ਨੇ 'ਐਕਸ' 'ਤੇ ਇਕ ਪੋਸਟ 'ਚ ਇਸ ਮੁਲਾਕਾਤ ਦੀ ਇਕ ਤਸਵੀਰ ਸਾਂਝੀ ਕੀਤੀ। ਰਾਸ਼ਟਰਪਤੀ



ਦਫ਼ਤਰ ਨੇ ਪੋਸਟ 'ਚ ਕਿਹਾ,"ਥਲ ਸੈਨਾ ਮੁਖੀ ਜਨਰਲ ਧੀਰਜ ਸੇਠ ਨੇ ਆਪਣੀ ਪਤਨੀ ਕੋਮਲ ਸੇਠ ਨਾਲ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ।" ਜਨਰਲ ਧੀਰਜ ਸੇਠ ਨੇ 30 ਜੂਨ ਨੂੰ ਨਵੇਂ ਥਲ ਸੈਨਾ ਮੁਖੀ ਵਜੋਂ ਅਹੁਦਾ ਸੰਭਾਲਿਆ ਹੈ। ਉਨ੍ਹਾਂ ਕੋਲ ਪੱਛਮੀ ਮੋਰਚੇ 'ਤੇ ਫ਼ੌਜ ਦੀਆਂ 2 ਆਪਰੇਸ਼ਨਲ ਕਮਾਂਡਾਂ ਦੀ ਅਗਵਾਈ ਕਰਨ ਦਾ ਅਨੁਭਵ ਹੈ।

# ਦਿੱਲੀ ਦੇ ਸੈਂਟਰਲ ਰਿਜ ਦੀ ਸੁਰੱਖਿਆ ਲਈ ਕਾਨੂੰਨੀ ਰਾਹ ਅਪਣਾਇਆ ਜਾਵੇਗਾ : ਅਮਿਤ ਸ਼ਾਹ

ਕੌਮੀ ਪਤ੍ਰਿਕਾ
ਸਿਮੀ ਕੌਰ ਬੱਬਰ

ਨਵੀਂ ਦਿੱਲੀ 8 ਜੁਲਾਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਸਰਕਾਰ ਸੈਂਟਰਲ ਰਿਜ ਦੀ ਜੈਵ ਵੰਨ-ਸੁਵੰਨਤਾ, ਮਿੱਟੀ ਤੇ ਪਾਣੀ ਦੀ ਸੁਰੱਖਿਆ ਲਈ ਕਾਨੂੰਨੀ ਰਾਹ ਅਪਣਾਏਗੀ। ਮੰਗਲਵਾਰ ਇੱਥੇ ਦਿੱਲੀ ਸਰਕਾਰ ਦੀ ਮੈਗਾ ਰੁੱਖ ਲਾਉਣ ਦੀ ਮੁਹਿੰਮ ਦਾ ਉਦਘਾਟਨ ਕਰਨ ਤੋਂ ਬਾਅਦ ਸ਼ਾਹ ਨੇ ਕਿਹਾ ਕਿ ਜਾਮੁਨ, ਅੰਬ, ਅਰਜੁਨ ਤੇ ਨਿੰਮ ਵਰਗੇ ਰੁੱਖ ਰਿਜ 'ਤੇ ਲਾਏ ਜਾਣਗੇ ਕਿਉਂਕਿ ਉਹ 100 ਸਾਲ ਤੱਕ ਜਿਉਂਦੇ ਰਹਿੰਦੇ ਹਨ। ਵਿਸ਼ਾਲ ਰੁੱਖ ਲਾਉਣ ਦੀ ਮੁਹਿੰਮ ਅਧੀਨ ਸ਼ਹਿਰ 'ਚ 70 ਲੱਖ ਰੁੱਖ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਅਗਲੇ 4 ਸਾਲਾਂ 'ਚ 1 ਕਰੋੜ ਦੇਸੀ ਰੁੱਖਾਂ ਦੀਆਂ ਕਿਸਮਾਂ, 23 ਲੱਖ ਉੱਚੇ ਰੁੱਖਾਂ ਦੀਆਂ ਕਿਸਮਾਂ ਤੇ 65 ਲੱਖ ਬੂਟੇ ਤੇ ਔਸ਼ਧੀ ਪੌਦੇ ਲਾ ਕੇ ਰਿਜ ਖੇਤਰ ਦੇ 6300 ਹੈਕਟੇਅਰ ਨੂੰ ਹਰਿਆਲੀ ਪ੍ਰਦਾਨ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਰਿਜ ਖੇਤਰ ਨੂੰ 'ਗ੍ਰੀਨ ਰਿਜ' 'ਚ ਬਦਲਣ ਲਈ ਇਕ ਵਿਆਪਕ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਇਸ ਯੋਜਨਾ ਅਧੀਨ 100 ਜਲ ਭੰਡਾਰ ਵਿਕਸਤ ਕੀਤੇ ਜਾਣਗੇ। ਇਸ ਤੋਂ ਇਲਾਵਾ ਦਿੱਲੀ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਟੀਚੇ ਨੂੰ ਹਾਸਲ ਕਰਨ ਲਈ



'ਨਕਸ਼ਤਰ ਵਨ', 'ਤੀਰਥੰਕਰ ਵਨ' ਤੇ 'ਵਰਣਨ ਵਨ' ਵਰਗੇ ਰੈਸਟੋਰੈਂਟ ਤੇ ਛੋਟੇ ਪਾਰਕ ਵੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਰਿਜ ਦੀ ਜੈਵ ਵੰਨ-ਸੁਵੰਨਤਾ, ਮਿੱਟੀ ਤੇ ਪਾਣੀ ਦੀ ਸੰਭਾਲ ਨੂੰ ਯਕੀਨੀ ਬਣਾਉਣ ਲਈ ਕਾਨੂੰਨੀ ਸੁਰੱਖਿਆ ਦੀ ਵਰਤੋਂ ਕੀਤੀ ਜਾਵੇਗੀ। ਗ੍ਰਹਿ ਮੰਤਰੀ ਨੇ 300 ਈ-ਬੱਸਾਂ ਨੂੰ ਹਰੀ ਝੰਡੀ ਵੀ ਦਿਖਾਈ ਤੇ ਨਰੇਲਾ 'ਚ ਇਕ ਉੱਚ-ਸੁਰੱਖਿਆ ਜੇਲ ਦਾ ਡਿਜੀਟਲੀ ਨੀਂਹ ਪੱਥਰ ਰੱਖਿਆ। ਉਨ੍ਹਾਂ ਨੰਦ ਨਗਰੀ 'ਚ ਤਿੰਨ ਬੱਸ ਡਿਪੂ ਤੇ ਇਕ ਆਟੋਮੇਟਿਡ ਵਾਹਨ ਟੈਸਟਿੰਗ ਸਟੇਸ਼ਨ ਦਾ ਵੀ ਉਦਘਾਟਨ ਕੀਤਾ।

## ਬਾਬਾ ਬਰਫ਼ਾਨੀ ਦੇ ਦਰਸ਼ਨਾਂ ਲਈ ਆ ਰਹੇ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ ! ਪ੍ਰਬੰਧ ਦੇਖ ਪ੍ਰਸ਼ਾਸਨ ਤੇ ਫ਼ੌਜ ਦਾ ਕੀਤਾ ਧੰਨਵਾਦ

ਸ਼ਰੀਨਗਰ 8 ਜੁਲਾਈ। ਬਾਬਾ ਬਰਫਾਨੀ ਦੇ ਦਰਸ਼ਨਾਂ ਲਈ ਆ ਰਹੇ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਯਾਤਰਾ ਮਾਰਗ 'ਤੇ ਕੀਤੇ ਗਏ ਸ਼ਾਨਦਾਰ ਪ੍ਰਬੰਧਾਂ ਤੋਂ ਖੁਸ਼ ਹੋ ਕੇ ਯਾਤਰੀਆਂ ਨੇ ਪ੍ਰਸ਼ਾਸਨ ਅਤੇ ਸੁਰੱਖਿਆ ਫ਼ੋਰਸਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ। ਉੱਤਰ ਪ੍ਰਦੇਸ਼ ਦੇ ਦੇ ਬੁਲੰਦਸ਼ਹਿਰ ਤੋਂ ਆਏ ਇਕ ਸ਼ਰਧਾਲੂ ਮਨੋਜ ਗੁਪਤਾ ਨੇ ਆਪਣਾ ਅਨੁਭਵ ਸਾਂਝਾ ਕਰਦਿਆਂ ਕਿਹਾ ਕਿ ਇੱਥੇ ਕੀਤੇ ਗਏ ਪ੍ਰਬੰਧ ਕਲਪਨਾ ਤੋਂ ਬਾਹਰ ਹਨ। ਉਨ੍ਹਾਂ ਨੇ ਸੁਰੱਖਿਆ ਫ਼ੋਰਸਾਂ ਦੀ ਤਾਰੀਫ ਕਰਦੇ ਹੋਏ ਸਮੂਹ ਸਨਾਤਨੀ ਭਾਈਚਾਰੇ ਨੂੰ ਜੀਵਨ 'ਚ ਇਕ ਵਾਰ ਬਾਬਾ ਬਰਫਾਨੀ ਦੇ ਦਰਸ਼ਨਾਂ ਲਈ ਆਉਣ ਦੀ ਅਪੀਲ ਕੀਤੀ। ਗੁਜਰਾਤ ਦੇ ਸੂਰਤ ਤੋਂ ਆਈ ਸ਼ਰਧਾਲੂ ਧਰੁਵੀ ਆਂਗਣ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯਾਤਰੀਆਂ ਨੂੰ ਕਸ਼ਮੀਰ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਸਥਾਨਕ ਵਿਕਰੇਤਾਵਾਂ ਤੋਂ ਹੀ ਖਰੀਦਦਾਰੀ ਕਰਨ ਦਾ ਸੰਦੇਸ਼ ਦਿੱਤਾ ਹੈ। ਯਾਤਰੀ ਇਸ ਅਪੀਲ ਦਾ ਸਮਰਥਨ ਕਰ ਰਹੇ ਹਨ ਤਾਂ ਜੋ ਕਸ਼ਮੀਰ ਦਾ ਪੈਸਾ ਕਸ਼ਮੀਰ 'ਚ ਹੀ ਰਹੇ ਅਤੇ ਉੱਥੋਂ ਦੇ ਲੋਕਾਂ ਦੀ ਮਦਦ ਹੋ ਸਕੇ। ਯਾਤਰੀਆਂ ਨੇ ਪ੍ਰਧਾਨ ਮੰਤਰੀ ਦੀ ਸਵੱਛਤਾ ਦੀ ਅਪੀਲ ਨੂੰ ਵੀ ਗੰਭੀਰਤਾ ਨਾਲ ਲਿਆ ਹੈ। ਸ਼ਰਧਾਲੂਆਂ ਦਾ ਕਹਿਣਾ ਹੈ ਕਿ ਕਸ਼ਮੀਰ ਦੀ ਖੂਬਸੂਰਤੀ ਨੂੰ ਬਰਕਰਾਰ ਰੱਖਣ ਲਈ ਸਵੱਛਤਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ, ਪ੍ਰਧਾਨ ਮੰਤਰੀ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਸ਼ਰਧਾਲੂਆਂ ਨੂੰ ਘਰ ਜਾ ਕੇ 'ਏਕ ਪੇੜ ਮਾਂ ਕੇ ਨਾਮ' ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 3 ਜੁਲਾਈ ਤੋਂ ਸ਼ੁਰੂ ਹੋਈ ਅਮਰਨਾਥ ਯਾਤਰਾ 28 ਅਗਸਤ ਯਾਨੀ ਰੱਖੜੀ ਵਾਲੇ ਦਿਨ ਸਮਾਪਤ ਹੋਵੇਗੀ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ 2 ਜੁਲਾਈ ਨੂੰ ਜੰਮੂ ਤੋਂ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਸੀ।

## ਦਿੱਲੀ ਜਿਮਖਾਨਾ ਕਲੱਬ ਮਾਮਲੇ 'ਚ ਕੇਂਦਰ ਸਰਕਾਰ ਨੂੰ ਹਾਈ ਕੋਰਟ ਦਾ ਨੋਟਿਸ, 28 ਤੱਕ ਮੰਗਿਆ ਜਵਾਬ

ਨਵੀਂ ਦਿੱਲੀ 8 ਜੁਲਾਈ। ਦਿੱਲੀ ਹਾਈ ਕੋਰਟ ਨੇ ਦਿੱਲੀ ਜਿਮਖਾਨਾ ਕਲੱਬ ਦੇ ਮੈਂਬਰਾਂ ਤੇ ਮੁਲਾਜ਼ਮਾਂ ਦੀਆਂ ਉਨ੍ਹਾਂ ਪਟੀਸ਼ਨਾਂ 'ਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ, ਜਿਨ੍ਹਾਂ 'ਚ ਸਫ਼ਦਰਜੰਗ ਰੋਡ ਸਥਿਤ ਕਲੱਬ ਦੇ 27.3 ਏਕੜ ਕੰਪਲੈਕਸ ਨੂੰ ਖਾਲੀ ਕਰਵਾਉਣ ਲਈ ਜਾਰੀ ਨੋਟਿਸ ਨੂੰ ਚੁਣੌਤੀ ਦਿੱਤੀ ਗਈ ਹੈ। ਜਸਟਿਸ ਅਵਨੀਸ਼ ਝਿੰਗਨ ਨੇ ਕਾਰਨ ਦੱਸੋ ਨੋਟਿਸ ਦੇ ਅਮਲ 'ਤੇ ਰੋਕ ਲਗਾਉਣ ਦੀ ਅਪੀਲ ਵਾਲੀਆਂ ਅਰਜ਼ੀਆਂ



'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਇਸ ਦੌਰਾਨ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਅਸਟੇਟ ਅਫ਼ਸਰ ਸਾਹਮਣੇ 8 ਜੁਲਾਈ ਨੂੰ ਹੋਣ ਵਾਲੀ ਸੁਣਵਾਈ ਨੂੰ ਅਦਾਲਤ ਵਿਚ ਅਗਲੀ ਤਰੀਕ 28 ਜੁਲਾਈ ਤੋਂ ਬਾਅਦ ਦੇ ਕਿਸੇ ਦਿਨ ਤੱਕ ਮੁਲਤਵੀ ਕਰਵਾਇਆ ਜਾਵੇ। ਸਾਲੀਸਿਟਰ ਜਨਰਲ ਮਹਿਤਾ ਨੇ ਕਿਹਾ ਕਿ ਕੇਂਦਰ ਇਨ੍ਹਾਂ ਅਰਜ਼ੀਆਂ 'ਤੇ ਆਪਣਾ ਜਵਾਬ ਦਾਇਰ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਸਟੇਟ ਅਫ਼ਸਰ ਦੇ ਸਾਹਮਣੇ ਇਸ ਮਾਮਲੇ ਦੀ ਸੁਣਵਾਈ 8 ਜੁਲਾਈ ਨੂੰ ਤੈਅ ਹੈ। ਮਹਿਤਾ ਨੇ ਕਿਹਾ, "ਉਹ ਉੱਥੇ ਸੁਣਵਾਈ ਮੁਲਤਵੀ ਕਰਨ ਦੀ ਅਪੀਲ ਕਰ ਸਕਦੇ ਹਨ।"ਜਸਟਿਸ ਝਿੰਗਨ ਨੇ ਨਿਆਇਕ ਅਧਿਕਾਰੀ ਨੂੰ ਕਿਹਾ, "ਮਿਸਟਰ ਮਹਿਤਾ, ਅਸੀਂ ਇਸ ਨੂੰ ਪਹਿਲਾਂ ਤੋਂ ਤੈਅ ਤਰੀਕ (ਮੁੱਖ ਮਾਮਲੇ 'ਚ) ਲਈ ਰੱਖ ਰਹੇ ਹਾਂ। ਬਸ ਇਹ ਦੇਖ ਲਓ ਕਿ ਇਸ ਨੂੰ (ਅਸਟੇਟ ਅਫ਼ਸਰ ਦੀ ਸੁਣਵਾਈ ਨੂੰ) ਉਸ ਤਰੀਕ ਤੋਂ ਬਾਅਦ ਦੇ ਲਈ ਮੁਲਤਵੀ ਕਰ ਦਿੱਤਾ ਜਾਵੇ। ਦੱਸ ਦੇਈਏ ਕਿ ਵਿਜੇ ਖੁਰਾਨਾ ਅਤੇ 'ਦਿੱਲੀ ਜਿਮਖਾਨਾ ਕਲੱਬ ਲਿਮਟਿਡ ਸਟਾਫ਼ ਵੈੱਲਫੇਅਰ ਐਸੋਸੀਏਸ਼ਨ' ਦੀਆਂ ਇਹ ਪਟੀਸ਼ਨਾਂ ਉਨ੍ਹਾਂ ਦੇ ਪੈਂਡਿੰਗ ਮੁਕੱਦਮੇ ਦਾ ਹਿੱਸਾ ਹਨ। ਇਹ ਮੁਕੱਦਮਾ ਜ਼ਮੀਨ ਤੇ ਵਿਕਾਸ ਦਫ਼ਤਰ ਦੇ 22 ਮਈ ਦੇ ਉਸ ਹੁਕਮ ਤੋਂ ਬਾਅਦ ਦਾਇਰ ਕੀਤਾ ਗਿਆ ਸੀ, ਜਿਸ 'ਚ ਪੱਕੀ ਲੀਜ਼ ਰੱਦ ਕਰਦੇ ਹੋਏ ਬਸਤੀਵਾਦੀ ਦੌਰ ਦੇ ਇਸ ਕਲੱਬ ਨੂੰ ਰੱਖਿਆ ਢਾਂਚਿਆਂ ਨੂੰ ਮਜ਼ਬੂਤ ਅਤੇ ਵਧੇਰੇ ਸੁਰੱਖਿਅਤ ਬਣਾਉਣ ਦਾ ਹਵਾਲਾ ਦੇ ਕੇ 5 ਜੂਨ ਤੱਕ ਜ਼ਮੀਨ ਖਾਲੀ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

## ਬੰਬ ਨਾਲ ਉੱਡਾ ਦੇਵਾਂਗੇ ਭੁਵਨੇਸ਼ਵਰ ਅਦਾਲਤ, ਈਮੇਲ ਨੇ ਪੁਲਸ ਨੂੰ ਪੁਆ 'ਤੀਆਂ ਭਾਜੜਾਂ

ਭੁਵਨੇਸ਼ਵਰ 8 ਜੁਲਾਈ। ਓਡੀਸ਼ਾ ਵਿੱਚ ਭੁਵਨੇਸ਼ਵਰ ਅਦਾਲਤ ਕੰਪਲੈਕਸ ਵਿੱਚ ਬੰਬ ਨਾਲ ਧਮਾਕਾ ਕਰਨ ਦੀ ਧਮਕੀ ਵਾਲਾ ਈਮੇਲ ਮਿਲਣ ਨਾਲ ਸਨਸਨੀ ਫੈਲ ਗਈ। ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਪੁਲਸ ਨੇ ਕਿਹਾ ਕਿ ਅਦਾਲਤ ਨੂੰ ਇੱਕ ਈਮੇਲ ਮਿਲੀ, ਜਿਸ ਵਿੱਚ ਭੇਜਣ ਵਾਲੇ ਨੇ ਦਾਅਵਾ ਕੀਤਾ ਕਿ ਅਦਾਲਤ ਦੇ ਅਹਾਤੇ ਵਿੱਚ ਬੰਬ ਹੈ। ਹਾਲਾਂਕਿ, ਜਾਂਚ ਤੋਂ ਬਾਅਦ ਇਹ ਅਫਵਾਹ ਸਾਬਤ ਹੋਈ। ਭੁਵਨੇਸ਼ਵਰ ਦੇ ਸਹਾਇਕ ਪੁਲਸ ਕਮਿਸ਼ਨਰ (ਜ਼ੋਨ 4) ਅਭਿਮਨਿਊ ਨਾਇਕ ਨੇ ਕਿਹਾ ਕਿ ਅਦਾਲਤੀ ਅਧਿਕਾਰੀਆਂ ਤੋਂ ਈਮੇਲ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਓਡੀਸ਼ਾ ਪੁਲਸ ਦੇ ਬੰਬ ਨਿਰੋਧਕ ਦਸਤੇ ਦੇ ਕਰਮਚਾਰੀ ਮੌਕੇ 'ਤੇ ਪਹੁੰਚੇ ਅਤੇ ਪੂਰੀ ਇਮਾਰਤ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ। ਉਨ੍ਹਾਂ ਕਿਹਾ ਕਿ ਤਲਾਸ਼ੀ ਮੁਹਿੰਮ ਦੌਰਾਨ ਕੋਈ ਇਤਰਾਜ਼ਯੋਗ ਸਮੱਗਰੀ ਨਹੀਂ ਮਿਲੀ। ਨਾਇਕ ਨੇ ਕਿਹਾ ਕਿ ਜਾਂਚ ਤੋਂ ਬਾਅਦ ਧਮਕੀਆਂ ਝੂਠੀਆਂ ਸਾਬਤ ਹੋਈਆਂ। ਪੁਲਸ ਨੇ ਕਿਹਾ ਕਿ ਕਟਕ, ਪੁਰੀ, ਫੂਲਬਨੀ, ਦੇਵਗੜ੍ਹ ਅਤੇ ਸੰਬਲਪੁਰ ਦੀਆਂ ਜ਼ਿਲ੍ਹਾ ਅਦਾਲਤਾਂ ਦੇ ਨਾਲ-ਨਾਲ ਹਵਾਈ ਅੱਡੇ ਅਤੇ ਪਾਸਪੋਰਟ ਦਫ਼ਤਰ ਨੂੰ ਪਹਿਲਾਂ ਧਮਕੀ ਭਰੇ ਈਮੇਲ ਮਿਲੇ ਸਨ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਫਿਲਮ 'ਸਤਲੁਜ' 'ਤੇ ਪਾਬੰਦੀ ਲਾਉਣ ਦੀ ਨਿਖੇਧੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਅੰਮ੍ਰਿਤਸਰ 8 ਜੁਲਾਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਬਣੀ ਫਿਲਮ 'ਸਤਲੁਜ' 'ਤੇ ਰਿਲੀਜ਼ ਦੇ ਦੋ ਦਿਨਾਂ ਬਾਅਦ ਹੀ ਪਾਬੰਦੀ ਲਾਉਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਇਤਿਹਾਸਕ ਤੱਥ ਤੇ ਸੱਚਾਈ ਲੋਕਾਂ ਸਾਹਮਣੇ ਲਿਆਉਣੀ ਬਹੁਤ ਜ਼ਰੂਰੀ ਹੈ। ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਜਦੋਂ ਫਿਲਮ ਜਿਸਦਾ ਪਹਿਲਾਂ ਨਾਮ 'ਪੰਜਾਬ 95' ਸੀ ਤੇ ਬਾਅਦ ਵਿਚ ਨਾਮ ਬਦਲ ਕੇ 'ਸਤਲੁਜ' ਰੱਖ ਕੇ ਓ. ਟੀ. ਟੀ. ਪਲੈਟਫਾਰਮ 'ਤੇ ਰਿਲੀਜ਼ ਕੀਤੀ ਗਈ ਤਾਂ ਸੰਗਤ ਵਿਚ ਬਹੁਤ ਸੰਤੁਸ਼ਟੀ ਸੀ ਕਿ ਸੱਚਾਈ ਵਾਲੀ ਫਿਲਮ ਰਿਲੀਜ਼ ਹੋਈ ਹੈ। ਉਨ੍ਹਾਂ ਕਿਹਾ ਕਿ ਰਿਲੀਜ਼ ਦੇ



ਸਿਰਫ ਦੋ ਦਿਨਾਂ ਦੇ ਅੰਦਰ-ਅੰਦਰ ਹੀ ਫਿਲਮ 'ਤੇ ਪਾਬੰਦੀ ਲਾਉਣ ਦਾ ਫੈਸਲਾ ਵੇਖ ਕੇ ਹਰ ਇਨਸਾਫ ਪਸੰਦ ਮਨੁੱਖ ਹੈਰਾਨ ਤੇ ਪ੍ਰੇਸ਼ਾਨ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਮਨੋਰੰਜਨ ਦੇ ਮਕਸਦ ਨਾਲ ਬਣਾਈ ਫਿਲਮ ਨਹੀਂ ਹੈ ਸਗੋਂ ਇਸਦਾ 1990ਵਿਆਂ ਵਿਚ ਪੰਜਾਬ ਵਿਚ ਵਾਪਰੇ ਕਾਲੇ ਦੌਰ ਦੇ ਇਕ ਪੱਖ ਦੀ ਸੱਚਾਈ ਜੋ ਕਿ ਭਾਈ ਖਾਲੜਾ ਦੇ ਜੀਵਨ 'ਤੇ ਆਧਾਰਿਤ ਸੀ, ਨੂੰ ਲੋਕਾਂ ਸਾਹਮਣੇ ਰੱਖਣਾ ਸੀ। ਉਨ੍ਹਾਂ ਕਿਹਾ ਕਿ ਭਾਈ ਖਾਲੜਾ ਨੇ ਲਾਵਾਰਿਸ ਦੱਸ ਕੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਸਾੜੇ ਜਾਣ ਦੇ ਮਾਮਲੇ ਵਿਚ ਜੋ ਤੱਥ ਇਕੱਠੇ ਕਰ ਕੇ ਲੋਕਾਂ ਸਾਹਮਣ ਰੱਖੇ, ਉਸ ਨੂੰ ਵੇਖ ਕੇ ਲੋਕ ਹੱਕੇ ਬੱਕੇ ਰਹਿ ਗਏ। ਉਨ੍ਹਾਂ ਕਿਹਾ ਕਿ ਇਹ ਦਸਤਾਵੇਜ਼ੀ ਸਬੂਤਾਂ 'ਤੇ ਆਧਾਰਿਤ ਇਤਿਹਾਸਕ ਤੱਥ ਸਨ। ਉਨ੍ਹਾਂ ਕਿਹਾ ਕਿ ਫਿਲਮ ਬਣਾਉਣ ਦੇ ਚਾਰ ਸਾਲ ਦੀ ਜੱਦੋ ਜ਼ਹਿਦ ਦੇ ਬਾਅਦ ਫਿਲਮ ਓ. ਟੀ. ਟੀ. ਪਲੈਟਫਾਰਮ 'ਤੇ ਰਿਲੀਜ਼ ਹੋਈ ਸੀ, ਜਿਸਨੂੰ ਵੱਡੀ ਪੱਧਰ 'ਤੇ ਦੁਨੀਆ ਵੇਖ ਰਹੀ ਸੀ ਤੇ ਫਿਲਮ ਦੀ ਸ਼ਲਾਘਾ ਵੀ ਰੱਜ ਕੇ ਕੀਤੀ ਸੀ। ਉਨ੍ਹਾਂ ਕਿਹਾ ਕਿ ਅਜਿਹੇ ਵਿਚ ਫਿਲਮ 'ਤੇ ਪਾਬੰਦੀ ਲਾਉਣ ਦਾ ਫੈਸਲਾ ਨਾ ਸਿਰਫ ਫਿਲਮ ਪ੍ਰਸ਼ੰਸਕਾਂ ਸਗੋਂ ਸਿੱਖ ਕੌਮ ਲਈ ਵੀ ਵੱਡੇ ਝਟਕੇ ਵਜੋਂ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਉਹ ਅਪੀਲ ਕਰਦੇ ਹਨ ਕਿ ਫਿਲਮ ਨੂੰ ਮੁੜ ਸ਼ੁਰੂ ਕੀਤਾ ਜਾਵੇ ਤਾਂ ਜੋ ਪੰਜਾਬ ਵਿਚ ਵਾਪਰੇ ਦੁਖਾਂਤ ਤੇ ਉਸ ਨਾਲ ਜੁੜੇ ਸੱਚੇ ਪਹਿਲੂਆਂ ਤੋਂ ਸਾਡੀ ਨੌਜਵਾਨ ਪੀੜ੍ਹੀ ਭਲੀ ਭਾਂਤੀ ਜਾਣੂ ਹੋ ਸਕੇ।

## 11 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਵਾਂਗਚੁਕ, 7 ਕਿਲੋ ਤੋਂ ਵੱਧ ਘਟਿਆ ਭਾਰ

ਨਵੀਂ ਦਿੱਲੀ 8 ਜੁਲਾਈ। ਕਾਕਰੋਚ ਜਨਤਾ ਪਾਰਟੀ (ਸੀਜੇਪੀ) ਵੱਲੋਂ ਜੰਤਰ-ਮੰਤਰ 'ਤੇ ਕੀਤੇ ਗਏ ਵਿਰੋਧ ਪ੍ਰਦਰਸ਼ਨ ਵਿੱਚ 11 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਸਿੱਖਿਆ ਸ਼ਾਸਤਰੀ ਅਤੇ ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਦੀ ਹਾਲਤ ਬੁੱਧਵਾਰ ਨੂੰ ਹੋਰ ਵਿਗੜ ਗਈ। ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਸੱਤ ਕਿਲੋਗ੍ਰਾਮ ਤੋਂ ਵੱਧ ਭਾਰ ਘਟ ਗਿਆ ਹੈ। ਸੀਜੇਪੀ ਦਾ ਵਿਰੋਧ ਪ੍ਰਦਰਸ਼ਨ 19 ਦਿਨਾਂ ਤੋਂ ਜਾਰੀ ਹੈ। ਇਹ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਅਤੇ ਕਥਿਤ ਪ੍ਰੀਖਿਆ ਬੇਨਿਯਮੀਆਂ ਲਈ ਸਰਕਾਰ ਦੀ ਜਵਾਬਦੇਹੀ ਦੀ ਮੰਗ ਕਰ ਰਿਹਾ ਹੈ। ਬੁੱਧਵਾਰ ਸਵੇਰੇ ਜਾਰੀ ਕੀਤੇ ਗਏ ਇੱਕ ਸਿਹਤ ਬੁਲੇਟਿਨ ਦੇ ਅਨੁਸਾਰ, ਵਾਂਗਚੁਕ ਦਾ ਭਾਰ 59.40 ਕਿਲੋਗ੍ਰਾਮ ਤੱਕ ਘੱਟ ਗਿਆ ਹੈ, ਜੋ ਕਿ ਭੁੱਖ ਹੜਤਾਲ ਸ਼ੁਰੂ ਹੋਣ ਤੋਂ ਬਾਅਦ ਕੁੱਲ ਸੱਤ ਕਿਲੋਗ੍ਰਾਮ ਤੋਂ ਵੱਧ ਹੈ। ਬੈਠਣ ਦੀ ਸਥਿਤੀ ਵਿੱਚ ਉਸਦਾ ਬਲੱਡ ਪ੍ਰੈਸ਼ਰ (ਬੀਪੀ) 103/68 ਅਤੇ ਲੇਟਣ ਵੇਲੇ 111/73 ਦਰਜ ਕੀਤਾ ਗਿਆ। ਉਸਦੀ ਦਿਲ ਦੀ ਧੜਕਣ 74 ਧੜਕਣ ਪ੍ਰਤੀ ਮਿੰਟ ਸੀ, ਬਲੱਡ ਸ਼ੂਗਰ ਦਾ ਪੱਧਰ 75 ਸੀ ਅਤੇ ਆਕਸੀਜਨ ਸੰਤ੍ਰਿਪਤਾ 98 ਪ੍ਰਤੀਸ਼ਤ ਸੀ। ਬੁਲੇਟਿਨ ਵਿੱਚ ਕਿਹਾ ਗਿਆ ਹੈ ਕਿ ਉਸਦੀ ਹਾਈਡਰੇਸ਼ਨ ਆਮ ਸੀ ਅਤੇ ਉਹ ਮਾਨਸਿਕ ਤੌਰ 'ਤੇ ਸੁਚੇਤ ਸੀ। ਸੀਜੇਪੀ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰ ਰਿਹਾ ਹੈ ਅਤੇ ਦੋਸ਼ ਲਗਾ ਰਿਹਾ ਹੈ ਕਿ ਵਾਰ-ਵਾਰ ਪ੍ਰੀਖਿਆ ਬੇਨਿਯਮੀਆਂ ਅਤੇ ਪੇਪਰ ਲੀਕ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ।

# ਸੁਖਬੀਰ ਬਾਦਲ ਦਾ ਐਲਾਨ, ਪੰਜਾਬ ਦੇ ਹਰ ਪਿੰਡ 'ਚ ਵਿਖਾਵਾਂਗੇ ਫ਼ਿਲਮ 'ਸਤਲੁਜ'

ਕੌਮੀ ਪਤ੍ਰਿਕਾ

ਚੰਡੀਗੜ੍ਹ 8 ਜੁਲਾਈ। OTT ਪਲੇਟਫ਼ਾਰਮ ZEEE ਤੋਂ 'ਸਤਲੁਜ' ਫ਼ਿਲਮ ਹਟਾਏ ਜਾਣ ਦੇ ਵਿਰੋਧ ਵਧਦਾ ਜਾ ਰਿਹਾ ਹੈ। ਇਸੇ ਸਬੰਧ ਵਿਚ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਪਾਰਟੀ ਵੱਲੋਂ ਫ਼?ਲਮ 'ਸਤਲੁਜ' ਨੂੰ ਪੰਜਾਬ ਦੇ ਹਰ ਪਿੰਡ ਅਤੇ ਕੋਨੇ-ਕੋਨੇ 'ਚ ਵਿਖਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਸਿੱਖ ਕੌਮ 'ਤੇ ਹੋਏ ਜ਼ੁਲਮਾਂ ਦੀ ਦਾਸਤਾਨ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਆਪਣੇ ਇਤਿਹਾਸ ਅਤੇ ਕੌਮ 'ਤੇ ਹੋਏ ਤਸ਼ੱਦਦ ਤੋਂ ਜਾਣੂ ਹੋ ਸਕਣ। ਉਨ੍ਹਾਂ ਕਿਹਾ ਕਿ ਇਹ ਫ਼?ਲਮ ਕਾਂਗਰਸ ਹਕੂਮਤ ਦੌਰਾਨ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਸਮੇਤ ਕਈ ਸਿੱਖ ਸ਼ਖ਼ਸੀਅਤਾਂ 'ਤੇ ਹੋਏ ਅਣਮਨੁੱਖੀ ਤਸ਼ੱਦਦ ਦੀ ਸੱਚਾਈ ਨੂੰ ਬਿਆਨ ਕਰਦੀ ਹੈ। ਇਹ ਫ਼?ਲਮ ਉਸ ਦਰਦਨਾਕ ਯੁੱਗ ਦੀ ਸੱਚਾਈ ਨੂੰ ਬਿਆਨ ਕਰਦੀ ਹੈ, ਜੋ ਕਾਂਗਰਸ ਪਾਰਟੀ ਵੱਲੋਂ ਪਵਿੱਤਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ, ਦਿੱਲੀ ਅਤੇ ਹੋਰ ਸ਼ਹਿਰਾਂ 'ਚ ਹਜ਼ਾਰਾਂ ਬੇਸਹਾਰਾ ਨਿਰਦੋਸ਼ ਸਿੱਖ ਨੌਜਵਾਨਾਂ, ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਨੂੰ ਜ਼ਿੰਦਾ ਸਾੜਨ ਤੋਂ ਬਾਅਦ ਵੀ ਨਹੀਂ ਰੁਕੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਦਿਲ ਕੰਬਾਊ ਘੱਲੂਘਾਰੇ ਦੇ ਰੋਸ ਵਜੋਂ ਆਵਾਜ਼ ਉਠਾਉਣ ਵਾਲੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਉਸ ਸਮੇਂ ਦੀ ਸਰਕਾਰ ਵੱਲੋਂ ਝੂਠੇ ਪੁਲਸ ਮੁਕਾਬਲਿਆਂ 'ਚ ਸ਼ਹੀਦ ਕਰ ਦਿੱਤਾ ਗਿਆ ਸੀ। ਸੁਖਬੀਰ ਬਾਦਲ ਨੇ ਚਿੰਤਾ ਪ੍ਰਗਟਾਈ ਕਿ ਹੁਣ ਉਸ ਦਰਦਨਾਕ ਇਤਿਹਾਸ ਨੂੰ ਕੌਮ ਕੋਲੋਂ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਅਜਿਹਾ ਕਦੇ ਨਹੀਂ ਹੋਣ ਦੇਵੇਗਾ ਅਤੇ ਕੌਮ ਦੇ ਇਤਿਹਾਸ ਦੀ ਰਾਖੀ ਲਈ ਹਮੇਸ਼ਾ ਵਚਨਬੱਧ ਰਹੇਗਾ।

### ਦਿੱਲੀ ਦੰਗਾ ਮਾਮਲੇ 'ਚ ਅਤਹਰ ਖਾਨ ਦੀ ਜ਼ਮਾਨਤ ਪਟੀਸ਼ਨ ਖਾਰਜ

ਨਵੀਂ ਦਿੱਲੀ 8 ਜੁਲਾਈ। ਦਿੱਲੀ ਹਾਈ ਕੋਰਟ ਨੇ ਸਾਲ 2020 'ਚ ਰਾਜਧਾਨੀ ਦੇ ਉੱਤਰ-ਪੂਰਬੀ ਹਿੱਸਿਆਂ 'ਚ ਹੋਏ ਦੰਗਿਆਂ ਦੇ ਪਿੱਛੇ ਕਥਿਤ 'ਵੱਡੀ ਸਾਜ਼ਿਸ਼' ਨਾਲ ਜੁੜੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ. ਏ. ਪੀ. ਏ.) ਮਾਮਲੇ 'ਚ ਅਤਹਰ ਖਾਨ ਨੂੰ ਜ਼ਮਾਨਤ ਦੇਣ ਤੋਂ ਮੰਗਲਵਾਰ ਨੂੰ ਇਨਕਾਰ ਕਰ ਦਿੱਤਾ। ਜਸਟਿਸ ਪ੍ਰਤਿਭਾ ਐੱਮ. ਸਿੰਘ ਅਤੇ ਜਸਟਿਸ ਮਧੂ ਜੈਨ ਦੀ ਬੈਂਚ ਨੇ ਹੇਠਲੀ ਅਦਾਲਤ ਦੇ 29 ਜਨਵਰੀ ਨੂੰ ਇਸ ਮਾਮਲੇ 'ਚ ਰਾਹਤ ਦੇਣ ਤੋਂ ਇਨਕਾਰ ਕਰਨ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਅਤਹਰ ਦੀ ਅਪੀਲ ਨੂੰ ਇਹ ਕਹਿੰਦੇ ਹੋਏ ਖਾਰਜ ਕਰ ਦਿੱਤਾ ਕਿ ਮੁਲਜ਼ਮ ਜ਼ਮਾਨਤ ਦਾ ਹੱਕਦਾਰ ਨਹੀਂ ਹੈ। ਕਾਲ ਸੈਂਟਰ ਦੇ ਸਾਬਕਾ ਕਰਮਚਾਰੀ ਅਤਹਰ 'ਤੇ ਉੱਤਰ-ਪੂਰਬੀ ਦਿੱਲੀ ਦੇ ਚਾਂਦ ਬਾਗ 'ਚ ਹੋਏ ਵਿਰੋਧ-ਪ੍ਰਦਰਸ਼ਨ ਦੇ ਪ੍ਰਮੁੱਖ ਪ੍ਰਬੰਧਕਾਂ ਵਿਚੋਂ ਇਕ ਹੋਣ ਅਤੇ ਉੱਥੇ ਭੜਕਾਊ ਭਾਸ਼ਣ ਦੇਣ ਦਾ ਦੋਸ਼ ਹੈ।

## ਵਕੀਲਾਂ ਨੂੰ 'ਵਾਚ ਲਿਸਟ' 'ਚ ਨਹੀਂ ਪਾ ਸਕਦੇ ਬੈਂਕ, ਸੁਪਰੀਮ ਕੋਰਟ ਨੇ ਸੁਣਾਇਆ ਅਹਿਮ ਫੈਸਲਾ

ਨਵੀਂ ਦਿੱਲੀ 8 ਜੁਲਾਈ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇਕ ਮਹੱਤਵਪੂਰਨ ਫੈਸਲੇ ਵਿਚ ਕਿਹਾ ਕਿ ਬੈਂਕ ਅਤੇ ਭਾਰਤੀ ਬੈਂਕ ਸੰਘ (ਆਈ. ਬੀ. ਏ.) ਸਿਰਫ਼ ਪੇਸ਼ੇਵਰ ਲਾਪਰਵਾਹੀ ਦੇ ਦੋਸ਼ਾਂ ਦੇ ਆਧਾਰ 'ਤੇ ਵਕੀਲਾਂ ਨੂੰ 'ਵਾਚ ਲਿਸਟ' ਵਿਚ ਨਹੀਂ ਪਾ ਸਕਦੇ ਹਨ। ਜਸਟਿਸ ਪੀ. ਐੱਸ. ਨਰਸਿਮ?ਹਾ ਅਤੇ ਜਸਟਿਸ ਆਲੋਕ ਅਰਾਧੇ ਦੀ ਬੈਂਚ ਨੇ ਕਿਹਾ ਕਿ



ਵਕੀਲਾਂ ਨੂੰ ਬਲੈਕਲਿਸਟ ਕਰਨਾ ਬਾਰ ਕੌਂਸਲ ਦੇ ਸੰਵਿਧਾਨਕ ਅਨੁਸ਼ਾਸਨੀ ਅਧਿਕਾਰ ਖੇਤਰ ਵਿਚ ਦਖ਼ਲਅੰਦਾਜ਼ੀ ਦੇ ਬਰਾਬਰ ਹੈ। ਬੈਂਚ ਨੇ ਕਿਹਾ ਕਿ ਕਾਨੂੰਨੀ ਪੇਸ਼ੇ ਦੀ ਆਜ਼ਾਦੀ ਨਿਆਂਪਾਲਿਕਾ ਦੀ ਆਜ਼ਾਦੀ ਜਿੰਨੀ ਹੀ ਮਹੱਤਵਪੂਰਨ ਹੈ। ਅਸਲ ਵਿਚ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਤੋਂ ਇਸ ਦੀ ਆਜ਼ਾਦੀ ਹੀ ਕਾਨੂੰਨ ਦੇ ਸ਼ਾਸਨ ਅਤੇ ਲੋਕਤੰਤਰ ਦੀ ਨੀਂਹ ਹੈ। ਸਰਵਉੱਚ ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਵਕੀਲ 'ਤੇ ਪੇਸ਼ੇਵਰ ਲਾਪਰਵਾਹੀ ਜਾਂ ਦੁਰਵਿਹਾਰ ਦਾ ਦੋਸ਼ ਹੈ, ਤਾਂ ਬੈਂਕ ਨੂੰ ਸਬੰਧਤ ਸੂਬੇ ਦੀ ਬਾਰ ਕੌਂਸਲ ਦੇ ਸਾਹਮਣੇ ਮਾਮਲਾ ਰੱਖਣਾ ਚਾਹੀਦਾ ਹੈ, ਜੋ ਐਡਵੋਕੇਟ ਐਕਟ ਦੇ ਤਹਿਤ ਉਚਿਤ ਕਾਰਵਾਈ ਕਰ ਸਕਦੀ ਹੈ। ਇਸ ਦੇ ਨਾਲ ਹੀ ਬੈਂਚ ਨੇ ਕਿਹਾ ਕਿ ਸਿਰਫ਼ ਲਾਪਰਵਾਹੀ ਦੇ ਦੋਸ਼ ਦੇ ਆਧਾਰ 'ਤੇ ਕਿਸੇ ਵਕੀਲ ਦਾ ਨਾਂ ਵਾਚ ਲਿਸਟ ਵਿਚ ਪਾ ਦੇਣਾ ਜਾਇਜ਼ ਨਹੀਂ ਹੈ।

# ਫਿਲਮ 'ਸਤਲੁਜ' ਨੂੰ ਲੈ ਕੇ ਆਰ.ਪੀ. ਸਿੰਘ ਦਾ ਬਿਆਨ, ਕਿਹਾ-'ਸੈਂਸਰ ਬੋਰਡ ਤੋਂ ਨਹੀਂ ਮਿਲੀ ਸੀ ਮਨਜ਼ੂਰੀ'

ਕੌਮੀ ਪਤ੍ਰਿਕਾ

ਨਵੀਂ ਦਿੱਲੀ 8 ਜੁਲਾਈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰਪੀ ਸਿੰਘ ਨੇ ZEEE ਤੋਂ ਫਿਲਮ 'ਸਤਲੁਜ' ਨੂੰ ਹਟਾਉਣ ਦੇ ਕੇਂਦਰ ਦੇ ਫੈਸਲੇ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਇਸ ਨੂੰ ਜ਼ਰੂਰੀ ਸਰਟੀਫਿਕੇਸ਼ਨ ਪ੍ਰੋਸੈੱਸ (ਪ੍ਰਮਾਣਨ ਪ੍ਰਕਿਰਿਆ) ਪੂਰੀ ਕੀਤੇ ਬਿਨਾਂ OTT ਪਲੇਟਫਾਰਮ 'ਤੇ ਰਿਲੀਜ਼ ਕੀਤੀ ਗਈ ਸੀ। ਇਸ ਮੁੱਦੇ 'ਤੇ ਗੱਲ ਕਰਦੇ ਹੋਏ ਆਰਪੀ ਸਿੰਘ ਨੇ ਕਿਹਾ ਕਿ ਰਿਲੀਜ਼ ਤੋਂ ਪਹਿਲਾਂ ਫਿਲਮ ਨੂੰ ਸੈਂਸਰ ਬੋਰਡ ਤੋਂ ਮਨਜ਼ੂਰੀ ਨਹੀਂ ਮਿਲੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵਲੋਂ ਕੇਂਦਰ ਸਰਕਾਰ ਦੇ ਸਾਹਮਣੇ ਇਹ ਮਾਮਲਾ ਚੁੱਕਣ ਤੋਂ ਬਾਅਦ ਇਕ ਰਿਵਿਊ ਕਮੇਟੀ (ਸਮੀਖਿਆ ਕਮੇਟੀ) ਬਣਾਈ ਜਾਵੇਗੀ। ਇਸ ਫੈਸਲੇ ਨੂੰ ਜ਼ਰੂਰੀ ਦੱਸਦੇ ਹੋਏ ਸਿੰਘ ਨੇ



ਕਿਹਾ,"ਫਿਲਮ ਨੂੰ ਸੈਂਸਰ ਬੋਰਡ ਤੋਂ ਮਨਜ਼ੂਰੀ ਨਹੀਂ ਮਿਲੀ ਸੀ, ਫਿਰ ਵੀ ਇਹ ਓਟੀਟੀ 'ਤੇ ਚੱਲ ਰਹੀ ਸੀ। ਇਸ ਲਈ ਸਰਕਾਰ ਨੇ ਇਸ 'ਤੇ ਰੋਕ ਲਗਾ ਦਿੱਤੀ। ਸਾਡੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਭਾਰਤ ਸਰਕਾਰ ਨੂੰ ਇਸ ਲਈ ਅਪੀਲ ਕੀਤੀ ਸੀ ਅਤੇ ਇਸ 'ਤੇ ਇਕ ਰਿਵਿਊ ਕਮੇਟੀ ਬਣਾਈ ਜਾਵੇਗੀ, ਜਿਸ ਤੋਂ ਬਾਅਦ ਇਸ ਮਾਮਲੇ 'ਤੇ ਫੈਸਲਾ ਲਿਆ ਜਾਵੇਗਾ।" ਇਸ ਤੋਂ ਪਹਿਲਾਂ ਸੂਚਨਾ ਅਤੇ ਪ੍ਰਸਾਰਨ ਮੰਤਰਾਲਾ (I&B) ਨੇ ਕਿਹਾ ਸੀ ਕਿ ਫਿਲਮ ਨੂੰ ਜ਼ਰੂਰੀ ਸਰਟੀਫਿਕੇਸ਼ਨ ਪ੍ਰੋਸੈੱਸ ਪੂਰੇ ਕੀਤੇ ਬਿਨਾਂ ਓਟੀਟੀ ਪਲੇਟਫਾਰਮ 'ਤੇ ਰਿਲੀਜ਼ ਕੀਤਾ ਗਿਆ ਸੀ, ਜਦੋਂ ਕਿ ZEEE ਨੇ ਪੁਸ਼ਟੀ ਕੀਤੀ ਹੈ ਕਿ ਫਿਲਮ ਅਗਲੇ ਆਦੇਸ਼ ਤੱਕ ਭਾਰਤ 'ਚ ਉਪਲੱਬਧ ਨਹੀਂ ਰਹੇਗੀ। ਆਈਬੀ ਮੰਤਰਾਲਾ ਦੇ ਅਧਿਕਾਰੀਆਂ ਅਨੁਸਾਰ, ਫਿਲਮ ਕੋਲ ਥਿਏਟ੍ਰਿਕਲ ਰਿਲੀਜ਼ (ਸਿਨੇਮਾਘਰਾਂ 'ਚ ਰਿਲੀਜ਼) ਲਈ ਜ਼ਰੂਰੀ ਸਰਟੀਫਿਕੇਸ਼ਨ ਨਹੀਂ ਸੀ।

# ਐੱਸ. ਕੇ. ਐੱਮ. ਨੇ ਖੋਲ੍ਹਿਆ ਮੋਰਚਾ ! 13 ਜੁਲਾਈ ਨੂੰ ਲੈ ਕੇ ਪੰਜਾਬ ਲਈ ਕੀਤਾ ਵੱਡਾ ਐਲਾਨ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਜਲੰਧਰ 8 ਜੁਲਾਈ। ਕਿਸਾਨਾਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਸਾਨਾਂ ਨੇ ਕਿਹਾ ਕਿ ਉਹ ਭਾਰਤ-ਅਮਰੀਕਾ ਸਮਝੌਤੇ ਅਤੇ ਪੰਜਾਬ 'ਚ ਲੈਂਡ ਪੂਲਿੰਗ ਨੂੰ ਲੈ ਕੇ ਦੋਵਾਂ ਸਰਕਾਰਾਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਿਰੋਧ ਪ੍ਰਦਰਸ਼ਨ ਦਾ ਸੱਦਾ ਕੌਮੀ ਇਨਸਾਫ਼ ਮੋਰਚਾ ਵੱਲੋਂ 13 ਜੁਲਾਈ ਨੂੰ ਦਿੱਤਾ ਗਿਆ ਸੀ। ਐੱਸ. ਕੇ. ਐੱਮ. (ਸੰਯੁਕਤ ਕਿਸਾਨ ਮੋਰਚਾ) ਦੇ ਗੈਰ ਸਿਆਸੀ ਜਥੇਬੰਦੀਆਂ ਨੇ ਹਾਲ ਹੀ 'ਚ ਸਰਹਿੰਦ 'ਚ ਰੇਲਵੇ ਟ?ਰੈਕ ਨੂੰ ਤਿੰਨ ਘੰਟਿਆਂ ਲਈ ਜਾਮ ਕੀਤਾ ਗਿਆ ਸੀ। ਉਥੇ ਹੀ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੇ ਬਰਨਾਲਾ ਘਰ ਦੇ ਬਾਹਰ ਐੱਸ. ਕੇ. ਐੱਮ. ਗੈਰ ਸਿਆਸੀ ਜਥੇਬੰਦੀਆਂ ਪ੍ਰਦਰਸ਼ਨ ਕਰਨਗੀਆਂ। ਉਨ੍ਹਾਂ ਅਪੀਲ ਕੀਤੀ ਕਿ ਕਿਸਾਨਾਂ ਦੇ ਬਕਾਏ ਜਲਦੀ ਉਨ੍ਹਾਂ ਦੇ ਖਾਤਿਆਂ ਵਿੱਚ ਜਮ?ਹਾ ਕਰਵਾਏ ਜਾਣ। ਕਿਸਾਨ ਆਗੂ ਵਚਿੱਤਰ ਸਿੰਘ ਕੋਟਲਾ ਨੇ ਕਿਹਾ ਕਿ ਐੱਸ. ਕੇ. ਐੱਮ. ਗੈਰ ਸਿਆਸੀ ਜਥੇਬੰਦੀਆਂ ਵੱਲੋਂ ਲੰਬੇ ਸਮੇਂ ਤੋਂ ਚੱਲ ਰਹੇ ਸੰਘਰਸ਼ ਕੀਤਾ ਜਾ ਰਿਹਾ ਹੈ। ਇਹ ਵਿਰੋਧ ਭਾਰਤ ਦੀ ਅਮਰੀਕਾ ਨਾਲ ਹੋਏ ਸਮਝੌਤੇ ਨੂੰ ਲੈ ਕੇ ਕੀਤਾ ਜਾ ਰਿਹਾ ਹੈ, ਜਿਸ ਦਾ ਪਿੰਡਾਂ ਵਿੱਚ ਸਖ਼ਤ ਵਿਰੋਧ ਹੋ ਰਿਹਾ ਹੈ। ਵਚਿੱਤਰ ਸਿੰਘ ਨੇ ਕਿਹਾ ਕਿ ਮਿਲਾਵਟੀ ਦੁੱਧ, ਦਹੀਂ ਅਤੇ ਪਨੀਰ ਵੱਡੇ ਪੱਧਰ 'ਤੇ ਵੇਚੇ ਜਾ ਰਹੇ ਹਨ, ਜਿਸ ਨਾਲ ਕੈਂਸਰ ਹੋ ਰਿਹਾ ਹੈ।



ਕੇਂਦਰ ਸਰਕਾਰ ਨੂੰ ਇਸ ਮੁੱਦੇ 'ਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਸਵਾਮੀਨਾਥਨ ਰਿਪੋਰਟ ਤਹਿਤ ਹੋਰ ਮੰਗਾਂ ਨੂੰ ਵੀ ਹੱਲ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਨੂੰ ਕਰਜ਼ੇ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ। ਗੁਰਸੇਵਕ ਸਿੰਘ ਧਾਲੀਵਾਲ ਨੇ ਕਿਹਾ ਕਿ ਲੈਂਡ ਪੂਲਿੰਗ ਕੇਸ ਹਾਲ ਹੀ 'ਚ ਵਾਪਸ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ 18 ਜੁਲਾਈ ਨੂੰ ਤਰਨਤਾਰਨ 'ਚ ਇਕ ਕਿਸਾਨ ਸੰਮੇਲਨ ਦਾ ਆਯੋਜਨ ਕੀਤਾ ਗਿਆ ਹੈ, ਜਿੱਥੇ ਸਾਰੇ ਕਿਸਾਨ ਜਥੇਬੰਦੀਆਂ ਸ਼ਾਮਲ ਹੋਣਗੀਆਂ। ਇਸ ਮੀਟਿੰਗ ਦੌਰਾਨ ਭਾਰਤ-ਅਮਰੀਕਾ ਸੌਦੇ ਦਾ ਮੁੱਦਾ ਚੁੱਕਿਆ ਜਾਵੇਗਾ। ਉਨ੍ਹਾਂ ਦੀਆਂ ਮੰਗਾਂ ਸਬੰਧੀ ਮਹੱਤਵਪੂਰਨ ਫ਼ੈਸਲੇ ਲਏ ਜਾਣਗੇ ਅਤੇ ਜਲਦੀ ਹੀ ਵੱਡੇ ਵਿਰੋਧ ਪ੍ਰਦਰਸ਼ਨ ਦਾ ਐਲਾਨ ਕੀਤਾ ਜਾਵੇਗਾ।

# ਕਰਿਆਨਾ ਸਟੋਰ ਮਾਲਕ ਨੇ ਸ਼ਰੇਆਮ ਕੁੱਟ ਕੇ ਕੀਤਾ ਬੇਇੱਜ਼ਤ, 19 ਸਾਲਾ ਮੁੰਡੇ ਨੇ ਲਾ ਲਿਆ ਫਾਹਾ

**ਕੌਮੀ ਪਤ੍ਰਿਕਾ**

ਲੁਧਿਆਣਾ 8 ਜੁਲਾਈ। ਮਹਾਂਨਗਰ ਵਿਚ ਮਾਮੂਲੀ ਗੱਲ 'ਤੇ ਸ਼ਰੇਆਮ ਜ਼ਲੀਲ ਕੀਤੇ ਜਾਣ ਤੋਂ ਦੁਖੀ ਹੋ ਕੇ ਇੱਕ 19 ਸਾਲ ਦੇ ਨੌਜਵਾਨ ਵੱਲੋਂ ਮੌਤ ਨੂੰ ਗਲੇ ਲਗਾਉਣ ਦਾ ਇੱਕ ਬਹੁਤ ਹੀ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਕਰਿਆਨਾ ਸਟੋਰ ਤੋਂ ਸਾਮਾਨ ਉਧਾਰ ਲੈਣ ਗਏ ਨੌਜਵਾਨ ਨੂੰ ਦੁਕਾਨਦਾਰ ਅਤੇ ਉਸ ਦੀ ਪਤਨੀ ਨੇ ਨਾ ਸਿਰਫ਼ ਬੁਰੀ ਤਰ੍ਹਾਂ ਕੁੱਟਿਆ, ਸਗੋਂ ਬਾਜ਼ਾਰ ਦੇ ਵਿਚਕਾਰ ਸ਼ਰੇਆਮ ਬੇਇੱਜ਼ਤ ਵੀ ਕੀਤਾ। ਇਸ ਬੇਇੱਜ਼ਤੀ ਅਤੇ ਮਾਨਸਿਕ ਬੇਰਹਿਮੀ ਨੂੰ ਬਰਦਾਸ਼ਤ ਨਾ ਕਰ ਸਕਣ ਕਾਰਨ ਪਰੇਸ਼ਾਨ ਹੋ ਕੇ ਨੌਜਵਾਨ ਨੇ ਕਮਰੇ ਵਿੱਚ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਸਥਾਨਕ ਥਾਣਾ ਪੁਲਸ ਨੇ ਮੁਲਜ਼ਮ ਕਰਿਆਨਾ ਸਟੋਰ ਮਾਲਕ ਮਹਿੰਦਰ ਮਿਸ਼ਰਾ ਖ਼?ਲਾਫ਼ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੀਆਂ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪੀੜਤ ਮਾਂ ਨੇ ਰੋਂਦੇ ਹੋਏ ਦੱਸਿਆ ਕਿ ਉਨ੍ਹਾਂ ਦਾ 19 ਸਾਲਾ ਪੁੱਤਰ



ਸਚਿਨ ਕੁਮਾਰ ਸ਼੍ਰੀਵਾਸਤਵ ਬੀਤੀ 22 ਜੂਨ ਨੂੰ ਘਰ ਦੇ ਕੋਲ ਹੀ ਸਥਿਤ 'ਪੰਡਿਤ ਕਰਿਆਨਾ ਸਟੋਰ' 'ਤੇ ਕੁਝ ਘਰੇਲੂ ਸਾਮਾਨ ਲੈਣ ਲਈ ਗਿਆ ਸੀ। ਪੈਸੇ ਘੱਟ ਹੋਣ ਜਾਂ ਨਾ ਹੋਣ ਕਾਰਨ ਸਚਿਨ ਨੇ ਦੁਕਾਨ ਦੇ ਮਾਲਕ ਮਹਿੰਦਰ ਮਿਸ਼ਰਾ ਤੋਂ ਸਾਮਾਨ ਉਧਾਰ ਦੇਣ ਦੀ ਗੱਲ ਕਹੀ। ਇਸੇ ਗੱਲ ਨੂੰ ਲੈ ਕੇ ਦੁਕਾਨਦਾਰ ਮਹਿੰਦਰ ਮਿਸ਼ਰਾ ਅਤੇ ਉਸ ਦੀ ਪਤਨੀ ਦਾ ਸਚਿਨ ਨਾਲ ਵਿਵਾਦ ਹੋ ਗਿਆ। ਬਹਿਸ ਇੰਨੀ ਵੱਧ ਗਈ ਕਿ ਮੁਲਜ਼ਮ ਮਹਿੰਦਰ ਮਿਸ਼ਰਾ ਨੇ ਕੁਝ ਨਾਲ ਦੇਖਦਿਆਂ ਦੁਕਾਨ ਤੋਂ ਬਾਹਰ ਨਿਕਲ ਕੇ ਬਾਜ਼ਾਰ ਵਿੱਚ ਸ਼ਰੇਆਮ ਸਚਿਨ ਕੁਮਾਰ ਨੂੰ ਦਬੋਚ ਲਿਆ। ਇਲਜ਼ਾਮ ਹੈ ਕਿ ਮਹਿੰਦਰ ਮਿਸ਼ਰਾ ਨੇ ਤੈਸ਼ ਵਿੱਚ ਆ ਕੇ ਸਚਿਨ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਮੁਲਜ਼ਮ ਦੀ ਪਤਨੀ ਨੇ ਵੀ ਸਚਿਨ ਨੂੰ ਬਹੁਤ ਗਾਲ੍ਹਾਂ ਕੱਢੀਆਂ ਅਤੇ ਉਸ ਨੂੰ ਸ਼ਰੇਆਮ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਬੇਇੱਜ਼ਤ ਕੀਤਾ। ਮਾਂ ਮੁਤਾਬਕ, ਸ਼ਰੇਆਮ ਬਾਜ਼ਾਰ ਵਿੱਚ ਹੋਈ ਇਸ ਕੁੱਟਮਾਰ ਅਤੇ ਬੇਇੱਜ਼ਤੀ ਕਾਰਨ ਸਚਿਨ ਦਾ ਮਾਨਸਿਕ ਸੰਤੁਲਨ ਪੂਰੀ ਤਰ੍ਹਾਂ ਹਿੱਲ ਗਿਆ। ਉਹ ਖ਼ੁਦ ਨੂੰ ਬਹੁਤ ਅਪਮਾਨਿਤ ਅਤੇ ਛੋਟਾ ਮਹਿਸੂਸ ਕਰ ਰਿਹਾ ਸੀ। ਵਾਰਦਾਤ ਤੋਂ ਬਾਅਦ ਉਹ ਗੁਮਸੁਮ ਹਾਲਤ ਵਿੱਚ ਘਰ ਪਰਤਿਆ ਅਤੇ ਆਪਣੇ ਕਮਰੇ ਦੇ ਅੰਦਰ ਚਲਾ ਗਿਆ। ਇਸੇ ਤੜਫ਼ ਤੇ ਮਾਨਸਿਕ ਤਣਾਅ ਦੇ ਚਲਦੇ ਬੀਤੀ 22 ਜੂਨ ਦੀ ਰਾਤ ਨੂੰ ਸਚਿਨ ਕੁਮਾਰ ਸ਼੍ਰੀਵਾਸਤਵ ਨੇ ਆਪਣੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਉਸ ਨੇ ਕਮਰੇ ਦੀ ਛੱਤ ਤੋਂ ਲੱਗੇ ਫਾਹੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਜਦੋਂ ਕਾਫੀ ਦੇਰ ਤੱਕ ਕਮਰਾ ਨਹੀਂ ਖੁੱਲ੍ਹਿਆ ਅਤੇ ਪਰਿਵਾਰ ਵਾਲਿਆਂ ਨੇ ਖਿੜਕੀ ਰਾਹੀਂ ਝਾਕ ਕੇ ਦੇਖਿਆ, ਤਾਂ ਸਚਿਨ ਦੀ ਲਾਸ਼ ਫੰਦੇ 'ਤੇ ਝੂਲ ਰਹੀ ਸੀ। ਜਵਾਨ ਪੁੱਤਰ ਦੀ ਲਾਸ਼ ਦੇਖ ਕੇ ਪਰਿਵਾਰ ਵਿੱਚ ਕੋਹਰਾਮ ਮਚ ਗਿਆ। ਇਸ ਦੁਖਦਾਈ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਫੋਕਲ ਪੁਆਇੰਟ ਦੀ ਪੁਲਸ ਟੀਮ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਪੁਲਸ ਨੇ ਮ੍ਰਿਤਕ ਸਚਿਨ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਦੁਕਾਨਦਾਰ ਮਹਿੰਦਰ ਮਿਸ਼ਰਾ ਖ਼?ਲਾਫ਼ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ ਤਹਿਤ ਖ਼ੁਦਕੁਸ਼ੀ ਲਈ ਉਕਸਾਉਣ ਅਤੇ ਬੇਇੱਜ਼ਤ ਕਰਨ ਦਾ ਸੰਗੀਨ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਵਾਰਦਾਤ ਤੋਂ ਬਾਅਦ ਤੋਂ ਹੀ ਮੁਲਜ਼ਮ ਕਰਿਆਨਾ ਸਟੋਰ ਸੰਚਾਲਕ ਅਤੇ ਉਸ ਦੀ ਪਤਨੀ ਆਪਣੀ ਦੁਕਾਨ ਅਤੇ ਘਰ ਬੰਦ ਕਰਕੇ ਮੌਕੇ ਤੋਂ ਫਰਾਰ ਹਨ। ਪੁਲਸ ਦੀਆਂ ਦੋ ਵਿਸ਼ੇਸ਼ ਟੀਮਾਂ ਮੁਲਜ਼ਮਾਂ ਦੇ ਸੰਭਾਵੀ ਟਿਕਾਣਿਆਂ 'ਤੇ ਲਗਾਤਾਰ ਦਬਿਸ਼ ਦੇ ਰਹੀਆਂ ਹਨ। ਪੁਲਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੀ ਮੌਕੇ 'ਤੇ ਮੌਤ

**ਕੌਮੀ ਪਤ੍ਰਿਕਾ**

ਬਠਿੰਡਾ 8 ਜੁਲਾਈ। ਬਠਿੰਡਾ-ਡੱਬਵਾਲੀ ਰਾਸ਼ਟਰੀ ਮਾਰਗ 'ਤੇ ਪੈਂਦੇ ਪਿੰਡ ਗੁਰੂਸਰ ਸੈਣੇਵਾਲਾ ਨੇੜੇ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਕਿਸੇ ਅਣਪਛਾਤੇ ਤੇਜ਼ ਰਫ਼ਤਾਰ ਵਾਹਨ ਨੇ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ ਅਤੇ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਦੇ ਜਵਾਨ, ਥਾਣਾ ਸੰਗਤ ਦੀ ਪੁਲਸ ਅਤੇ ਸੰਗਤ ਸਹਾਰਾ ਟੀਮ ਦੇ ਵਾਲੰਟੀਅਰ ਸਿਕੰਦਰ ਮਛਾਣਾ ਐਂਬੂਲੈਂਸ ਸਮੇਤ ਮੌਕੇ 'ਤੇ ਪਹੁੰਚੇ। ਉਨ੍ਹਾਂ ਪੁਲਸ ਦੀ ਮੌਜੂਦਗੀ 'ਚ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਠਿੰਡਾ ਭੇਜ ਦਿੱਤਾ ਗਿਆ। ਸੰਗਤ ਸਹਾਰਾ ਟੀਮ ਦੇ ਵਾਲੰਟੀਅਰ ਸਿਕੰਦਰ ਮਛਾਣਾ ਨੇ ਦੱਸਿਆ ਕਿ ਉਨ੍ਹਾਂ ਨੂੰ ਫੋਨ ਰਾਹੀਂ ਸੂਚਨਾ ਮਿਲੀ ਸੀ ਕਿ ਗੁਰੂਸਰ ਸੈਣੇਵਾਲਾ ਨੇੜੇ ਇਕ ਵਿਅਕਤੀ ਸੜਕ 'ਤੇ ਡਿੱਗਿਆ ਪਿਆ ਹੈ। ਜਦੋਂ ਉਹ ਐਂਬੂਲੈਂਸ ਲੈ ਕੇ ਮੌਕੇ 'ਤੇ ਪਹੁੰਚੇ ਤਾਂ ਵਿਅਕਤੀ ਦੀ ਮੌਤ ਹੋ ਚੁੱਕੀ ਸੀ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਤੁਰੰਤ ਥਾਣਾ ਸੰਗਤ ਦੀ ਪੁਲਸ ਨੂੰ ਸੂਚਿਤ ਕੀਤਾ ਗਿਆ, ਜਿਸ ਨੇ ਮੌਕੇ 'ਤੇ ਪਹੁੰਚ ਕੇ ਅਗਲੀ ਕਾਨੂੰਨੀ ਕਾਰਵਾਈ ਕੀਤੀ। ਮੁੱਢਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਬਠਿੰਡਾ ਸ਼ਹਿਰ ਦੇ ਰਹਿਣ ਵਾਲੇ ਵਜੋਂ ਹੋਈ ਹੈ। ਪੁਲਸ ਵੱਲੋਂ ਅਣਪਛਾਤੇ ਵਾਹਨ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਜਦੋਂ ਘਟਨਾ ਸਬੰਧੀ ਜਾਣਕਾਰੀ ਲੈਣ ਲਈ ਥਾਣਾ ਸੰਗਤ ਦੇ ਸਹਾਇਕ ਥਾਣੇਦਾਰ ਕਰਮਜੀਤ ਸਿੰਘ ਨਾਲ ਉਨ੍ਹਾਂ ਦੇ ਮੋਬਾਇਲ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਈ ਵਾਰ ਘੰਟੀ ਵੱਜਣ ਦੇ ਬਾਵਜੂਦ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ। ਕੁੱਝ ਸਮੇਂ ਬਾਅਦ ਉਨ੍ਹਾਂ ਦਾ ਮੋਬਾਇਲ ਵੀ ਬੰਦ ਆਉਣ ਲੱਗ ਪਿਆ, ਜਿਸ ਕਾਰਨ ਅਧਿਕਾਰਕ ਪੱਖ ਨਹੀਂ ਮਿਲ ਸਕਿਆ।

## ਭਾਰੀ ਬਰਸਾਤ ਨਾਲ ਡੁੱਬਦਾ ਨਜ਼ਰ ਆਇਆ ਗੁਰਦਾਸਪੁਰ ਦਾ ਕਾਦਰੀ ਮਹੱਲਾ, ਘਰਾਂ 'ਚ ਵੜਿਆ ਪਾਣੀ

ਗੁਰਦਾਸਪੁਰ 8 ਜੁਲਾਈ। ਬੀਤੀ ਅੱਧੀ ਰਾਤ ਤੋਂ ਹੋ ਰਹੀ ਭਾਰੀ ਬਰਸਾਤ ਕਾਰਨ ਗੁਰਦਾਸਪੁਰ ਸ਼ਹਿਰ ਦਾ ਕਾਦਰੀ ਮਹੱਲਾ ਜਲਥਲ ਹੋ ਗਿਆ। ਇਲਾਕੇ ਦੀਆਂ ਗਲੀਆਂ ਅਤੇ ਸੜਕਾਂ 'ਤੇ ਕਈ ਫੁੱਟ ਤੱਕ ਪਾਣੀ ਇਕੱਠਾ ਹੋਣ ਕਾਰਨ ਲੋਕਾਂ ਦਾ ਜਨਜੀਵਨ ਪ੍ਰਭਾਵਿਤ ਹੋਇਆ। ਕਈ ਘਰਾਂ ਵਿੱਚ ਮੀਂਹ ਦਾ ਪਾਣੀ ਦਾਖਲ ਹੋਣ ਨਾਲ ਘਰੇਲੂ ਸਾਮਾਨ, ਫਰਨੀਚਰ ਅਤੇ ਬਿਜਲੀ ਦੇ ਉਪਕਰਨਾਂ ਦਾ ਨੁਕਸਾਨ ਹੋਇਆ। ਸਥਾਨਕ ਵਸਨੀਕਾਂ ਨੇ ਦੱਸਿਆ ਕਿ ਸੀਵਰੇਜ ਪ੍ਰਣਾਲੀ ਦੀ ਸਹੀ ਸਫ਼ਾਈ ਨਾ ਹੋਣ ਅਤੇ ਪ੍ਰਸ਼ਾਸਨ ਦੀ ਅਣਦੇਖੀ ਕਾਰਨ ਹਰ ਸਾਲ ਬਰਸਾਤ ਦੌਰਾਨ ਇਹੀ ਸਮੱਸਿਆ ਸਾਹਮਣੇ ਆਉਂਦੀ ਹੈ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਕਈ ਵਾਰ ਸੰਬੰਧਤ ਵਿਭਾਗ ਨੂੰ ਸ਼ਿਕਾਇਤਾਂ ਦੇਣ ਦੇ ਬਾਵਜੂਦ ਕੋਈ ਪੱਕਾ ਹੱਲ ਨਹੀਂ ਕੀਤਾ ਗਿਆ। ਬਰਸਾਤ ਦਾ ਪਾਣੀ ਨਿਕਾਸ ਨਾ ਹੋਣ ਕਾਰਨ ਲੋਕਾਂ ਨੂੰ ਘਰਾਂ ਤੋਂ ਬਾਹਰ ਨਿਕਲਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਅਤੇ ਸੀਵਰੇਜ ਵਿਭਾਗ ਤੋਂ ਤੁਰੰਤ ਪਾਣੀ ਦੀ ਨਿਕਾਸੀ ਕਰਵਾਉਣ, ਸੀਵਰੇਜ ਪ੍ਰਣਾਲੀ ਨੂੰ ਦਰੁਸਤ ਕਰਨ ਦੀ ਮੰਗ ਕੀਤੀ ਹੈ।

# ਦਿਨ-ਦਿਹਾੜੇ ਚੋਰ ਦੀ ਵੱਡੀ ਵਾਰਦਾਤ, ਇਕ ਕੱਪੜੇ ਦੀ ਦੁਕਾਨ 'ਚੋਂ ਹਜ਼ਾਰਾਂ ਰੁਪਏ ਦਾ ਮਾਲ ਲੈ ਕੇ ਫਰਾਰ

ਅਬੋਹਰ 8 ਜੁਲਾਈ। ਸ਼ਹਿਰ 'ਚ ਚੋਰਾਂ ਅਤੇ ਲੁਟੇਰਿਆਂ ਦੇ ਹੌਸਲੇ ਲਗਾਤਾਰ ਵੱਧ ਰਹੇ ਹਨ। ਭੀੜ-ਭਾੜ ਵਾਲੇ ਬੱਸ ਅੱਡੇ ਦੇ ਪਿੱਛੇ ਸਥਿਤ ਗਲੀ ਨੰਬਰ 13 'ਚ ਇਕ



ਕੱਪੜੇ ਦੀ ਦੁਕਾਨ 'ਚੋਂ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਨੇ ਹਜ਼ਾਰਾਂ ਰੁਪਏ ਦੇ ਸੂਟ ਚੋਰੀ ਕਰ ਲਏ। ਇਸ ਘਟਨਾ ਤੋਂ ਬਾਅਦ ਵਪਾਰੀਆਂ ਨੇ ਪੁਲਸ ਪ੍ਰਸ਼ਾਸਨ ਪ੍ਰਤੀ ਸਖ਼ਤ ਗੁੱਸਾ ਪ੍ਰਗਟ ਕੀਤਾ। ਜਾਣਕਾਰੀ ਅਨੁਸਾਰ ਪਵਨ ਕਲੈਕਸ਼ਨ ਦੇ ਮਾਲਕ 65 ਸਾਲਾ ਇੰਦਰਾਜ਼ ਸਵੇਰੇ 9 ਵਜੇ ਆਪਣੀ ਦੁਕਾਨ ਖੋਲ੍ਹੀ ਹੀ ਸੀ ਕਿ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ ਆਏ। ਉਨ੍ਹਾਂ ਨੌਜਵਾਨਾਂ ਨੇ ਦੁਕਾਨਦਾਰ ਨੂੰ ਕੱਪੜੇ ਦਾ ਸਵਾ ਮੀਟਰ ਦਾ ਟੁਕੜਾ ਦਿਖਾਉਣ ਲਈ ਕਿਹਾ। ਜਿਵੇਂ ਹੀ ਦੁਕਾਨਦਾਰ ਕੱਪੜਾ ਚੁੱਕਣ ਲਈ ਅੰਦਰ ਮੁੜਿਆ, ਉਨ੍ਹਾਂ ਵਿਚੋਂ ਇਕ ਨੌਜਵਾਨ ਦੁਕਾਨ ਦੇ ਬਾਹਰ ਰੱਖੇ 15 ਤੋਂ 20 ਸੂਟ ਚੁੱਕ ਕੇ ਲੈ ਗਿਆ ਅਤੇ ਆਪਣੇ ਸਾਥੀ ਨਾਲ ਮੋਟਰਸਾਈਕਲ 'ਤੇ ਮੌਕੇ ਤੋਂ ਭੱਜ ਗਿਆ। ਦੁਕਾਨਦਾਰ ਨੇ ਤੁਰੰਤ ਰੌਲਾ ਪਾਇਆ, ਜਿਸ ਨਾਲ ਨੇੜਲੇ ਦੁਕਾਨਦਾਰ ਇਕੱਠੇ ਹੋ ਗਏ ਪਰ ਉਦੋਂ ਤੱਕ ਉਹ ਨੌਜਵਾਨ ਗਾਇਬ ਹੋ ਗਏ ਸਨ। ਚੋਰੀ ਹੋਏ ਸੂਟਾਂ ਦੀ ਕੀਮਤ ਲੱਗਭਗ 10,000 ਤੋਂ 15,000 ਰੁਪਏ ਦੱਸੀ ਜਾ ਰਹੀ ਹੈ। ਇਸ ਘਟਨਾ ਤੋਂ ਬਾਅਦ ਵਪਾਰੀਆਂ ਨੇ ਆਪਣੀ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਸ਼ਹਿਰ 'ਚ ਅਪਰਾਧੀਆਂ ਦੇ ਦਿਲੋਂ ਪੁਲਸ ਦਾ ਡਰ ਖਤਮ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭੀੜ-ਭਾੜ ਵਾਲੇ ਇਲਾਕੇ 'ਚ ਦਿਨ-ਦਿਹਾੜੇ ਅਜਿਹੀਆਂ ਘਟਨਾਵਾਂ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕਰਦੀਆਂ ਹਨ। ਦੁਕਾਨਦਾਰਾਂ ਨੇ ਸ਼ਹਿਰ 'ਚ ਸਥਿਤੀ ਜੰਗਲ ਰਾਜ ਵਰਗੀ ਹੋਣ ਦਾ ਦਾਅਵਾ ਕਰਦੇ ਹੋਏ ਸੀਨੀਅਰ ਪੁਲਸ ਅਧਿਕਾਰੀਆਂ ਤੋਂ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਜਾਣਕਾਰੀ ਮਿਲਣ 'ਤੇ ਸਿਟੀ ਪੁਲਸ ਸਟੇਸ਼ਨ ਨੰਬਰ 1 ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਨੇੜਲੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਦੀ ਸਮੀਖਿਆ ਕਰਨੀ ਸ਼ੁਰੂ ਕਰ ਦਿੱਤੀ। ਪੁਲਸ ਨੇ ਨੌਜਵਾਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਬੁੱਢੇ ਨਾਲੇ 'ਚ ਤੈਰਦੀ ਮਿਲੀ ਨੌਜਵਾਨ ਦੀ ਲਾਸ਼, ਇਲਾਕੇ 'ਚ ਫੈਲੀ ਸਨਸਨੀ

**ਕੌਮੀ ਪਤ੍ਰਿਕਾ**

ਲੁਧਿਆਣਾ 8 ਜੁਲਾਈ। ਹੈਬੋਵਾਲ ਕਲਾਂ ਇਲਾਕੇ 'ਚ ਐਤਵਾਰ ਦੀ ਸਵੇਰ ਉਸ ਸਮੇਂ ਸਨਸਨੀ ਫੈਲ ਗਈ ਅਤੇ ਲੋਕਾਂ ਦੇ ਹੋਸ਼ ਉੱਡ ਗਏ, ਜਦੋਂ ਰਾਮ ਸ਼ਰਨਮ ਪੁਲੀ ਤੇ ਗੋਪਾਲ ਨਗਰ ਪੁਲੀ ਵਿਚਕਾਰ ਵਗਦੇ ਬੁੱਢਾ ਨਾਲਾ 'ਚ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਤੈਰਦੀ ਦਿਖਾਈ ਦਿੱਤੀ। ਨਾਲੇ 'ਚ ਲਾਸ਼ ਹੋਣ ਦੀ ਖ਼ਬਰ ਅੱਗ ਵਾਂਗ ਪੂਰੇ ਇਲਾਕੇ 'ਚ ਫੈਲ ਗਈ, ਜਿਸ ਤੋਂ ਬਾਅਦ ਮੌਕੇ 'ਤੇ ਸੈਂਕੜੇ ਸਥਾਨਕ ਲੋਕਾਂ ਦੀ ਭੀੜ ਇਕੱਠੀ ਹੋ ਗਈ। ਸੂਚਨਾ ਮਿਲਦਿਆਂ ਹੀ ਪੀ.ਸੀ.ਆਰ. ਅਤੇ ਥਾਣਾ ਹੈਬੋਵਾਲ ਦੀ ਪੁਲਸ ਟੀਮ ਭਾਰੀ ਫੋਰਸ ਸਮੇਤ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਇਨੀਂ ਦਿਨੀਂ ਬੁੱਢਾ ਨਾਲਾ ਦੀ ਸਫ਼ਾਈ ਦਾ ਕੰਮ ਚੱਲ ਰਿਹਾ ਹੈ, ਜਿਸ ਕਾਰਨ ਨਾਲੇ ਦੇ ਅੰਦਰ ਮਿੱਟੀ ਪਾਈ ਗਈ ਸੀ। ਐਤਵਾਰ ਸਵੇਰੇ ਕਰੀਬ 10 ਵਜੇ ਜਦੋਂ ਨਾਲੇ ਦਾ ਵਹਾਅ ਤੇਜ਼ ਸੀ ਤਾਂ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਵਹਿੰਦੀ ਹੋਈ ਆਈ ਤੇ ਉਸ ਮਿੱਟੀ ਦੇ ਢੇਰਾਂ ਕੋਲ ਆ ਕੇ ਫਸ ਗਈ। ਉੱਥੋਂ ਲੰਘ ਰਹੇ ਰਾਹਗੀਰਾਂ ਦੀ ਨਜ਼ਰ ਜਦੋਂ ਨਾਲੇ 'ਚ ਤੈਰਦੀ ਲਾਸ਼ 'ਤੇ ਪਈ ਤਾਂ ਉਨ੍ਹਾਂ ਨੇ ਤੁਰੰਤ ਰੌਲਾ ਪਾਇਆ ਤੇ ਪੁਲਸ ਕੰਟਰੋਲ ਰੂਮ ਨੂੰ ਇਸ ਦੀ ਅਧਿਕਾਰਤ ਸੂਚਨਾ ਦਿੱਤੀ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਦਾ ਮੁਢਲਾ ਅਨੁਮਾਨ ਹੈ ਕਿ ਮ੍ਰਿਤਕ ਦੀ ਮੌਤ ਕਰੀਬ 3 ਤੋਂ 4 ਦਿਨ ਪਹਿਲਾਂ ਹੋ ਚੁੱਕੀ ਹੈ, ਕਿਉਂਕਿ ਪਾਣੀ 'ਚ ਰਹਿਣ ਕਾਰਨ ਲਾਸ਼ ਕਾਫ਼ੀ ਫੁੱਲ ਚੁੱਕੀ ਸੀ। ਅਧਿਕਾਰੀਆਂ ਮੁਤਾਬਕ ਕਿਆਸ ਲਗਾਏ ਜਾ ਰਹੇ ਹਨ ਕਿ ਵਿਅਕਤੀ ਦੀ ਮੌਤ ਕਿਸੇ ਹੋਰ ਇਲਾਕੇ 'ਚ ਹੋਈ ਹੋਵੇਗੀ ਅਤੇ ਲਾਸ਼ ਬੁੱਢਾ ਨਾਲੇ ਦੇ ਤੇਜ਼ ਵਹਾਅ ਨਾਲ ਵਹਿ ਕੇ ਹੈਬੋਵਾਲ ਖੇਤਰ ਤੱਕ ਪਹੁੰਚ ਗਈ। ਕੁਝ ਲੋਕ ਇਸ ਨੂੰ ਹਾਦਸਾ ਮੰਨ ਰਹੇ ਹਨ ਤਾਂ ਕੁਝ ਇਸ ਨੂੰ ਖ਼ੌਫ਼ਨਾਕ ਸਾਜ਼ਿਸ਼ ਨਾਲ ਜੋੜ ਕੇ ਦੇਖ ਰਹੇ ਹਨ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਤੇ ਸ਼ਨਾਖ਼ਤ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ ਕੋਲੋਂ ਅਜਿਹਾ ਕੋਈ ਦਸਤਾਵੇਜ਼ ਨਹੀਂ ਮਿਲਿਆ ਹੈ, ਜਿਸ ਨਾਲ ਉਸ ਦੀ ਪਛਾਣ ਕੀਤੀ ਜਾ ਸਕੇ। ਲਾਸ਼ ਦੀ ਸ਼ਨਾਖ਼ਤ ਲਈ ਪੁਲਸ ਨੇ ਲੁਧਿਆਣਾ ਕਮਿਸ਼ਨਰੇਟ ਦੇ ਸਾਰੇ ਥਾਣਿਆਂ ਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ 'ਚ ਅਲਰਟ ਜਾਰੀ ਕਰ ਦਿੱਤਾ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਸਹੀ ਕਾਰਨਾਂ ਤੇ ਹਾਲਾਤਾਂ ਦਾ ਪਤਾ ਲੱਗ ਸਕੇਗਾ।

## ਚੋਰਾਂ ਦੇ ਹੌਸਲੇ ਬੁਲੰਦ, ਸ਼ਰਾਬ ਦੇ ਠੇਕੇ ਤੋਂ ਲੱਖਾਂ ਰੁਪਏ ਦੀ ਮਹਿੰਗੀ ਸ਼ਰਾਬ ਕੀਤੀ ਚੋਰੀ

ਗੁਰਦਾਸਪੁਰ 8 ਜੁਲਾਈ। ਬੀਤੀ ਰਾਤ ਦਾਣਾ ਮੰਡੀ ਧਾਰੀਵਾਲ ਸਥਿਤ ਸ਼ਰਾਬ ਦੇ ਠੇਕੇ ਤੋਂ ਲੱਖਾਂ ਰੁਪਏ ਦੀ ਮਹਿੰਗੀ ਸ਼ਰਾਬ ਚੋਰੀ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ । ਚੋਰਾਂ ਨੇ ਤਸੱਲੀ ਨਾਲ ਸ਼ਰਾਬ ਦੀ ਦੁਕਾਨ ਦਾ ਸ਼ਟਰ ਤੋੜਿਆਂ ਅਤੇ ਚੁਣ-ਚੁਣ ਕੇ ਮਹਿੰਗੀ ਸ਼ਰਾਬ ਦੀ ਬੋਲਤਾਂ ਅਤੇ ਪੇਟੀਆਂ ਚੋਰੀ ਕੀਤੀਆਂ । ਸ਼ਰਾਬ ਦੇ ਠੇਕੇ ਦੇ ਕੰਮ ਕਰਦੇ ਮੁਲਾਜ਼ਮ ਸੁਰਿੰਦਰ ਕੁਮਾਰ ਅਤੇ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਹ ਰਾਤ ਕਰੀਬ 11 ਵਜੇ ਰੋਜ਼ਾਨਾ ਵਾਂਗ ਦੁਕਾਨ ਦੇ ਸ਼ਟਰ ਨੂੰ ਬੰਦ ਕਰਕੇ ਤਾਲਾ ਮਾਰ ਕੇ ਗਏ ਸਨ ਅਤੇ ਸਵੇਰ ਸਾਰ ਕਿਸੇ ਨੇ ਫੋਨ ਕੀਤਾ ਤਾਂ ਸ਼ਰਾਬ ਦੀ ਦੁਕਾਨ ਦਾ ਸ਼ਟਰ ਟੁੱਟਾ ਹੋਇਆ ਹੈ, ਜਦਕਿ ਆ ਕੇ ਵੇਖਿਆ ਤਾਂ ਠੇਕੇ ਵਿੱਚੋਂ ਲੱਖਾਂ ਰੁਪਏ ਦੀ ਮਹਿੰਗੀ ਸ਼ਰਾਬ ਗਾਇਬ ਹੈ। ਇੰਨਾ ਹੀ ਨਹੀਂ ਸ਼ਰਾਬ ਦੇ ਠੇਕੇ ਸਾਹਮਣੇ ਅਮਨਦੀਪ ਟੀ ਸਟਾਲ ਦੇ ਸ਼ਟਰ ਭੰਨ ਚੋਰਾਂ ਨੇ ਖਾਣ-ਪੀਣ ਵਾਲਾ ਸਾਮਾਨ ਅਤੇ ਗੱਲੇ 'ਚ ਪਈ ਨਕਦੀ ਵੀ ਚੋਰੀ ਕਰ ਲਈ, ਜਿਸ ਨਾਲ ਇਸ ਦੁਕਾਨਦਾਰ ਦਾ ਹਜ਼ਾਰ ਰੁਪਏ ਦਾ ਨੁਕਸਾਨ ਹੋ ਗਿਆ । ਇਕੱਠੇ ਹੋਏ ਦੁਕਾਨਦਾਰਾਂ ਨੇ ਪੁਲਸ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਰਾਤ ਸਮੇਂ ਪੁਲਸ ਦੀ ਗਸ਼ਤ ਵਧਾਈ ਜਾਵੇ ਤਾਂ ਜੋ ਬਾਰ-ਬਾਰ ਹੁੰਦੀਆਂ ਚੋਰੀ ਦੀਆਂ ਘਟਨਾਵਾਂ ਨੂੰ ਰੋਕਿਆ ਜਾਵੇ । ਚੋਰੀ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀ ਏ.ਐੱਸ.ਆਈ. ਗੁਰਦੀਪ ਸਿੰਘ ਨੇ ਕਿਹਾ ਕਿ ਨੇੜੇ ਲੱਗੇ ਸੀ.ਸੀ.ਟੀ.ਵੀ.ਕੈਮਰੇ ਖੰਗਾਲ ਕੇ ਚੋਰਾਂ ਨੂੰ ਜਲਦ ਕਾਬੂ ਕੀਤਾ ਜਾਵੇਗਾ । ਉਨ੍ਹਾਂ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਂਝੇ ਤੌਰ ਤੇ ਇਕ ਚੌਕੀਦਾਰ ਰੱਖਣ ਅਤੇ ਹਰ ਦੁਕਾਨਦਾਰ 'ਚ ਸੀ.ਸੀ.ਸੀ.ਵੀ ਕੈਮਰੇ ਲਗਾਉਣ ਤਾਂ ਜੋ ਅਜਿਹੀ ਘਟਨਾਵਾਂ ਵਾਪਰਨ ਤੋਂ ਬਚਿਆ ਜਾ ਸਕੇ।

# ਪੰਜਾਬ 'ਚ ਘਰ ਦੇ ਬਾਹਰ ਖੜ੍ਹੇ ਮੁੰਡੇ ਦਾ ਬੇਰਹਿਮੀ ਨਾਲ ਕਤਲ

ਲੁਧਿਆਣਾ 8 ਜੁਲਾਈ। ਲੁਧਿਆਣਾ ਤੋਂ ਰੂਹ ਕੰਬਾਊ ਤੇ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਘਰ ਦੇ ਬਾਹਰ ਗਲੀ ਵਿਚ ਖੜ੍ਹੇ ਇਕ ਨੌਜਵਾਨ ਦਾ ਬਦਮਾਸ਼ਾਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਇੰਦਰਜੀਤ ਸਿੰਘ ਉਰਫ਼ ਚੰਨੀ ਵਜੋਂ ਹੋਈ ਹੈ। ਪੁਲਸ ਨੇ ਹਮਲਾਵਰਾਂ ਦੇ ਖ਼?ਲਾਫ਼ ਕਤਲ ਸਮੇਤ ਹੋਰ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਇੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਇੰਦਰਜੀਤ ਸਿੰਘ ਉਰਫ਼ ਚੰਨੀ ਘਰ ਦੇ ਬਾਹਰ ਗਲੀ ਵਿਚ ਖੜ੍ਹਾ ਸੀ। ਇਸੇ ਦੌਰਾਨ ਅਚਾਨਕ ਗਲੀ ਵਿਚ ਚੀਕ-ਚਿਹਾੜਾ ਸੁਣ ਕੇ ਜਦੋਂ ਉਹ ਆਪਣੇ ਬਜ਼ੁਰਗ ਮਾਪਿਆਂ ਸਮੇਤ ਬਾਹਰ ਗਿਆ ਤਾਂ ਉਨ੍ਹਾਂ ਦੇ ਹੋਸ਼ ਹੀ ਉੱਡ ਗਏ। ਗਲੀ ਵਿਚ ਉਸ ਦਾ ਭਰਾ ਇੰਦਰਜੀਤ ਸਿੰਘ ਉਰਫ਼ ਚੰਨੀ ਖ਼ੂਨ ਨਾਲ ਲਥਪਥ ਪਿਆ ਸੀ ਤੇ ਮੁੱਖ ਮੁਲਜ਼ਮ ਰਵੀ ਕੁਮਾਰ ਆਪਣੇ ਅਣਪਛਾਤੇ ਗੁੰਡਿਆਂ ਦੇ ਨਾਲ ਰਲ? ਕੇ ਮਾਰੂ ਹਥਿਆਰਾਂ ਨਾਲ ਉਸ 'ਤੇ ਵਾਰ ਕਰ ਰਿਹਾ ਸੀ। ਪਰਿਵਾਰ ਨੇ ਹਿੰਮਤ ਦਿਖਾਉਂਦਿਆਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸ਼ਾਂ ਨੇ ਉਸ ਦੇ ਬਜ਼ੁਰਗ ਮਾਪਿਆਂ 'ਤੇ ਵੀ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਤੇ ਬੇਰਹਿਮੀ ਨਾਲ ਕੁੱਟਮਾਰ ਕੀਤੀ। ਜਦੋਂ ਆਲੇ-ਦੁਆਲੇ ਦੇ ਲੋਕ ਇਕੱਠੇ ਹੋਣ ਲੱਗੇ ਤਾਂ ਮੁਲਜ਼ਮ ਹਵਾ ਵਿਚ ਹਥਿਆਰ ਲਹਿਰਾਉਂਦਿਆਂ ਪੂਰੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਫ਼ਰਾਰ ਹੋ ਗਏ। ਵਾਰਦਾਤ ਦੇ ਤੁਰੰਤ ਬਾਅਦ ਪਰਿਵਾਰ ਖ਼ੂਨ ਨਾਲ ਲਥਪਥ ਇੰਦਰਜੀਤ ਸਿੰਘ ਉਰਫ਼ ਚੰਨੀ ਨੂੰ ਲੈ ਕੇ ਤੁਰੰਤ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਪਹੁੰਚੇ। ਇਲਾਜ ਦੌਰਾਨ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਚੰਨੀ ਦੀ ਮੌਤ ਹੋ ਗਈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੇ ਪੁਰਾਣੀ ਕ੍ਰਿਮੀਨਲ ਰਿਕਾਰਡ ਵੀ ਖੰਗਾਲੇ ਜਾ ਰਹੇ ਹਨ। ਪੁਲਸ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ ਤੇ ਮੁਲਜ਼ਮਾਂ ਦੀ ਭਾਲ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ।

## ਝੱਜਰ 'ਚ ਇੰਟਰਨੈਸ਼ਨਲ ਸਕੂਲ ਨੇੜੇ ਮਿਲੀਆਂ 2 ਲਾਸ਼ਾਂ ! ਇਲਾਕੇ 'ਚ ਫੈਲੀ ਸਨਸਨੀ

ਝੱਜਰ 8 ਜੁਲਾਈ। ਹਰਿਆਣਾ 'ਚ ਝੱਜਰ-ਗੁਰੂਗ੍ਰਾਮ ਮਾਰਗ 'ਤੇ ਸੋਮਵਾਰ ਨੂੰ ਸਹਿਵਾਗ ਇੰਟਰਨੈਸ਼ਨਲ ਸਕੂਲ ਕੋਲ ਸੜਕ ਕਿਨਾਰੇ 2 ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਨਾਲ ਖੇਤਰ 'ਚ ਸਨਸਨੀ ਫੈਲ ਗਈ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਹਾਦਸੇ ਵਾਲੀ ਜਗ?ਹਾ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ। ਹਾਦਸੇ ਵਾਲੀ ਜਗ?ਹਾ ਕੋਲ ਇਕ ਪਾਈਪ ਅਤੇ ਇਕ ਡਰੰਮ ਵੀ ਮਿਲਿਆ ਹੈ। ਸ਼ੁਰੂਆਤੀ ਜਾਂਚ 'ਚ ਪੁਲਸ ਨੂੰ ਸ਼ੱਕ ਹੈ ਕਿ ਦੋਵਾਂ ਦਾ ਕਤਲ ਕਿਤੇ ਹੋਰ ਕਰਨ ਤੋਂ ਬਾਅਦ ਲਾਸ਼ਾਂ ਇੱਥੇ ਸੁੱਟ ਦਿੱਤੀਆਂ ਗਈਆਂ ਹਨ। ਹਾਲਾਂਕਿ ਪਲੁਸ ਨੇ ਅਜੇ ਤੱਕ ਕਤਲ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਹੈ ਅਤੇ ਸਾਰੇ ਪਹਿਲੂਆਂ ਨੂੰ ਧਿਆਨ 'ਚ ਰੱਖ ਕੇ ਜਾਂਚ ਕਰ ਰਹੀ ਹੈ। ਸੂਚਨਾ ਮਿਲਣ 'ਤੇ ਫੋਰੈਂਸਿਕ ਸਾਇੰਸ ਲੈਬ (ਐੱਫਐੱਸਐੱਲ) ਦੀ ਟੀਮ ਵੀ ਮੌਕੇ 'ਤੇ ਪਹੁੰਚੀ ਅਤੇ ਹਾਦਸੇ ਵਾਲੀ ਜਗ?ਹਾ ਤੋਂ ਸਬੂਤ ਜੁਟਾਏ। ਪੁਲਸ ਨੇੜੇ-ਤੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਜਾਂਚ ਰਹੀ ਹੈ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਲਾਸ਼ਾਂ ਇੱਥੇ ਕਿਵੇਂ ਪਹੁੰਚੀਆਂ ਅਤੇ ਵਾਰਦਾਤ 'ਚ ਕਿਹੜੇ ਲੋਕ ਸ਼ਾਮਲ ਹੋ ਸਕਦੇ ਹਨ। ਫਿਲਹਾਲ ਦੋਵੇਂ ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ ਹੈ। ਪੁਲਸ ਨੇੜੇ-ਤੇੜੇ ਦੇ ਜ਼ਿਲ੍ਹਿਆਂ 'ਚ ਦਰਜ ਗੁੰਮਸ਼ੁਦਗੀ ਦੇ ਮਾਮਲਿਆਂ ਦਾ ਵੀ ਮਿਲਾਨ ਕਰ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਟਰ ਅਤੇ ਫੋਰੈਂਸਿਕ ਜਾਂਚ ਤੋਂ ਬਾਅਦ ਹੀ ਮੌਤ ਦੇ ਕਾਰਨਾਂ ਅਤੇ ਪੂਰੇ ਘਟਨਾਕ੍ਰਣ ਦਾ ਖੁਲਾਸਾ ਹੋ ਸਕੇਗਾ।

## ਪੰਜਾਬ 'ਚ ਚਲਾਨ ਭਰਨ ਨੂੰ ਲੈ ਕੇ ਵੱਡਾ ਬਦਲਾਅ, ਨਵੀਂ ਨੋਟੀਫਿਕੇਸ਼ਨ ਜਾਰੀ, ਵਾਹਨ ਚਾਲਕ ਹੋ ਜਾਣ ਸਾਵਧਾਨ

ਲੁਧਿਆਣਾ 8 ਜੁਲਾਈ। ਪੰਜਾਬ ਦੇ ਟਰਾਂਸਪੋਰਟ ਵਿਭਾਗ ਵੱਲੋਂ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ਼ ਇੱਕ ਬੇਹੱਦ ਸਖ਼ਤ ਕਦਮ ਚੁੱਕਿਆ ਗਿਆ ਹੈ। ਵਿਭਾਗ ਵੱਲੋਂ ਜਾਰੀ ਨਵੀਂ ਨੋਟੀਫਿਕੇਸ਼ਨ ਮੁਤਾਬਕ ਹੁਣ ਨਾਬਾਲਗ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣਾ ਸਮੇਤ ਕਈ ਗੰਭੀਰ ਟ?ਰੈਫਿਕ ਜ਼ੁਰਮਾਂ ਦੇ ਚਲਾਨ ਮੌਕੇ 'ਤੇ ਜਾਂ ਆਰ. ਟੀ. ਓ. ਦਫ਼ਤਰ 'ਚ ਨਹੀਂ ਭੁਗਤੇ ਜਾ ਸਕਣਗੇ। ਇਨ੍ਹਾਂ ਸਾਰੇ ਜ਼ੁਰਮਾਂ ਨੂੰ ਹੁਣ ਨਾਨ-ਕੰਪਾਊਂਡੇਬਲ ਸ਼੍ਰੇਣੀ 'ਚ ਪਾ ਦਿੱਤਾ ਗਿਆ ਹੈ, ਜਿਸ ਦਾ ਮਤਲਬ ਹੈ ਕਿ ਇਨ੍ਹਾਂ ਦਾ ਨਿਪਟਾਰਾ ਹੁਣ ਸਿਰਫ਼ ਅਦਾਲਤ ਰਾਹੀਂ ਹੀ ਹੋਵੇਗਾ। ਨਵੇਂ ਨਿਯਮਾਂ ਤਹਿਤ ਹੇਠ ਲਿਖੇ ਜ਼ੁਰਮਾਂ ਨੂੰ ਕੰਪਾਊਂਡੇਬਲ ਸੂਚੀ ਵਿੱਚੋਂ ਹਟਾ ਕੇ ਸਿੱਧਾ ਅਦਾਲਤੀ ਕਾਰਵਾਈ ਦੇ ਦਾਇਰੇ 'ਚ ਲਿਆਂਦਾ ਗਿਆ ਹੈ, ਜਿਵੇਂ ਨਾਬਾਲਗ ਬੱਚਿਆਂ ਵਲੋਂ ਵਾਹਨ ਚਲਾਉਣਾ, ਸ਼ਰਾਬ ਜਾਂ




ਕਿਸੇ ਹੋਰ ਨਸ਼ੇ ਦੇ ਪ੍ਰਭਾਵ ਹੇਠ ਗੱਡੀ ਚਲਾਉਣਾ, ਰੈੱਡ ਲਾਈਟ ਜੰਪ ਕਰਨਾ, ਸਟਾਪ ਸਾਈਨ ਦੀ ਉਲੰਘਣਾ ਅਤੇ ਟ?ਰੈਫਿਕ ਦੀ ਉਲਟ ਦਿਸ਼ਾ 'ਚ ਵਾਹਨ ਚਲਾਉਣਾ ਆਦਿ। ਇਸ ਨਵੇਂ ਬਦਲਾਅ ਕਾਰਨ ਹੁਣ ਟ?ਰੈਫਿਕ ਪੁਲਸ ਅਜਿਹੇ ਮਾਮਲਿਆਂ 'ਚ ਚਲਾਨ ਸਿੱਧੇ ਅਦਾਲਤ ਨੂੰ ਭੇਜੇਗੀ, ਜਿੱਥੇ ਦੋਸ਼ੀਆਂ ਨੂੰ ਭਾਰੀ ਜੁਰਮਾਨਾ ਦੇਣਾ ਪਵੇਗਾ। ਸਭ ਤੋਂ ਅਹਿਮ ਗੱਲ ਇਹ ਹੈ ਕਿ ਕੁੱਝ ਮਾਮਲਿਆਂ 'ਚ ਸਖ਼ਤ ਸਜ਼ਾ ਦੀ ਵਿਵਸਥਾ ਵੀ ਕੀਤੀ ਗਈ ਹੈ। ਉਦਾਹਰਣ ਵਜੋਂ ਜੇਕਰ ਕੋਈ ਨਾਬਾਲਗ ਵਾਹਨ ਚਲਾਉਂਦਾ ਫੜਿ ਆ ਜਾਂਦਾ ਹੈ ਤਾਂ ਉਸ ਦੇ ਮਾਪਿਆਂ ਨੂੰ ਵੀ ਜੁਰਮਾਨਾ ਜਾਂ ਜੇਲ੍ਹ ਦੀ ਸਜ਼ਾ ਭੁਗਤਣੀ ਪੈ ਸਕਦੀ ਹੈ। ਸੜਕੀ ਹਾਦਸਿਆਂ ਨੂੰ ਰੋਕਣ ਅਤੇ ਲੋਕਾਂ 'ਚ ਟ?ਰੈਫਿਕ ਨਿਯਮਾਂ ਪ੍ਰਤੀ ਡਰ ਅਤੇ ਜ਼ਿੰਮੇਵਾਰੀ ਪੈਦਾ ਕਰਨ ਲਈ ਸਰਕਾਰ ਦਾ ਇਹ ਫ਼ੈਸਲਾ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ।

## ਡੋਪ ਟੈਸਟ 'ਚ 4 ਨੌਜਵਾਨ ਪਾਜ਼ੇਟਿਵ, ਮਾਮਲਾ ਦਰਜ

ਡੇਰਾਬੱਸੀ 8 ਜੁਲਾਈ। ਡੇਰਾਬੱਸੀ ਪੁਲਸ ਨੇ ਵੱਖ-ਵੱਖ ਕਾਰਵਾਈਆਂ ਦੌਰਾਨ ਨਸ਼ਾ ਕਰਨ ਦੇ ਸ਼ੱਕ ਹੇਠ 4 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਡੋਪ ਟੈਸਟ ਕਰਵਾਏ। ਡੋਪ ਟੈਸਟ ਪਾਜ਼ੇਟਿਵ ਆਉਣ ਤੋਂ ਬਾਅਦ ਸਾਰਿਆਂ ਖ਼?ਲਾਫ਼ ਕੇਸ ਦਰਜ ਕਰ ਲਿਆ ਗਿਆ। ਮੁਲਜ਼ਮਾਂ ਦੀ ਪਛਾਣ ਵਿਸ਼ੂ ਸ਼ਰਮਾ ਵਾਸੀ ਜ਼ੀਰਕਪੁਰ, ਪ੍ਰਿੰਸ ਵਾਸੀ ਜ਼ੀਰਕਪੁਰ, ਰਵਿੰਦਰ ਕੁਮਾਰ ਵਾਸੀ ਜ਼ਿਲ੍ਹਾ ਸਮਸਤੀਪੁਰ ਬਿਹਾਰ ਤੇ ਅਜੈ ਵਰਮਾ ਡੇਰਾਬੱਸੀ ਵਜੋਂ ਹੋਈ ਹੈ। ਪਹਿਲੇ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਦਿਲਬਾਗ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਡੇਰਾਬੱਸੀ ਦੇ ਦੁਸਹਿਰਾ ਗਰਾਊਂਡ ਨੇੜੇ ਗਸ਼ਤ ਕਰਦੇ ਹੋਏ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ ਸਕਾਰਪੀਓ ਗੱਡੀ 'ਚ ਸਵਾਰ ਵਿਅਕਤੀਆਂ ਤੋਂ ਇਤਰਾਜ਼ਯੋਗ ਵਸਤੂ ਬਰਾਮਦ ਨਹੀਂ ਹੋਈ। ਸਿਵਲ ਹਸਪਤਾਲ ਡੇਰਾਬੱਸੀ 'ਚ ਕਰਵਾਏ ਡੋਪ ਟੈਸਟ 'ਚ ਤਿੰਨਾਂ ਦੀ ਰਿਪੋਰਟ ਪਾਜ਼ੇਟਿਵ ਆਈ, ਜਿਸ ਦੇ ਆਧਾਰ 'ਤੇ ਤਿੰਨਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ। ਦੂਜੇ ਮਾਮਲੇ ਮੁਖ਼ਬਰ ਖ਼ਾਸ ਦੀ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਤੁਰੰਤ ਛਾਪੇਮਾਰੀ ਕਰਕੇ ਅਜੈ ਵਰਮਾ ਵਾਸੀ ਮੀਰਪੁਰ-ਮੁਬਾਰਕਪੁਰ ਡੇਰਾਬੱਸੀ ਨੂੰ ਕਾਬੂ ਕਰ ਲਿਆ।

# ਕਾਰੀਗਰਾਂ ਵੱਲੋਂ ਫੈਕਟਰੀ ਮਾਲਕ ਨਾਲ 5 ਲੱਖ ਰੁਪਏ ਦੀ 'ਠੱਗੀ'

**ਕੌਮੀ ਪਤ੍ਰਿਕਾ**

ਲੁਧਿਆਣਾ 8 ਜੁਲਾਈ। ਥਾਣਾ ਦਰੇਸੀ ਦੇ ਇਲਾਕੇ ਬਾਲ ਸਿੰਘ ਨਗਰ ਦੇ ਇਕ ਫੈਕਟਰੀ ਮਾਲਕ ਨੇ 4 ਕਾਰੀਗਰਾਂ ਨੂੰ ਜੈਕਟਾਂ ਬਣਾਉਣ ਦੀ ਏਵਜ ਵਿਚ 5 ਲੱਖ ਰੁਪਏ ਦਿੱਤੇ, ਪਰ ਕਾਰੀਗਰਾਂ ਨੇ ਜੈਕਟਾਂ ਬਣਾ ਕੇ ਨਹੀਂ ਦਿੱਤੀਆਂ ਤੇ ਲੁਧਿਆਣਾ ਤੋਂ ਬਿਹਾਰ ਫ਼ਰਾਰ ਹੋ ਗਏ। ਫੈਕਟਰੀ ਮਾਲਕ ਕਾਰੀਗਰਾਂ ਦੀ ਭਾਲ ਵਿਚ ਬਿਹਾਰ ਪਹੁੰਚਿਆ ਤੇ ਬਿਹਾਰ ਪੁਲਸ ਅੱਗੇ ਇਨਸਾਫ਼ ਦੀ ਗੁਹਾਰ ਲਗਾਈ। ਬਿਹਾਰ ਪੁਲਸ ਨੇ ਇਕਬਾਲ ਸਿੰਘ ਦੇ ਬਿਆਨਾਂ 'ਤੇ ਜਾਬਿਰ ਹੁਸੈਨ, ਸਾਬਿਰ, ਰਕਿਬੁਲ ਅੰਸਾਰੀ ਅਤੇ ਮੁਹੰਮਦ ਸਾਬਿਤ ਵਾਸੀ ਪਿੰਡ ਖੋਖਸੀ ਜ਼ਿਲ੍ਹਾ ਪਰਿਹਾਰ ਜ਼ਿਲ੍ਹਾ ਸੀਤਾਮੜ੍ਹੀ ਬਿਹਾਰ ਦੇ ਖ਼?ਲਾਫ਼ ਜ਼ੀਰੋ ਐੱਫ. ਆਈ. ਆਰ. ਦਰਜ ਕਰ ਕੇ ਲੁਧਿਆਣਾ ਪੁਲਸ ਨੂੰ ਰੈਫ਼ਰ ਕਰ ਦਿੱਤਾ ਹੈ। ਹੁਣ ਕੇਸ ਥਾਣਾ ਦਰੇਸੀ ਦੀ ਪੁਲਸ ਕੋਲ ਆ ਗਿਆ ਹੈ। ਪੀੜਤ ਫੈਕਟਰੀ




ਮਾਲਕ ਇਕਬਾਲ ਸਿੰਘ ਨੇ ਦੱਸਿਆ ਕਿ ਉਹ ਫੈਕਟਰੀ ਸੰਚਾਲਕ ਹੈ। ਮਾਰਕੀਟ ਤੋਂ ਪੈਸਾ ਚੁੱਕ ਕੇ ਉਸ ਨੇ ਕਾਰੀਗਰਾਂ ਨੂੰ ਐਡਵਾਂਸ ਪੈਸੇ ਦਿੱਤੇ, ਜਿਸ ਦੇ ਬਦਲੇ ਕਾਰੀਗਰਾਂ ਨੇ ਉਸ ਨੂੰ ਜੈਕਟਾਂ ਦਾ ਮਾਲ ਸਿਉਂ ਕੇ ਦੇਣਾ ਸੀ, ਪਰ ਮੁਲਜ਼ਮ ਕਾਰੀਗਰਾਂ ਨੇ ਨਾ ਤਾਂ ਉਸ ਨੂੰ ਜੈਕਟ ਦਾ ਮਾਲ ਦਿੱਤਾ ਤੇ ਨਾ ਹੀ ਪੈਸੇ ਵਾਪਸ ਕੀਤੇ। ਚਾਰੋ ਮੁਲਜ਼ਮ ਕਾਰੀਗਰਾਂ ਨੇ ਉਸ ਨੂੰ ਧੋਖਾ ਦਿੱਤਾ ਤੇ 5 ਲੱਖ ਰੁਪਏ ਲੈ ਕੇ ਫ਼ਰਾਰ ਹੋ ਗਏ। ਜਾਂਚ ਅਧਿਕਾਰੀ ਹਰਪਾਲ ਸਿੰਘ ਨੇ ਦੱਸਿਆ ਕਿ ਬਿਹਾਰ ਪੁਲਸ ਨੇ ਚਾਰੇ ਮੁਲਜ਼ਮਾਂ ਦੇ ਖ਼?ਲਾਫ਼ ਜ਼ੀਰੋ ਐੱਫ. ਆਈ. ਆਰ. ਦਰਜ ਕੀਤੀ ਹੈ। ਬਾਲ ਸਿੰਘ ਨਗਰ ਇਲਾਕੇ ਦੇ ਰਹਿਣ ਵਾਲੇ ਇਕਬਾਲ ਸਿੰਘ ਨੇ ਕੰਮ ਕਰਨ ਦੇ ਬਦਲੇ ਕਾਰੀਗਰਾਂ ਨੂੰ 5 ਲੱਖ ਰੁਪਏ ਦਿੱਤੇ, ਪਰ ਉਕਤ ਕਾਰੀਗਰ ਪੈਸੇ ਲੈ ਕੇ ਫ਼ਰਾਰ ਹੋ ਗਏ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਛੇਤੀ ਹੀ ਮੁਲਜ਼ਮ ਕਾਰੀਗਰਾਂ ਨੂੰ ਬਿਹਾਰ ਤੋਂ ਕਾਬੂ ਕਰ ਕੇ ਲੁਧਿਆਣਾ ਲਿਜਾਇਆ ਜਾਵੇਗਾ।

## ਕੁੱਤਿਆਂ ਨੇ ਜਵਾਕੜੀ ਨੂੰ ਨੋਚ-ਨੋਚ ਮਾਰਿਆ

ਟਾਂਡਾ ਉੜਮੁੜ 8 ਜੁਲਾਈ। ਪਿੰਡ ਓਹੜਪੁਰ-ਬਸੀ ਜਲਾਲ ਸੰਪਰਕ ਸੜਕ 'ਤੇ ਬੀਤੀ ਦੇਰ ਸ਼ਾਮ ਅਵਾਰਾ ਕੁੱਤਿਆਂ ਨੇ ਪ੍ਰਵਾਸੀ ਖੇਤ ਮਜ਼ਦੂਰਾਂ ਦੀ ਕਰੀਬ 4 ਵਰ੍ਹ?ਆਂ ਦੀ ਜਵਾਕੜੀ ਨੂੰ ਨੋਚ-ਨੋਚ ਕੇ ਮਾਰ ਮੁਕਾ ਦਿੱਤਾ ਹੈ। ਮ੍ਰਿਤਕਾ ਦੀ ਪਛਾਣ ਗੁਣਗੁਣ ਦੇ ਰੂਪ ਵਿਚ ਹੋਈ ਹੈ। ਇਹ ਦਰਦਨਾਕ ਹਾਦਸਾ ਸ਼ਾਮ ਸਾਢੇ 5 ਵਜੇ ਦੇ ਕਰੀਬ ਉਸ ਵੇਲੇ ਵਾਪਰਿਆ ਜਦੋਂ ਧਿਆਨਪੁਰ (ਲਖੀਮਪੁਰ ਖੀਰੀ) ਉੱਤਰ ਪ੍ਰਦੇਸ਼ ਨਾਲ ਸੰਬੰਧਤ ਖੇਤ ਮਜ਼ਦੂਰ ਉਕਤ ਸੰਪਰਕ ਸੜਕ ਅਤੇ ਪੋਲਟਰੀ ਫਾਰਮ ਨਜ਼ਦੀਕ ਕਿਸੇ ਕਿਸਾਨ ਦੇ ਖੇਤ ਵਿਚ ਝੋਨਾ ਲਗਾ ਰਹੇ ਸਨ ਅਤੇ ਉਨ੍ਹਾਂ ਵਿੱਚੋ ਰਾਮ ਜੀਵਨ ਅਤੇ ਪ੍ਰੀਤੀ ਨੇ ਆਪਣੀ ਬੱਚੀ ਗੁਣਗੁਣ ਨੂੰ ਕਰੀਬ 100 ਮੀਟਰ ਦੂਰ ਮੋਟਰ ਅਤੇ ਦਰੱਖ਼ਤ ਦੀ ਛਾ ਥੱਲੇ ਪਾਇਆ ਸੀ। ਇਸ ਦੌਰਾਨ 7 ਦੇ ਕਰੀਬ ਅਵਾਰਾ ਕੁੱਤਿਆਂ ਨੇ ਬੱਚੀ 'ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਥੋੜ੍ਹੀ ਦੂਰ ਘੜੀਸ ਕੇ ਲੈ ਗਏ। ਬੱਚੀ ਦੀਆਂ ਚੀਕਾਂ ਸੁਣ ਉਸ ਦੇ ਮਾਤਾ-ਪਿਤਾ ਅਤੇ ਪਰਿਵਾਰ ਦੇ ਹੋਰ ਮੈਂਬਰ ਮੌਕੇ 'ਤੇ ਪਹੁੰਚੇ ਅਤੇ ਵੇਖਿਆ ਕਿ ਗੁਣਗੁਣ ਬੇਹੱਦ ਗੰਭੀਰ ਰੂਪ ਵਿਚ ਜ਼ਖ਼ਮੀ ਹੋਈ ਪਈ ਸੀ। ਉਸ ਨੂੰ ਉਨ੍ਹਾਂ ਟਾਂਡਾ ਦੇ ਸਰਕਾਰੀ ਹਸਪਤਾਲ ਲਿਆਂਦਾ ਪਰ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਹੁਸ਼ਿਆਰਪੁਰ ਰੈਫਰ ਕੀਤਾ ਗਿਆ

# ਕਤਲ, ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦਾ ਪਰਦਾਫ਼ਾਸ਼, 5 ਮੁਲਜ਼ਮ ਹਥਿਆਰਾਂ ਸਮੇਤ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਸੰਗਰੂਰ 8 ਜੁਲਾਈ। ਸੰਗਰੂਰ ਵਿਚ ਕਤਲ ਅਤੇ ਲੁੱਟਾਂਖੋਹਾਂ ਕਰਨ ਵਾਲੇ ਗਿਰੋਹ ਦਾ ਪਰਦਾਫ਼ਾਸ਼ ਕੀਤਾ ਗਿਆ ਹੈ। 5 ਮੁਲਜ਼ਮ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤੇ ਗਏ ਹਨ। ਡਾ. ਰਵਜੋਤ ਗਰੇਵਾਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਖ਼?ਲਾਫ਼ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਲੌਂਗੋਵਾਲ ਦੇ ਖੇਤਰ ਵਿੱਚੋਂ ਕਤਲ, ਇਰਾਦਾ ਕਤਲ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦਾ ਪਰਦਾਫ਼ਾਸ਼ ਕਰਕੇ 5 ਮੁਲਜ਼ਮਾਂ ਨੂੰ ਕਾਬੂ ਕੀਤਾ। ਮੁਲਜ਼ਮਾਂ ਕੋਲੋਂ 2 ਪਿਸਤੌਲਾਂ 32 ਬੋਰ ਦੇਸੀ ਸਮੇਤ 4 ਜ਼ਿੰਦਾ ਰੌਂਦ, 1 ਪਿਸਤੌਲ 315 ਬੋਰ ਦੇਸੀ ਸਮੇਤ 2 ਜ਼ਿੰਦਾ ਰੌਂਦ, 1 ਪਿਸਤੌਲ 30 ਬੋਰ ਦੇਸੀ, 1 ਰਾਈਫਲ 12 ਬੋਰ ਸਮੇਤ 3 ਰੌਂਦ, 1 ਖਪਰਾ ਅਤੇ 4 ਪਾਈਪ ਲੋਹਾ ਬਰਾਮਦ ਕਰਵਾਏ ਗਏ। ਡਾ. ਗਰੇਵਾਲ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਵਿੰਦਰ ਅੱਤਰੀ, ਕਪਤਾਨ ਪੁਲਸ (ਇਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ. ਆਈ. ਏ. ਸੰਗਰੂਰ ਦੀ ਟੀਮ ਨੂੰ ਉਸ ਸਮੇਂ ਸਫ਼ਲਤਾ ਮਿਲੀ, ਜਦੋਂ ਮਿਤੀ 23 ਜੂਨ ਨੂੰ ਮੁਖ਼ਬਰ ਖ਼ਾਸ ਦੀ ਇਤਲਾਹ ਮਿਲੀ ਕਿ ਕੁਲਜੀਤ ਸਿੰਘ ਉਰਫ਼ ਟੁੱਲੂ ਪੁੱਤਰ ਸਤਨਾਮ ਸਿੰਘ ਵਾਸੀ ਨੇੜੇ ਵਾਲਮੀਕਿ ਮੰਦਿਰ ਮੰਗਵਾਲ, ਮਨਜਿੰਦਰ ਸਿੰਘ ਉਰਫ਼ ਮਨੀ ਪੁੱਤਰ ਬਿੱਕਰ ਸਿੰਘ ਵਾਸੀ ਉਭਾਵਾਲ, ਹਰਪ੍ਰੀਤ ਸਿੰਘ ਉਰਫ਼ ਅਨਮੋਲ ਪੁੱਤਰ ਜਗਤਾਰ ਸਿੰਘ ਵਾਸੀ ਸ਼ਹਾਰੀਆ ਪੱਤੀ ਧਨੌਲਾ ਜ਼ਿਲ੍ਹਾ ਬਰਨਾਲਾ, ਸ਼ਾਹਿਲ ਉਰਫ਼ ਨੇਪਾਲੀ ਪੁੱਤਰ ਮਨੋਹਰ ਲਾਲ ਵਾਸੀ ਸਹਾਰੀਆ ਪੱਤੀ ਧਨੌਲਾ ਜ਼ਿਲ੍ਹਾ ਬਰਨਾਲਾ, ਪ੍ਰਭਜੋਤ ਸਿੰਘ ਉਰਫ਼ ਪ੍ਰਭ ਪੁੱਤਰ ਸਿਕੰਦਰ ਸਿੰਘ ਵਾਸੀ ਹਰੇੜੀ ਭੱਠਲ ਕਾਲੋਨੀ ਕਰਤਾਰਪੁਰ ਬਸਤੀ ਸੰਗਰੂਰ ਜੋ ਲੜਾਈ ਝਗੜਾ, ਲੁੱਟਾਂ-ਖੋਹਾਂ ਅਤੇ



ਚੋਰੀਆਂ ਕਰਨ ਦੀ ਯੋਜਨਾ ਬਣਾ ਰਹੇ ਹਨ, ਜਿਨ੍ਹਾਂ ਪਾਸ ਨਜਾਇਜ ਅਸਲਾ ਅਤੇ ਮਾਰੂ ਹਥਿਆਰ ਹਨ। ਮੁਖਬਰ ਖ਼ਾਸ ਦੀ ਇਤਲਾਹ ਮਿਲਣ 'ਤੇ ਮੁਕੱਦਮਾ ਨੰਬਰ 103 ਮਿਤੀ 23 ਜੂਨ 2026 ਅ/ਧ 310(4), 310(5) ਬੀ. ਐੱਨ. ਐੱਸ. ਅਤੇ 25/54/59 ਆਰਮਜ਼ ਐਕਟ ਥਾਣਾ ਲੌਂਗੋਵਾਲ ਦਰਜ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ। ਦੌਰਾਨੇ ਤਫ਼ਤੀਸ਼ ਰੇਡ ਕਰਕੇ ਪੁੱਲ ਡਰੇਨ ਦੀ ਪਟੜੀ ਬਾਹੱਦ ਪਿੰਡ ਬਡਰੱਖਾਂ ਬੇ ਅਬਾਦ ਜਗ?ਹਾ 'ਤੇ ਬੈਠੇ ਕੁਲਜੀਤ ਸਿੰਘ ਉਰਫ਼ ਟੁੱਲੂ, ਮਨਜਿੰਦਰ ਸਿੰਘ ਉਰਫ਼ ਮਨੀ, ਹਰਪ੍ਰੀਤ ਸਿੰਘ ਉਰਫ਼ ਅਨਮੋਲ, ਸਾਹਿਲ ਉਰਫ਼ ਨੇਪਾਲੀ, ਪ੍ਰਭਜੋਤ ਸਿੰਘ ਉਰਫ਼ ਪ੍ਰਭ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜਾ ਵਿੱਚੋਂ 2 ਪਿਸਤੌਲ 32 ਬੋਰ ਦੇਸੀ ਸਮੇਤ 4 ਜ਼ਿੰਦਾ ਰੌਂਦ, 1 ਪਿਸਤੌਲ 315 ਬੋਰ ਦੇਸੀ ਸਮੇਤ 2 ਜ਼ਿੰਦਾ ਰੌਂਦ, 1 ਪਿਸਤੌਲ 30 ਬੋਰ ਦੇਸੀ, 1 ਰਾਈਫਲ 12 ਬੋਰ ਸਮੇਤ 3 ਰੌਂਦ, 1 ਖਪਰਾ ਅਤੇ 04 ਪਾਈਪ ਲੋਹਾ ਬਰਾਮਦ ਕਰਵਾਏ ਗਏ। ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਹੋਰ ਵੀ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ। ਦੌਰਾਨੇ ਪੁੱਛਗਿੱਛ ਦੋਸ਼ੀਆਂ ਦਾ ਰਿਕਾਰਡ ਚੈੱਕ ਕਰਨ 'ਤੇ ਪਤਾ ਲੱਗਾ ਕਿ ਦੋਸ਼ੀ ਕੁਲਜੀਤ ਸਿੰਘ ਉਰਫ਼ ਟੁੱਲੂ, ਮਨਜਿੰਦਰ ਸਿੰਘ ਉਰਫ਼ ਮਨੀ, ਹਰਪ੍ਰੀਤ ਸਿੰਘ ਉਰਫ਼ ਅਨਮੋਲ ਅਤੇ ਸਾਹਿਲ ਉਰਫ਼ ਨੇਪਾਲੀ, ਕਤਲ ਅਤੇ ਇਰਾਦਾ ਕਤਲ ਦੇ ਸੰਗੀਨ ਜੁਰਮਾਂ ਵਿੱਚ ਜ਼ਿਲ੍ਹਾ ਸੰਗਰੂਰ, ਮਾਨਸਾ, ਪਟਿਆਲਾ ਅਤੇ ਬਰਨਾਲਾ ਵਿਖੇ ਲੋੜੀਂਦੇ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੌਨਸੂਨ ਦੇ ਪਹਿਲੇ ਮੀਂਹ ਨੇ ਸ਼ਾਹੀ ਸ਼ਹਿਰ ਪਟਿਆਲਾ ਨੂੰ ਜਲ-ਥਲ ਕੀਤਾ; ਲੋਕਾਂ ਦੇ ਘਰਾਂ 'ਚ ਪਾਣੀ ਵੜਿਆ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਨਸੂਨ ਦੇ ਪਹਿਲੇ ਮੀਂਹ ਨੇ ਅੱਜ ਸ਼ਾਹੀ ਸ਼ਹਿਰ ਪਟਿਆਲਾ ਨੂੰ ਜਲ-ਥਲ ਕਰ ਦਿੱਤਾ। ਭਾਵੇਂ ਨਗਰ ਨਿਗਮ ਵੱਲੋਂ ਬਰਸਾਤੀ ਪਾਣੀ ਦੀ ਢੁੱਕਵੀਂ ਨਿਕਾਸੀ ਲਈ ਲਗਾਤਾਰ ਪ੍ਰਬੰਧ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਇਕ ਘੰਟਾ ਪਏ ਭਰਵੇਂ ਮੀਂਹ ਦੌਰਾਨ ਨਿਕਾਸੀ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ। ਇਸ ਦੌਰਾਨ ਸ਼ਹਿਰ ਦੀਆਂ ਨੀਵੀਆਂ ਥਾਵਾਂ ਤੋਂ ਇਲਾਵਾ ਕਈ ਸੜਕਾਂ 'ਤੇ ਪਾਣੀ ਭਰ ਗਿਆ। ਪਟਿਆਲਾ 'ਚ ਪੰਜਾਬ ਭਰ 'ਚੋਂ ਸਭ ਤੋਂ ਵੱਧ ਮੀਂਹ ਪਿਆ ਹੈ। ਮੌਸਮ ਵਿਭਾਗ ਦੀ ਰਿਪੋਰਟ ਮੁਤਾਬਕ ਅੱਜ ਪਟਿਆਲਾ 'ਚ 60.8 ਐੱਮ ਐੱਮ ਮੀਂਹ ਪਿਆ, ਜਿਸ ਨਾਲ ਲੋਕਾਂ ਨੇ ਗਰਮੀ, ਤਪਸ਼ ਅਤੇ ਹੁੰਮਸ ਤੋਂ ਰਾਹਤ ਮਹਿਸੂਸ ਕੀਤੀ। ਮੀਂਹ ਨਾਲ ਤਾਪਮਾਨ 36.5 ਡਿਗਰੀ ਤੱਕ ਤੱਕ ਡਿੱਗ ਗਿਆ ਹੈ। ਇਸੇ ਦੌਰਾਨ ਆਕਾਸ਼ਵਾਣੀ ਦੇ ਸਾਬਕਾ ਡਿਪਟੀ ਡਾਇਰੈਕਟਰ ਅਮਰਜੀਤ ਸਿੰਘ ਵੜੈਚ ਅਤੇ ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮ ਜਗਤਾਰ ਸਿੰਘ ਸਮੇਤ ਕਈ ਹੋਰਨਾਂ ਦਾ ਕਹਿਣਾ ਸੀ ਕਿ ਪਹਿਲੇ ਹੀ ਭਰਵੇਂ ਮੀਂਹ ਨੇ ਪੁੱਡਾ ਦੇ ਪ੍ਰਬੰਧਕੀ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ, ਕਿਉਂਕਿ ਇਸ ਖੇਤਰ ਵਿੱਚ ਨਿਕਾਸੀ ਦੇ ਮਾੜੇ ਪ੍ਰਬੰਧਾਂ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਦੂਜੇ ਪਾਸੇ ਸਮਾਜ ਸੇਵੀ ਵਰਿੰਦਰ ਬੱਲੂ ਦਾ ਕਹਿਣਾ ਸੀ ਕਿ ਸ਼ਹਿਰ ਦੇ ਐੱਸ ਐੱਸ ਟੀ ਨਗਰ ਵਿੱਚ ਤਾਂ ਮੀਂਹ ਦਾ ਪਾਣੀ ਕਈਆਂ ਦੇ ਘਰਾਂ ਵਿੱਚ ਵੜ ਗਿਆ। ਇਸੇ ਤਰ੍ਹਾਂ ਗੁਫਰਾਨ ਅਤੇ ਰਸ਼ਮ ਮਿੱਤਲ ਸਮੇਤ ਨੌਜਵਾਨ ਆਗੂ ਛਿੰਦਰਪਾਲ ਸਿੰਘ ਨੇ ਦੱਸਿਆ ਕਿ ਰਾਘੋਮਾਜਰਾ ਅਤੇ ਪੀਲੀ ਸਟਰੀਟ ਸਮੇਤ ਕਈ ਹੋਰ ਖੇਤਰਾਂ 'ਚ ਵੀ ਸੜਕਾਂ 'ਤੇ ਪਾਣੀ ਭਰ ਗਿਆ ਸੀ। ਅਨਾਰਦਾਨਾ ਚੌਕ ਤੋਂ 32 ਨੰਬਰ ਸਕੂਲ ਦੇ ਮੂਹਰੋਂ ਲੰਘਦੀ ਸੜਕ ਦਾ ਐਤਕੀਂ ਵੀ ਪਹਿਲਾਂ ਵਾਲਾ ਹਾਲ ਰਿਹਾ। ਸ਼ਹਿਰ ਦੇ ਤ੍ਰਿਪੜੀ ਖੇਤਰ 'ਚ ਤਾਂ ਕਈ ਥਾਈਂ ਪਾਣੀ ਭਰ ਗਿਆ।

**ਕਿਸਾਨਾਂ ਦੇ ਚਿਹਰੇ ਖਿੜੇ**

ਮੀਂਹ ਨੇ ਇਲਾਕੇ ਦੇ ਲੋਕਾਂ ਨੂੰ ਤਪਦੀ ਗਰਮੀ ਅਤੇ ਹੁੰਮਸ ਤੋਂ ਰਾਹਤ ਦਿੱਤੀ ਹੈ। ਮੀਂਹ ਦੇ ਨਾਲ ਚੱਲੀਆਂ ਠੰਢੀਆਂ ਹਵਾਵਾਂ ਕਾਰਨ ਮੌਸਮ ਖੁਸ਼ਗਵਾਰ ਹੋ ਗਿਆ ਤੇ ਕਿਸਾਨਾਂ ਦੇ ਚਿਹਰੇ ਖਿੜ ਗਏ। ਕਈ ਦਿਨਾਂ ਤੋਂ ਤਪਦੇ ਮੌਸਮ ਅਤੇ ਮੀਂਹ ਨਾ ਪੈਣ ਅਤੇ ਬਿਜਲੀ ਕੱਟਾਂ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਖਾਸ ਕਰ ਕੇ ਝੋਨੇ ਦੀ ਲੁਆਈ ਪ੍ਰਭਾਵਿਤ ਹੋ ਰਹੀ ਸੀ, ਜਿਸ ਕਾਰਨ ਕਿਸਾਨ ਅਤੇ ਖੇਤੀ ਮਜ਼ਦੂਰ ਦੋਵੇਂ ਹੀ ਚਿੰਤਤ ਸਨ। ਖੇਤਾਂ ਵਿੱਚ ਪਾਣੀ ਦੀ ਘਾਟ ਕਾਰਨ ਫਸਲਾਂ ਸੁੱਕਣ ਦੇ ਕਿਨਾਰੇ 'ਤੇ ਸਨ। ਕਿਸਾਨਾਂ ਦੇ ਚਿਹਰੇ ਮੁਰਝਾਏ ਹੋਏ ਨਜ਼ਰ ਆ ਰਹੇ ਸਨ। ਇਸ ਦੌਰਾਨ ਹੋਈ ਇਹ ਮੀਂਹ ਝੋਨੇ ਦੀ ਫਸਲ ਲਈ ਬਹੁਤ ਹੀ ਲਾਹੇਵੰਦ ਸਾਬਤ ਹੋਵੇਗੀ। ਦੂਜੇ ਪਾਸੇ ਤਪਦੀ ਗਰਮੀ ਕਾਰਨ ਆਮ ਲੋਕ ਵੀ ਪ੍ਰਭਾਵਿਤ ਹੋ ਰਹੀ ਸਨ। ਦੁਪਹਿਰ ਦੇ ਸਮੇਂ ਲੋਕਾਂ ਲਈ ਘਰਾਂ ਤੋਂ ਬਾਹਰ ਨਿਕਲਣਾ ਔਖਾ ਹੋ ਗਿਆ ਸੀ। ਪ੍ਰਚੂਨ ਵਪਾਰੀ ਮੁਨੀਸ਼ ਸਿੰਗਲਾ ਅਤੇ ਦੁਕਾਨਦਾਰ ਬਿੰਨੂ ਬੁਧਵਾਰ ਨੇ ਦੱਸਿਆ ਕਿ ਗਰਮੀ ਦੇ ਕਾਰਨ ਲੋਕ ਖਰੀਦਦਾਰੀ ਲਈ ਬਾਜ਼ਾਰਾਂ ਵਿੱਚ ਨਹੀਂ ਆ ਰਹੇ ਸਨ। ਉਨ੍ਹਾਂ ਕਿਹਾ ਕਿ ਦੇਵੀਗੜ੍ਹ ਅਤੇ ਭੁਨਰਹੇੜੀ ਦੇ ਬਜ਼ਾਰਾਂ ਵਿੱਚ ਸਿਰਫ ਸਵੇਰੇ ਅਤੇ ਸ਼ਾਮ ਨੂੰ ਹੀ ਕੁਝ ਚਹਿਲ-ਪਹਿਲ ਹੁੰਦੀ ਸੀ, ਜਦਕਿ ਦਿਨ ਦੇ ਸਮੇਂ ਤਪਦੇ ਮੌਸਮ ਕਾਰਨ ਸੁੰਨ ਰਹਿੰਦੀ ਸੀ।

# ਨਿਗਮ ਵੱਲੋਂ 1.40 ਲੱਖ ਟਨ ਕੂੜੇ ਦਾ ਨਿਬੇੜਾ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਲੰਮੇ ਸਮੇਂ ਤੋਂ ਚੱਲੀ ਆ ਰਹੀ ਕੂੜੇ ਦੇ ਡੰਪ ਦੀ ਸਮੱਸਿਆ ਦਾ ਹੱਲ ਯਕੀਨੀ ਬਣਾਉਣ ਲਈ ਨਗਰ ਨਿਗਮ ਨੇ ਮੇਅਰ ਕੁੰਦਨ ਗੋਗੀਆ ਦੀ ਅਗਵਾਈ ਹੇਠ ਕੂੜੇ ਦੇ ਨਿਬੇੜੇ ਵਿੱਚ ਤੇਜ਼ੀ ਲਿਆਂਦੀ ਹੈ।

ਨਿਗਮ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਨੇ ਦੱਸਿਆ ਕਿ ਪੁਰਾਣੇ ਕੂੜੇ ਨੂੰ ਵਿਗਿਆਨਕ ਢੰਗ ਨਾਲ ਛਾਂਟ ਕੇ ਉਸ ਦਾ ਨਿਪਟਾਰਾ ਕਰਨ ਦੀ ਪ੍ਰਕਿਰਿਆ ਨੂੰ ਰੈਮੀਡੀਏਸ਼ਨ ਕਿਹਾ ਜਾਂਦਾ ਹੈ। 1.43 ਲੱਖ ਟਨ 'ਚੋਂ 1.40 ਲੱਖ ਟਨ ਪੁਰਾਣੇ ਕੂੜੇ ਦੀ ਰੈਮੀਡੀਏਸ਼ਨ ਮੁਕੰਮਲ ਹੋ ਚੁੱਕੀ ਹੈ ਅਤੇ ਬਾਕੀ ਕੰਮ ਵੀ ਹਫ਼ਤੇ ਵਿੱਚ ਨਿਬੇੜ ਲਿਆ ਜਾਵੇਗਾ। ਨਿਗਮ ਦਾ ਮੁੱਖ ਉਦੇਸ਼ ਸ਼ਹਿਰ ਨੂੰ ਸਾਫ਼-ਸੁਥਰਾ, ਪ੍ਰਦੂਸ਼ਣ ਮੁਕਤ ਅਤੇ ਵਾਤਾਵਰਨ ਪੱਖੋਂ ਸੁਰੱਖਿਅਤ ਬਣਾਉਣਾ ਹੈ, ਜਿਸ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਨਿਗਮ ਅਨੁਸਾਰ ਇਸ ਪ੍ਰਕਿਰਿਆ ਦੌਰਾਨ ਡੰਪ ਸਾਈਟ ਤੋਂ ਬਦਬੂ ਅਤੇ ਹਵਾ ਪ੍ਰਦੂਸ਼ਣ ਵਿੱਚ ਵੱਡੀ ਕਮੀ ਆਉਂਦੀ ਹੈ।

ਕੂੜੇ ਵਿੱਚ ਆਪਣੇ ਆਪ ਲੱਗਣ ਵਾਲੀ ਅੱਗ ਅਤੇ ਉਸ ਤੋਂ ਨਿਕਲਣ ਵਾਲਾ ਧੂੰਆਂ ਵੀ ਘੱਟ ਹੁੰਦਾ ਹੈ, ਜਿਸ ਨਾਲ ਲੋਕਾਂ ਦੀ ਸਿਹਤ 'ਤੇ ਪੈਣ ਵਾਲਾ ਮਾੜਾ ਅਸਰ ਘਟਦਾ ਹੈ। ਰੈਮੀਡੀਏਸ਼ਨ ਦੌਰਾਨ ਪਲਾਸਟਿਕ, ਧਾਤ, ਮਿੱਟੀ ਅਤੇ ਹੋਰ ਸਮੱਗਰੀ ਨੂੰ ਵੱਖ-ਵੱਖ ਕਰਕੇ ਦੁਬਾਰਾ ਵਰਤੋਂ ਜਾਂ ਸੁਰੱਖਿਅਤ ਨਿਪਟਾਰੇ ਲਈ ਭੇਜਿਆ ਜਾਂਦਾ ਹੈ, ਜਿਸ ਨਾਲ ਜ਼ਮੀਨ ਖ਼ਾਲੀ ਹੁੰਦੀ ਹੈ। ਨਾਲ ਹੀ, ਮਿੱਟੀ ਅਤੇ ਭੂ-ਜਲ ਨੂੰ ਪ੍ਰਦੂਸ਼ਿਤ ਹੋਣ ਤੋਂ ਵੀ ਬਚਾਇਆ ਜਾਂਦਾ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਬਾਕੀ ਕੰਮ ਵੀ ਪੂਰਾ ਹੋਣ ਨਾਲ ਡੰਪ ਸਾਈਟ ਦੀ ਤਸਵੀਰ ਪੂਰੀ ਤਰ੍ਹਾਂ ਬਦਲ ਜਾਵੇਗੀ।

# ਡਿਪੂ ਹੋਲਡਰਾਂ ਨੇ ਯੋਜਨਾ ਬੋਰਡ ਦੇ ਚੇਅਰਮੈਨ ਦਾ ਪੁਤਲਾ ਫੂਕਿਆ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਪਟਿਆਲਾ ਸ਼ਹਿਰੀ ਖੇਤਰ ਵਿੱਚ ਨਵੇਂ ਪ੍ਰਿੰਟ ਰਾਸ਼ਨ ਕਾਰਡਾਂ ਦੀ ਵੰਡ ਸਬੰਧੀ ਪੈਦਾ ਹੋਏ ਵਿਵਾਦ ਨੇ ਸਿਆਸੀ ਰੂਪ ਧਾਰ ਲਿਆ ਹੈ। ਹਲਕੇ ਦੇ ਸਾਰੇ ਕਾਂਗਰਸੀ ਆਗੂ, ਪਟਿਆਲਾ ਡਿਪੂ ਹੋਲਡਰ ਯੂਨੀਅਨ ਦੇ ਆਗੂ ਗੌਰਵ ਗੋਇਲ ਅਤੇ ਮਨਪ੍ਰੀਤ ਵਰਮਾ ਦੀ ਅਗਵਾਈ ਹੇਠ ਡਿਪੂ ਹੋਲਡਰਾਂ ਨੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇਜਿੰਦਰ ਮਹਿਤਾ ਖ਼ਿਲਾਫ਼ ਪ੍ਰਦਰਸ਼ਨ ਕਰਦੇ ਹੋਏ ਉਨ੍ਹਾਂ ਦਾ ਪੁਤਲਾ ਫੂਕਿਆ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਜਾਰੀ ਕੀਤੇ ਨਵੇਂ ਪ੍ਰਿੰਟ ਰਾਸ਼ਨ ਕਾਰਡ, ਜਿਨ੍ਹਾਂ 'ਤੇ ਮੁੱਖ ਮੰਤਰੀ ਦੀ ਤਸਵੀਰ ਵੀ ਲੱਗੀ ਹੋਈ ਸੀ, ਉਹ ਸਬੰਧਤ ਡਿਪੂ ਹੋਲਡਰਾਂ ਨੂੰ ਸਮੇਂ ਸਿਰ ਨਹੀਂ ਦਿੱਤੇ ਗਏ।

ਉਨ੍ਹਾਂ ਦਾ ਕਹਿਣਾ ਸੀ ਕਿ ਤੇਜਿੰਦਰ ਮਹਿਤਾ ਨੇ ਕਥਿਤ ਤੌਰ 'ਤੇ ਕੁਝ ਡਿਪੂਆਂ ਦੇ ਰਾਸ਼ਨ ਕਾਰਡ ਆਪਣੇ ਕੋਲ ਹੀ ਰੱਖੇ ਅਤੇ ਉਨ੍ਹਾਂ ਦੀ ਵੰਡ ਨੂੰ ਰੋਕਿਆ। ਪਟਿਆਲਾ ਡਿਪੂ ਹੋਲਡਰ ਯੂਨੀਅਨ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਰਾਸ਼ਨ ਕਾਰਡਾਂ ਦੀ ਵੰਡ ਨੂੰ ਲੋਕ ਸੇਵਾ ਦੀ ਬਜਾਏ ਨਿੱਜੀ ਪ੍ਰਚਾਰ ਦਾ ਸਾਧਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।

ਇਸੇ ਮਕਸਦ ਨਾਲ ਇੱਕ ਕੈਂਪ ਲਗਾਇਆ ਗਿਆ, ਪਰ ਉੱਥੇ ਨਾ ਤਾਂ ਕੋਈ ਢੰਗ ਦੀ ਵਿਵਸਥਾ ਕੀਤੀ ਗਈ ਅਤੇ ਨਾ ਹੀ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਸਹੀ ਢੰਗ ਨਾਲ ਲੱਭ ਕੇ ਵੰਡੇ ਜਾ ਸਕੇ। ਨਤੀਜੇ ਵਜੋਂ ਵੱਡੀ ਗਿਣਤੀ ਵਿੱਚ ਲੋਕ ਘੰਟਿਆਂ ਤੱਕ ਖੱਜਲ-ਖੁਆਰ ਹੁੰਦੇ ਰਹੇ ਅਤੇ ਆਪਣੇ ਰਾਸ਼ਨ ਕਾਰਡ ਪ੍ਰਾਪਤ ਨਹੀਂ ਕਰ ਸਕੇ। ਪਟਿਆਲਾ ਡਿਪੂ ਹੋਲਡਰ ਯੂਨੀਅਨ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਵੇਰ ਤੋਂ ਬੁਲਾਏ ਗਏ ਲੋਕਾਂ ਨੂੰ ਸ਼ਾਮ ਤੱਕ ਉਡੀਕ ਕਰਵਾਈ ਗਈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪੈਦਾ ਹੋ ਗਿਆ। ਹਲਕਾ ਪਟਿਆਲਾ ਸ਼ਹਿਰੀ ਦੇ ਸਾਰੇ ਕਾਂਗਰਸੀ ਆਗੂਆਂ ਅਤੇ ਪਟਿਆਲਾ ਡਿਪੂ ਹੋਲਡਰ ਯੂਨੀਅਨ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਜੇ ਕਿਸੇ ਅਧਿਕਾਰੀ ਜਾਂ ਜਨ ਪ੍ਰਤੀਨਿਧੀ ਦੀ ਲਾਪਰਵਾਹੀ ਸਾਹਮਣੇ ਆਉਂਦੀ ਹੈ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਲੋਕ ਭਲਾਈ ਨਾਲ ਜੁੜੀਆਂ ਸੇਵਾਵਾਂ ਵਿੱਚ ਇਸ ਤਰ੍ਹਾਂ ਦੀ ਦਿੱਕਤ ਦੁਬਾਰਾ ਨਾ ਆਵੇ।

# ਸਿਹਤ ਖੇਤਰ 'ਚ ਨਵੀਂ ਤਕਨੀਕ ਅਪਣਾਉਣ ਦੀ ਲੋੜ: ਬਲਬੀਰ ਸਿੰਘ

## ਰੋਬੋਟਿਕ-ਅਸਿਸਟਡ ਆਰਥੋਪੈਡਿਕ ਸਰਜਰੀ ਦੀ ਸ਼ੁਰੂਆਤ ਕੀਤੀ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਵਿੱਚ ਆਰਥੋਪੈਡਿਕ ਇਲਾਜ ਲਈ ਅਤਿ-ਆਧੁਨਿਕ ਰੋਬੋਟਿਕ-ਅਸਿਸਟਡ ਸਰਜਰੀ ਤਕਨਾਲੋਜੀ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਿਵਲ ਸਰਜਨ ਡਾ. ਸ਼ੈਲੀ ਜੇਟਲੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਸਿਹਤ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿਹਤ ਖੇਤਰ ਵਿੱਚ ਨਵੀਂ ਤਕਨਾਲੋਜੀ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ ਅਤੇ ਰੋਬੋਟਿਕ-ਅਸਿਸਟਡ ਸਰਜਰੀ ਇਸ ਦਿਸ਼ਾ ਵਿੱਚ ਇੱਕ ਵੱਡੀ ਉਪਲਬਧੀ ਹੈ। ਉਨ੍ਹਾਂ ਕਿਹਾ ਕਿ ਰੋਬੋਟਿਕ ਤਕਨਾਲੋਜੀ ਦੀ ਮਦਦ ਨਾਲ ਕੀਤੀਆਂ ਜਾਣ ਵਾਲੀਆਂ ਆਰਥੋਪੈਡਿਕ ਸਰਜਰੀਆਂ ਪਹਿਲਾਂ ਨਾਲੋਂ ਵਧੇਰੇ ਸ਼ੁੱਧਤਾ, ਸੁਰੱਖਿਆ ਅਤੇ ਸਫ਼ਲਤਾ ਨਾਲ ਕੀਤੀਆਂ ਜਾ ਸਕਦੀਆਂ ਹਨ। ਇਸ ਤਕਨਾਲੋਜੀ ਨਾਲ ਮਰੀਜ਼ ਨੂੰ ਆਪਰੇਸ਼ਨ ਤੋਂ ਬਾਅਦ ਦਰਦ ਵੀ ਘੱਟ ਹੁੰਦਾ ਹੈ ਅਤੇ ਮਰੀਜ਼ ਦੀ ਰਿਕਵਰੀ ਤੇਜ਼ੀ ਨਾਲ ਹੁੰਦੀ ਹੈ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਲੋਕਾਂ ਵਿੱਚ ਇਹ ਧਾਰਨਾ ਬਣੀ ਹੋਈ ਹੈ ਕਿ ਰੋਬੋਟਿਕ ਸਰਜਰੀ ਬਹੁਤ ਮਹਿੰਗੀ ਹੁੰਦੀ ਹੈ, ਪਰ ਇਹ ਲਾਜ਼ਮੀ ਨਹੀਂ। ਇਸ ਤਕਨਾਲੋਜੀ ਦਾ ਉਦੇਸ਼ ਮਰੀਜ਼ਾਂ ਨੂੰ ਬਿਹਤਰ ਇਲਾਜ ਅਤੇ ਤੇਜ਼ ਸਿਹਤਯਾਬੀ ਪ੍ਰਦਾਨ ਕਰਨਾ ਹੈ। ਇਸ ਨਾਲ ਨਾ ਸਿਰਫ਼ ਖੇਤਰੀ ਸਿਹਤ ਢਾਂਚਾ ਮਜ਼ਬੂਤ ਹੋਵੇਗਾ, ਸਗੋਂ ਪੰਜਾਬ ਆਧੁਨਿਕ ਮੈਡੀਕਲ ਤਕਨਾਲੋਜੀ ਦੇ ਖੇਤਰ ਵਿੱਚ ਵੀ ਆਪਣੀ ਵੱਖਰੀ ਪਛਾਣ ਬਣਾਏਗਾ।

# ਦੇਵ ਮਾਨ ਨੇ ਪਿੰਡ ਚੌਧਰੀ ਮਾਜਰਾ ਵਿਖੇ ਲੋਕ ਮਿਲਣੀ ਕਰਕੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਨਾਭਾ, 8 ਜੁਲਾਈ/**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਨਾਭਾ ਦੇ ਪਿੰਡ ਚੌਧਰੀ ਮਾਜਰਾ ਵਿਖੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਤੇਜਿੰਦਰ ਸਿੰਘ ਖਹਿਰਾ ਦੀ ਅਗਵਾਈ ਹੇਠ ਲੋਕ ਮਿਲਣੀ ਕਰਕੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਉਨ੍ਹਾਂ ਦੇ ਤੁਰੰਤ ਹੱਲ ਲਈ ਨਿਰਦੇਸ਼ ਜਾਰੀ ਕੀਤੇ। ਇਸ ਤੋਂ ਪਹਿਲਾਂ ਉਨ੍ਹਾਂ ਆਪਣੇ ਸਾਥੀਆਂ ਨਾਲ ਟਰੈਕਟਰ ਮਾਰਚ ਵਿੱਚ ਵੀ ਸ਼ਮੂਲੀਅਤ ਕੀਤੀ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ, ਨਵੀਆਂ ਸੜਕਾਂ ਦੇ ਨਿਰਮਾਣ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹਰ ਯੋਗ ਪਰਿਵਾਰ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕਾ ਨਾਭਾ ਦੇ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ ਅਤੇ ਸਾਰੇ ਪ੍ਰੋਜੈਕਟ ਸਮੇਂ ਸਿਰ ਮੁਕੰਮਲ ਕੀਤੇ ਜਾਣਗੇ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਦਿਆਂ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਨਾਲ ਹੀ ਮੁੱਖ ਮੰਤਰੀ ਦੀ 'ਮੇਰੀ ਰਸੋਈ' ਸਕੀਮ ਤਹਿਤ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੀ ਵੰਡੀਆਂ ਗਈਆਂ ਸਮਾਗਮ ਦੌਰਾਨ ਪਿੰਡ ਵਾਸੀਆਂ ਵੱਲੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇਜਿੰਦਰ ਸਿੰਘ ਖਹਿਰਾ(ਡਾਇਰੈਕਟਰ), ਐਡਵੋਕੇਟ ਭੁਪਿੰਦਰ ਸਿੰਘ ਕੱਲਰ ਮਾਜਰੀ (ਉਪ ਚੇਅਰਮੈਨ), ਐਡਵੋਕੇਟ ਜਸਵੀਰ ਸਿੰਘ ਵਜੀਦਪੁਰ, ਸਿਮਰਨ ਚੌਹਾਨ, ਸੁਖਦੀਪ ਸਿੰਘ ਖਹਿਰਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਸੜਕ ਹਾਦਸੇ 'ਚ ਔਰਤ ਦੀ ਮੌਤ; ਜੇਠ ਗੰਭੀਰ ਜ਼ਖ਼ਮੀ

**ਸੁਨਾਮ, 8 ਜੁਲਾਈ/**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਨਾਮ-ਪਟਿਆਲਾ ਮੁੱਖ ਸੜਕ 'ਤੇ ਪਿੰਡ ਬਿਸ਼ਨਪੁਰਾ ਨੇੜੇ ਦੁਪਹਿਰ ਵਾਪਰੇ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦਾ ਜੇਠ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹਾ ਮਾਨਸਾ ਦੇ ਪਿੰਡ ਕੋਟ ਲੱਲੂ (ਲੱਲੂਆਣਾ) ਦੇ ਵਸਨੀਕ ਕ੍ਰਿਸ਼ਨ ਸਿੰਘ ਪੁੱਤਰ ਬਖ਼ਸ਼ੀਸ਼ ਸਿੰਘ ਆਪਣੀ ਛੋਟੀ ਭਰਜਾਈ ਕੁਲਵੰਤ ਕੌਰ ਪਤਨੀ ਕਰਨੈਲ ਸਿੰਘ ਨਾਲ ਮੋਟਰਸਾਈਕਲ 'ਤੇ ਕਾਲੀ ਮਾਤਾ ਮੰਦਰ, ਪਟਿਆਲਾ ਤੋਂ ਦਰਸ਼ਨ ਕਰਕੇ ਆਪਣੇ ਪਿੰਡ ਵਾਪਸ ਪਰਤ ਰਹੇ ਸਨ। ਜਦੋਂ ਉਹ ਦੁਪਹਿਰ ਕਰੀਬ ਡੇਢ ਤੋਂ ਪੌਣੇ ਦੋ ਵਜੇ ਦੇ ਵਿਚਕਾਰ ਪਿੰਡ ਬਿਸ਼ਨਪੁਰਾ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਇੱਕ ਅਣਪਛਾਤੀ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ।

# ਦੇਸ਼ ਭਰ 'ਚ 58 ਇੰਜਨੀਅਰਿੰਗ ਤੇ ਤਕਨੀਕੀ ਕਾਲਜ ਬੰਦ

## ਪੰਜਾਬ ਵਿੱਚ ਵੀ ਚਾਰ ਕਾਲਜਾਂ ਨੂੰ ਤਾਲੇ ਲੱਗੇ; 950 ਤੋਂ ਵੱਧ ਕੋਰਸ ਵੀ ਬੰਦ ਕੀਤੇ



**ਨਵੀਂ ਦਿੱਲੀ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ) ਮੁਤਾਬਕ, ਵੱਖ-ਵੱਖ ਕਾਰਨਾਂ ਕਰ ਕੇ ਅਕਾਦਮਿਕ ਵਰ੍ਹੇ 2025-26 ਦੌਰਾਨ ਦੇਸ਼ ਭਰ ਵਿੱਚ 58 ਇੰਜਨੀਅਰਿੰਗ ਕਾਲਜ ਬੰਦ ਕਰ ਦਿੱਤੇ ਗਏ ਹਨ, ਹਾਲਾਂਕਿ ਪਹਿਲਾਂ ਤੋਂ ਪੜ੍ਹ ਰਹੇ ਵਿਦਿਆਰਥੀਆਂ ਨੂੰ ਆਪਣੀ ਡਿਗਰੀ ਪੂਰੀ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਸਮੇਂ ਦੌਰਾਨ ਦੇਸ਼ ਭਰ ਦੇ ਤਕਨੀਕੀ ਅਤੇ ਇੰਜਨੀਅਰਿੰਗ ਕਾਲਜਾਂ ਵਿੱਚ ਚਲਾਏ ਜਾ ਰਹੇ 950 ਤੋਂ ਵੱਧ ਕੋਰਸ ਵੀ ਬੰਦ ਕੀਤੇ ਗਏ ਹਨ।

ਏ ਆਈ ਸੀ ਟੀ ਈ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ, "ਸਾਲ 2025-26 ਦੌਰਾਨ ਕੁੱਲ 58 ਇੰਜਨੀਅਰਿੰਗ ਅਤੇ ਤਕਨੀਕੀ ਕਾਲਜਾਂ ਨੂੰ ਕ੍ਰਮਵਾਰ ਬੰਦ ਕੀਤਾ ਗਿਆ ਹੈ। ਕ੍ਰਮਵਾਰ ਬੰਦ ਹੋਣ ਦਾ ਮਤਲਬ ਹੈ ਕਿ ਸੰਸਥਾ ਉਸ ਅਕਾਦਮਿਕ ਸਾਲ ਦੌਰਾਨ ਪਹਿਲੇ ਸਾਲ ਵਿੱਚ ਨਵੇਂ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦੇ ਸਕਦੀ, ਜਦੋਂ ਤੋਂ ਇਹ ਹੁਕਮ ਜਾਰੀ ਹੋਏ ਹਨ। ਹਾਲਾਂਕਿ, ਪਹਿਲਾਂ ਮੌਜੂਦ ਵਿਦਿਆਰਥੀ ਆਪਣੀ ਪੜ੍ਹਾਈ ਜਾਰੀ ਰੱਖਣਗੇ।"

ਏ ਆਈ ਸੀ ਟੀ ਈ ਜੋ ਕਿ ਭਾਰਤ ਵਿੱਚ ਤਕਨੀਕੀ ਸਿੱਖਿਆ ਲਈ ਕਾਨੂੰਨੀ ਕੌਮੀ ਪੱਧਰ ਦੀ ਚੋਟੀ ਦੀ ਸਲਾਹਕਾਰ ਸੰਸਥਾ ਅਤੇ ਰੈਗੂਲੇਟਰ ਹੈ, ਇੰਜਨੀਅਰਿੰਗ, ਆਰਕੀਟੈਕਚਰ, ਮੈਨੇਜਮੈਂਟ ਅਤੇ ਫਾਰਮੇਸੀ ਕੋਰਸਾਂ ਦੀ ਨਜ਼ਰਸਾਨੀ ਕਰਦੀ ਹੈ ਅਤੇ ਗੁਣਵੱਤਾ ਦੇ ਮਿਆਰਾਂ ਨੂੰ ਬਣਾ ਕੇ ਰੱਖਣ ਤੇ ਤਾਲਮੇਲ ਨਾਲ ਵਿਕਾਸ ਯਕੀਨੀ ਬਣਾਉਂਦੀ ਹੈ। ਇਨ੍ਹਾਂ 58 ਸੰਸਥਾਵਾਂ ਵਿੱਚੋਂ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਸਭ ਤੋਂ ਵੱਧ 12-12 ਕਾਲਜ ਬੰਦ ਹੋਏ ਹਨ। ਉਪਰੰਤ ਮੱਧ ਪ੍ਰਦੇਸ਼ ਵਿੱਚ 8, ਪੰਜਾਬ ਤੇ ਤਿਲੰਗਾਨਾ ਵਿੱਚ 4-4 ਕਾਲਜ ਬੰਦ ਹੋਏ ਹਨ।

ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਤਿੰਨ-ਤਿੰਨ ਕਾਲਜ ਬੰਦ ਕੀਤੇ ਗਏ, ਜਦੋਂ ਕਿ ਗੁਜਰਾਤ, ਕਰਨਾਟਕ, ਪੁਣੇ ਤੇ ਤਾਮਿਲ ਨਾਡੂ ਵਿੱਚ ਦੋ-ਦੋ ਕਾਲਜ ਬੰਦ ਹੋਏ। ਹਰਿਆਣਾ, ਉੜੀਸਾ, ਉੱਤਰਾਖੰਡ ਅਤੇ ਪੱਛਮੀ ਬੰਗਾਲ ਵਿੱਚ ਇੱਕ-ਇੱਕ ਕਾਲਜ ਬੰਦ ਹੋਣ ਦਾ ਰਿਕਾਰਡ ਦਰਜ ਕੀਤਾ ਗਿਆ। ਇਨ੍ਹਾਂ 58 ਸੰਸਥਾਵਾਂ ਵਿੱਚੋਂ ਤਿੰਨ ਸਰਕਾਰੀ ਸਹਾਇਤਾ ਪ੍ਰਾਪਤ ਸਨ, ਜਦੋਂ ਕਿ ਬਾਕੀ ਨਿੱਜੀ ਤੌਰ 'ਤੇ ਵਿੱਤੀ ਸਹਾਇਤਾ ਪ੍ਰਾਪਤ (ਨਿੱਜੀ) ਕਾਲਜ ਸਨ।

# ਹਲਕਾ ਵਿਧਾਇਕ ਗਿੱਦੜਬਾਹਾ ਨੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਗਿੱਦੜਬਾਹਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਵਲੋਂ ਚਲਾਈ ਜਾ ਰਹੀ ਲੋਕ ਮਿਲਣੀ ਪ੍ਰੋਗਰਾਮ ਤਹਿਤ ਹਲਕਾ ਵਿਧਾਇਕ ਗਿੱਦੜਬਾਹਾ ਸ.ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਪਿੰਡ ਗੁਰੂਸਰ, ਲੁੰਡੇਵਾਲਾ, ਭੂੰਦੜ, ਕਰਨੀਵਾਲਾ ਅਤੇ ਗਿੱਦੜਬਾਹਾ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਰਕਾਰੀ ਸਕੀਮਾਂ ਸਬੰਧੀ ਜਾਣੂੰ ਕਰਵਾਇਆ। ਇਸ ਮੌਕੇ ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਔਰਤਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਮਾਵਾਂ—ਧੀਆਂ ਸਤਿਕਾਰ ਯੋਜਨਾ ਚਲਾਈ ਗਈ ਹੈ, ਜਿਸ ਦਾ ਉਹਨਾਂ ਨੂੰ ਪੂਰਾ ਲਾਭ ਮਿਲਣਾ ਸ਼ੁਰੂ ਹੋ ਗਿਆ ਹੈ।

ਇਸ ਮੌਕੇ ਉਹਨਾਂ ਨੇ ਪੰਜਾਬ ਸਰਕਾਰ ਵੱਲੋਂ ਵੱਖ—ਵੱਖ ਚਲਾਈਆਂ ਜਾ ਰਹੀਆਂ ਹੋਰ ਲੋਕ ਭਲਾਈ ਸਕੀਮਾਂ ਅਤੇ ਸਹੂਲਤਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਨੌਜਵਾਨ ਦੀ ਮੌਤ ਮਗਰੋਂ ਇਨਸਾਫ਼ ਲਈ ਧਰਨਾ



**ਪਾਤੜਾਂ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਸ਼ੁਤਰਾਣਾ ਦੇ ਲੁਧਿਆਣਾ ਜੇਲ੍ਹ ਵਿੱਚ ਭੇਜੇ ਗੁਰਸਿੱਖ ਨੌਜਵਾਨ ਅਰਸ਼ਦੀਪ ਸਿੰਘ ਦੀ ਮੌਤ ਹੋ ਗਈ ਸੀ। ਜੇਲ੍ਹ ਪ੍ਰਸ਼ਾਸਨ ਨੇ ਪੋਸਟਮਾਰਟਮ ਮਗਰੋਂ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ। ਪਰਿਵਾਰ ਨੇ ਇਨਸਾਫ਼ ਦੀ ਮੰਗ ਕਰਦਿਆਂ ਪਿੰਡ ਵਾਸੀਆਂ, ਧਾਰਮਿਕ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀ ਸਿੱਧੂਪੁਰ ਦੇ ਸਹਿਯੋਗ ਨਾਲ ਕੌਮੀ ਮਾਰਗ 'ਤੇ ਧਰਨਾ ਦਿੱਤਾ। ਡੀ ਐੱਸ ਪੀ ਪਾਤੜਾਂ ਗੁਰਦੀਪ ਸਿੰਘ ਸੰਧੂ ਨੇ ਧਰਨਾਕਾਰੀਆਂ ਨਾਲ ਕੀਤੀ, ਪਰ ਗਲਬਾਤ ਬੇਸਿੱਟਾ ਰਹਿਣ 'ਤੇ ਧਰਨਾਕਾਰੀਆਂ ਨੇ 8 ਜੁਲਾਈ ਨੂੰ ਪਾਤੜਾਂ 'ਚ ਧਰਨਾ ਦੇਣ ਦੀ ਚਿਤਾਵਨੀ ਦਿੱਤੀ ਹੈ। ਅੱਜ ਦੇ ਧਰਨੇ ਕਾਰਨ ਕੌਮੀ ਮਾਰਗ 'ਤੇ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ। ਇਸੇ ਦੌਰਾਨ ਥਾਣਾ ਸ਼ਤਰਾਣਾ ਮੁਖੀ ਜਸਪਾਲ ਸਿੰਘ ਨੇ ਆਵਾਜਾਈ ਨੂੰ ਬਦਲਵੇਂ ਰੂਟ ਰਾਹੀਂ ਭੇਜਿਆ।

ਮ੍ਰਿਤਕ ਦੀ ਮਾਂ ਸਰਬਜੀਤ ਕੌਰ ਨੇ ਦੱਸਿਆ ਕਿ ਉਸ ਦੇ ਪੁੱਤਰ ਅਰਸ਼ਦੀਪ ਸਿੰਘ ਨੂੰ 15 ਦਿਨ ਪਹਿਲਾਂ ਇੱਕ ਕੇਸ ਦੇ ਮਾਮਲੇ 'ਚ ਮੁੱਲਾਂਪੁਰ ਦਾਖਾ ਦੀ ਪੁਲੀਸ ਲੈ ਗਈ ਸੀ। ਹਾਈ ਕੋਰਟ ਨੇ ਫ਼ੈਸਲਾ ਕਰ ਕੇ ਅਰਸ਼ਦੀਪ ਸਿੰਘ ਨੂੰ ਘਰ ਭੇਜ ਦਿੱਤਾ ਸੀ ਪਰ ਮੁੱਲਾਂਪੁਰ ਦਾਖਾ ਦੀ ਪੁਲੀਸ ਨੇ ਕੇਸ ਦਰਜ ਕਰ ਕੇ ਅਰਸ਼ਦੀਪ ਸਿੰਘ ਨੂੰ ਦੁਬਾਰਾ ਹਿਰਾਸਤ 'ਚ ਲੈ ਕੇ ਲੁਧਿਆਣਾ ਜੇਲ੍ਹਾ ਭੇਜ ਦਿੱਤਾ ਸੀ। ਪੁਲੀਸ ਨੇ 3 ਜੁਲਾਈ ਨੂੰ ਸ਼ੁਤਰਾਣਾ ਦੇ ਸਰਪੰਚ ਰਮੇਸ਼ ਕੁਮਾਰ ਨੂੰ ਦੱਸਿਆ ਕਿ ਅਰਸ਼ਦੀਪ ਸਿੰਘ ਦੀ ਹਾਲਤ ਖ਼ਰਾਬ ਹੈ। ਉਸ ਨੂੰ ਲੁਧਿਆਣਾ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਹੈ। ਅਰਸ਼ਦੀਪ ਦੀ ਮਾਂ ਜਦੋਂ ਆਪਣੇ ਪੁੱਤਰ ਨੂੰ ਮਿਲਣ ਹਸਪਤਾਲ ਪਹੁੰਚੀ ਤਾਂ ਪੁਲੀਸ ਨੇ ਉਸ ਨੂੰ ਮਿਲਣ ਨਾ ਦਿੱਤਾ। ਸਰਬਜੀਤ ਕੌਰ ਨੇ ਕਿਹਾ ਕਿ ਉਸ ਦੇ ਪੁੱਤਰ ਦੀ ਮੌਤ ਦੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਇਨਸਾਫ਼ ਦਿੱਤਾ ਜਾਵੇ।

ਸਾਬਕਾ ਸਰਪੰਚ ਪਲਵਿੰਦਰ ਕੌਰ ਹਰਿਆਊ, ਸਰਪੰਚ ਰਮੇਸ਼ ਕੁਮਾਰ ਆਦਿ ਨੂੰ ਡੀ ਐੱਸ ਪੀ ਪਾਤੜਾਂ ਨੇ ਕਿਹਾ ਹੈ ਕਿ ਅਰਸ਼ਦੀਪ ਸਿੰਘ ਦੇ ਮਾਮਲੇ 'ਚ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰਵਾ ਦਿੱਤਾ ਜਾਵੇਗਾ ਪਰ ਧਰਨਕਾਰੀਆਂ ਨੇ ਕਿਹਾ ਹੈ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰ ਨੂੰ ਨੌਕਰੀ ਅਤੇ 50 ਲੱਖ ਰੁਪਏ ਦੀ ਮਾਲੀ ਸਹਾਇਤਾ ਕੀਤੀ ਜਾਵੇ।

ਡੀ ਐੱਸ ਪੀ ਪਾਤੜਾਂ ਨੇ ਕਿਹਾ ਉਨ੍ਹਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ ਤਾਂ ਧਰਨਾਕਾਰੀਆਂ ਨੇ ਫ਼ੈਸਲਾ ਕੀਤਾ ਹੈ ਕਿ ਜੇ ਇਨਸਾਫ਼ ਨਾ ਮਿਲਿਆ ਤਾਂ 8 ਜੁਲਾਈ ਤੋਂ ਸ਼ਹਿਰ ਦੇ ਭਗਤ ਸਿੰਘ ਚੌਂਕ ਵਿੱਚ ਧਰਨਾ ਸ਼ੁਰੂ ਕਰ ਦਿੱਤਾ ਜਾਵੇਗਾ।

# ਨਿਊ ਮੇਹਰ ਸਿੰਘ ਕਲੋਨੀ ਵੈਲਫੇਅਰ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਹੋਈ ਚੋਣ

## ਪ੍ਰਿਤਪਾਲ ਸਿੰਘ ਪ੍ਰਧਾਨ, ਨਰਿੰਦਰ ਕੁਮਾਰ ਭੱਲਾ ਜਨਰਲ ਸੈਕਟਰੀ ਤੇ ਹਰਜੀਤ ਸਿੰਘ ਫਾਇਨਾਂਸ ਸੈਕਟਰੀ ਚੁਣੇ ਗਏ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਮੇਹਰ ਸਿੰਘ ਕਲੋਨੀ ਵੈਲਫੇਅਰ ਐਸੋਸੀਏਸ਼ਨ ਪਟਿਆਲਾ (ਰਜਿ:) ਦੇ ਤਿੰਨ ਅਹੁਦੇਦਾਰਾਂ ਦੀ ਚੋਣ, ਜਿਸ ਵਿੱਚ ਪ੍ਰਧਾਨ, ਜਨਰਲ ਸੈਕਟਰੀ ਅਤੇ ਫਾਇਨਾਂਸ ਸੈਕਟਰੀ ਦੀ ਚੋਣ ਪਿਛਲੇ ਦਿਨੀਂ ਸਰਬਸੰਮਤੀ ਨਾਲ ਹੋਈ ਸੀ। ਇਸ ਚੋਣ ਵਿੱਚ ਤਿੰਨ ਨੋਮੀਨੇਸ਼ਨ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦਾ ਨੋਮੀਨੇਸ਼ਨ ਨਹੀਂ ਪਹੁੰਚਿਆ ਆਇਆ ਸੀ। ਇਸ ਕਰਕੇ ਕਾਰਜਕਾਰਨੀ ਨੇ ਸਰਬਸੰਮਤੀ ਨਾਲ ਸ. ਪ੍ਰਿਤਪਾਲ ਸਿੰਘ ਪ੍ਰਧਾਨ, ਸ੍ਰੀ ਨਰਿੰਦਰ ਕੁਮਾਰ ਭੱਲਾ ਜਨਰਲ ਸੈਕਟਰੀ ਅਤੇ ਸ. ਹਰਜੀਤ ਸਿੰਘ ਫਾਇਨਾਂਸ ਸੈਕਟਰੀ ਸਰਬਸੰਮਤੀ ਨਾਲ ਚੁਣੇ ਗਏ ਸਨ। ਮਿਤੀ 4 ਜੁਲਾਈ 2026 ਨੂੰ ਤਿੰਨੋਂ ਚੁਣੇ ਗਏ ਅਹੁਦੇਦਾਰਾਂ ਨੇ ਇੱਕ ਵਿਸ਼ੇਸ਼ ਮੀਟਿੰਗ ਕਲੋਨੀ ਵਿਖੇ ਰੱਖੀ ਗਈ, ਜਿਸ ਵਿੱਚ ਪ੍ਰਧਾਨ, ਜਨਰਲ ਸੈਕਟਰੀ ਅਤੇ ਫਾਇਨਾਂਸ ਸੈਕਟਰੀ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ. ਮਹਿੰਦਰ ਸਿੰਘ ਵਿਰਕ ਨੂੰ ਸਰਪ੍ਰਸਤ, ਇੰਜੀ: ਦਰਸ਼ਨ ਸਿੰਘ ਚਾਹਲ ਤੇ ਇੰਜੀ: ਗੁਰਵਿੰਦਰ ਸਿੰਘ ਸ਼ਕਤੀਮਾਨ ਸੀਨੀਅਰ ਵਾਇਸ ਪ੍ਰਧਾਨ, ਗੁਰਬਚਨ ਸਿੰਘ ਤੇ ਸੁਰਿੰਦਰ ਸਿੰਘ ਚੌਹਾਨ ਵਾਈਸ ਪ੍ਰੈਜ਼ੀਡੈਂਟ, ਓਮ ਪ੍ਰਕਾਸ਼ ਖੰਨਾ ਸੈਕਟਰੀ, ਅਵਤਾਰ ਸਿੰਘ ਪ੍ਰੈਸ ਸੈਕਟਰੀ, ਰਾਜਿੰਦਰ ਸਿੰਘ ਪ੍ਰਚਾਰ ਸਕੱਤਰ, ਅਨਿਲ ਕੁਮਾਰ ਚੌਹਾਨ (ਐਡੀਟਰ), ਸੰਜੀਵ ਮਾਨ, ਕੇ.ਕੇ. ਵੋਹਰਾ ਤੇ ਕਾਕਾ ਰਾਮ (ਐਡਵਾਈਜ਼ਰ), ਸੁਰਿੰਦਰ ਸਿੰਘ, ਰਮਿੰਦਰ ਸਿੰਘ ਅਤੇ ਇੰਦਰਪਾਲ ਸਿੰਘ ਬਖਸ਼ੀ ਨੂੰ (ਸਪੈਸ਼ਲ ਇੰਨਵਾਈਟੀ) ਨਿਯੁਕਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਐਸੋਸੀਏਸ਼ਨ ਦੇ ਨਵ-ਨਿਯੁਕਤ ਪ੍ਰਧਾਨ ਪ੍ਰਿਤਪਾਲ ਸਿੰਘ ਅਤੇ ਸਮੁੱਚੀ ਟੀਮ ਨੇ ਕਲੋਨੀ ਦੇ ਵਿਕਾਸ ਲਈ, ਕਲੋਨੀ ਦੀ ਵੈਲਫੇਅਰ ਲਈ, ਸਬੰਧਤ ਸਾਰੇ ਵਿਭਾਗਾਂ ਤੋਂ ਕਲੋਨੀ ਦਾ ਵਿਕਾਸ ਕਰਵਾਉਣ ਲਈ ਅਤੇ ਕਲੋਨੀ ਦੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ ਅਤੇ ਸਾਰੇ ਅਹੁਦੇਦਾਰਾਂ ਨੇ ਕਿਹਾ ਕਿ ਐਸੋਸੀਏਸ਼ਨ ਦੇ ਕਾਰਜ ਸਾਰਿਆਂ ਨੂੰ ਨਾਲ ਲੈ ਕੇ ਪੂਰੀ ਇਮਾਨਦਾਰੀ ਨਾਲ ਕੀਤੇ ਜਾਣਗੇ ਅਤੇ ਐਸੋਸੀਏਸ਼ਨ ਦੀ ਪੂਰੀ ਟੀਮ ਕਲੋਨੀ ਦੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਵੀ ਆਪਣਾ ਸਹਿਯੋਗ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਇਸ ਮੌਕੇ 'ਤੇ ਪ੍ਰਧਾਨ ਸਾਹਿਬ ਵੱਲੋਂ ਸਾਰੀ ਸਮੁੱਚੀ ਟੀਮ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਵੀ ਕੀਤਾ ਗਿਆ ਅਤੇ ਸਾਰੀ ਟੀਮ ਨੂੰ ਵਧਾਈ ਵੀ ਦਿੱਤੀ। ਇਹ ਟੀਮ ਦੋ ਸਾਲ ਲਈ ਚੁਣੀ ਗਈ ਹੈ।

# ਭਗਵਾਨ ਸ਼੍ਰੀ ਵਿਸ਼ਵਕਰਮਾ ਮੰਦਰ ਕਮੇਟੀ ਪਟਿਆਲਾ ਦਾ ਵਫਦ ਡੀਸੀ ਪਟਿਆਲਾ ਨੂੰ ਮਿਲਿਆ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ੍ਰੀ ਵਿਸ਼ਵਕਰਮਾ ਮੰਦਿਰ ਕਮੇਟੀ ਰਜਿ 1429 ਵਿਸ਼ਵਕਰਮਾ ਮਾਰਗ ਲਹੌਰੀ ਗੇਟ ਪਟਿਆਲਾ 2021 ਦੇ ਵਿੱਚ ਵਿਸ਼ਵਕਰਮਾ ਮੰਦਰ ਕਮੇਟੀ ਲੋਹਰੀ ਗੇਟ ਨੂੰ ਅਲਾਟ ਹੋਏ ਪਲਾਟ 1700 ਵਰਗ ਗਜ ਪਿੰਡ ਰਾਈ ਮਾਜਰਾ ਦੇ ਉੱਤੇ ਕਬਜ਼ਾ ਹੋਣ ਤੇ ਕਾਰਪੋਰੇਸ਼ਨ ਨੂੰ ਇਤਲਾਹ ਦਿੱਤੀ ਗਈ ਇਤਲਾਹ ਤੋਂ ਬਾਅਦ ਕਾਰਪੋਰੇਸ਼ਨ ਨੇ ਉਸ ਤੇ ਕਾਰਵਾਈ ਕਰਦੇ ਹੋਏ ਜੋ ਚਾਰਦਵਾਰੀ ਸੀ ਉਸ ਨੂੰ ਢਾਹ ਦਿੱਤਾ ਇਸ ਉਪਰੰਤ ਮੰਦਰ ਕਮੇਟੀ ਵੱਲੋਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਜੀ ਨੂੰ ਇੱਕ ਮੈਮੋਰੰਡਮ ਦਿੱਤਾ ਜਿਸ ਵਿੱਚ ਜੋ ਜਮੀਨ ਵਿਸ਼ਵਕਰਮਾ ਮੰਦਰ ਕਮੇਟੀ ਅਤੇ ਰਾਮਗੜੀਆ ਭਵਨ ਵਾਸਤੇ ਅਲਾਟ ਕੀਤੀ ਸੀ ਇਸ ਜਗ੍ਹਾ ਨੂੰ ਮੁੜ ਅਲਾਟ ਕਰਨ ਦੇ ਲਈ ਡੀਸੀ ਸਾਹਿਬ ਨੂੰ ਪੱਤਰ ਦਿੱਤਾ ਗਿਆ\।

ਉਹਨਾਂ ਨੇ ਵਿਸ਼ਵਾਸ਼ ਦਵਾਇਆ ਅਤੇ ਤੁਰੰਤ ਨਗਰ ਕਮਿਸ਼ਨਰ ਨਗਰ ਨਿਗਮ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਇਸ ਮੌਕੇ ਸ੍ਰੀ ਭਗਵਾਨ ਵਿਸ਼ਵਕਰਮਾ ਮੰਦਿਰ ਕਮੇਟੀ ਲਾਹੌਰੀ ਗੇਟ ਵੱਲੋਂ ਡੀਸੀ ਸਾਹਿਬ ਨੂੰ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦਾ ਇੱਕ ਪੋਰਟਰੇਟ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਪ੍ਰਧਾਨ ਸ ਅਮਰਜੀਤ ਸਿੰਘ ਰਾਮਗੜੀਆ ਜੀ ਸੀਨੀਅਰ ਵਾਈਸ ਪ੍ਰਧਾਨ ਸਰਦਾਰ ਸੁਰਜੀਤ ਸਿੰਘ ਧੀਮਾਨ ਜੀ ਸਕੱਤਰ ਜਗਜੀਤ ਸਿੰਘ ਸੱਗੂ ਪ੍ਰਧਾਨ ਮੀਤ ਪ੍ਰਧਾਨ ਬਲਜਿੰਦਰ ਸਿੰਘ ਜੰਡੂ ਖਜਾਨਚੀ ਅਮਨਦੀਪ ਗਹੀਰ ਜਰਨਲ ਸਕੱਤਰ ਸੁਰਿੰਦਰ ਵਿਰਦੀ,ਗੁਰਦੀਪ ਸਿੰਘ ਪ੍ਰੈਸ ਸਕੱਤਰ ਰਾਮ ਲਾਲ ਜੀ ਅਤੇ ਚੇਅਰਮੈਨ ਰਾਮ ਕ੍ਰਿਸ਼ਨ ਰਲ੍ਹਣ ਜਸਵਿੰਦਰ ਸਿੰਘ ਵੇਰਕਾ ਕਰਨੈਲ ਸਿੰਘ ਮੁੰਡੇ ਸਹਿ ਸਕੱਤਰ ਸੁਰਿੰਦਰ ਸਿੰਘ ਜੰਡੂ ਆਦਿ ਹਾਜਰ ਸਨ ਜੀ ਹਾਜਰ ਸਨ।

# ਵਾਇਰਲ ਦਾ ਮੁਕਾਬਲਾ ਕਰੇ ਸਹੀ ਖਾਣ-ਪੀਣ



**-ਵਾਇਰਲ ਬੁਖ਼ਾਰ ਹੋਣ 'ਤੇ ਘੱਟੋ ਘੱਟ 3 ਲੀਟਰ ਪਾਣੀ ਪੀਣਾ ਚਾਹੀਦਾ ਹੈ। ਅਦਰਕ ਵਾਲੀ ਚਾਹ ਪੀਣ ਨਾਲ ਗਲੇ ਦਾ ਦਰਦ ਕਾਫੀ ਹੱਦ ਤਕ ਠੀਕ ਹੁੰਦਾ ਹੈ ਅਤੇ ਬੁਖ਼ਾਰ ਤੋਂ ਰਾਹਤ ਮਿਲਦੀ ਹੈ। ਇਸ ਤੋਂ ਇਲਾਵਾ ਸਰ੍ਹੋਂ ਦੇ ਤੇਲ ਵਿਚ 4-5 ਲਸਣ ਦੀਆਂ ਕਲੀਆਂ ਪਾ ਕੇ ਗਰਮ ਕਰੋ। ਇਸ ਕੋਸੇ ਤੇਲ ਨਾਲ ਪੈਰਾਂ ਦੀਆਂ ਤਲੀਆਂ ਝੱਸਣ ਨਾਲ ਬੁਖ਼ਾਰ ਤੋਂ ਆਰਾਮ ਮਿਲਦਾ ਹੈ। ਸਫਾਈ ਦਾ ਵਿਸ਼ੇਸ਼ ਧਿਆਨ ਰੱਖੋ...**

ਡੇਂਗੂ ਤੋਂ ਬਾਅਦ ਲੋਕਾਂ ਨੂੰ ਸਭ ਤੋਂ ਵੱਧ ਪਰੇਸ਼ਾਨ ਕਰਦਾ ਹੈ ਵਾਇਰਲ। ਵਾਇਰਲ ਕਈ ਤਰ੍ਹਾਂ ਦੇ ਇਨਫੈਕਸ਼ਨ ਕਾਰਨ ਹੁੰਦਾ ਹੈ। ਇਥੋਂ ਤਕ ਕਿ ਕਈ ਵਾਇਰਸ ਵੀ ਵਾਇਰਲ ਦਾ ਕਾਰਨ ਬਣਦੇ ਹਨ। ਵਾਇਰਲ ਦੇ ਦੌਰਾਨ ਆਮ ਤੌਰ 'ਤੇ ਚੱਕਰ ਆਉਣਾ, ਜ਼ੁਕਾਮ ਹੋਣਾ ਅਤੇ ਗਲੇ ਵਿਚ ਖ਼ਰਾਸ਼ ਵਰਗੀਆਂ ਮੁਸ਼ਕਿਲਾਂ ਆਉਣ ਲਗਦੀਆਂ ਹਨ। ਕੀ ਤੁਸੀਂ ਜਾਣਦੇ ਹੋ ਕਿ ਵਾਇਰਲ ਦੌਰਾਨ ਸਹੀ ਖਾਣ-ਪੀਣ ਨਾਲ ਨਾ ਸਿਰਫ਼ ਤੁਸੀਂ ਆਪਣਾ ਇਮਿਊਨ ਸਿਸਟਮ ਮਜ਼ਬੂਤ ਕਰ ਸਕਦੇ ਹੋ ਸਗੋਂ ਵਾਇਰਲ ਬੁਖ਼ਾਰ ਵੀ ਦੂਰ ਕਰ ਸਕਦੇ ਹੋ। ਆਓ ਜਾਣੀਏ ਕਿ ਕਿਨ੍ਹਾਂ ਸੁਪਰਫੂਡਜ਼ ਵਿਚ ਵਾਇਰਲ ਦੂਰ ਕਰਨ ਦੀ ਸਮਰੱਥਾ ਹੁੰਦੀ ਹੈ।

- ਜਦੋਂ ਤੁਸੀਂ ਕਿਸੇ ਵੀ ਵਾਇਰਸ ਤੋਂ ਪ੍ਰਭਾਵਿਤ ਹੁੰਦੇ ਹੋ ਤਾਂ ਸਭ ਤੋਂ ਵਧੀਆ ਤਰੀਕਾ ਹੁੰਦਾ ਹੈ ਉਸ ਨੂੰ ਜੜ੍ਹੋਂ ਖ਼ਤਮ ਕਰ ਦੇਣਾ। ਕਿਸੇ ਵੀ ਵਾਇਰਸ ਨੂੰ ਦੂਰ ਕਰਨ ਲਈ ਪਾਣੀ ਤੋਂ ਬਿਹਤਰ ਹੋਰ ਕੁਝ ਨਹੀਂ ਹੋ ਸਕਦਾ। ਪਾਣੀ ਜ਼ਿਆਦਾ ਮਾਤਰਾ ਵਿਚ ਪੀ ਕੇ ਤੁਸੀਂ ਸਰੀਰ 'ਚੋਂ ਜ਼ਹਿਰੀਲਾ ਮਾਦਾ ਬਾਹਰ ਕੱਢ ਸਕਦੇ ਹੋ।
- ਜੇ ਤੁਹਾਨੂੰ ਵਾਇਰਲ ਬੁਖ਼ਾਰ ਹੈ ਤਾਂ ਤੁਹਾਨੂੰ ਤੁਲਸੀ ਦਾ ਸੇਵਨ ਕਰਨਾ ਚਾਹੀਦਾ ਹੈ। ਸਵੇਰ ਦੇ ਸਮੇਂ ਇਕ ਕੱਪ ਚਾਹ ਵਿਚ ਤੁਲਸੀ ਪਾ ਕੀ ਪੀਣਾ ਚਾਹੀਦਾ ਹੈ। ਇੰਨਾ ਹੀ ਨਹੀਂ, ਤੁਲਸੀ ਦੀਆਂ ਪੱਤੀਆਂ ਨੂੰ ਪਾਣੀ ਵਿਚ ਪਾ ਕੀ ਪੀਣ ਨਾਲ ਵੀ ਕਾਫੀ ਲਾਭ ਮਿਲਦਾ ਹੈ।
- ਵਾਇਰਲ ਬੁਖ਼ਾਰ ਦੇ ਦੌਰਾਨ ਸੰਤਰੇ ਦਾ ਜੂਸ ਬਹੁਤ ਫਾਇਦਾ ਕਰਦਾ ਹੈ। ਸਰੀਰ ਨੂੰ ਮਜ਼ਬੂਤੀ ਦੇਣ ਵਿਚ ਸੰਤਰੇ ਦਾ ਜੂਸ ਬਹੁਤ ਫਾਇਦੇਮੰਦ ਹੈ। ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਣ ਲਈ ਘਰ ਵਿਚ ਸੰਤਰੇ ਦਾ ਜੂਸ ਕੱਢ ਕੇ ਪੀਓ।
- ਬਲੈਕ ਟੀ ਵਿਚ ਅਦਰਕ ਦਾ ਰਸ ਮਿਲਾ ਲਓ ਅਤੇ ਇਕ ਚਮਚ ਸ਼ਹਿਦ ਮਿਲਾਓ। ਹਲਕੇ ਗਰਮ ਪਾਣੀ ਨਾਲ ਵੀ ਅਦਰਕ ਦਾ ਰਸ ਲਿਆ ਜਾ ਸਕਦਾ ਹੈ। ਇਸ ਨਾਲ ਗਲੇ ਨੂੰ ਆਰਾਮ ਮਿਲਦਾ ਹੈ ਅਤੇ ਵਾਇਰਲ ਫੀਵਰ ਜਲਦੀ ਦੂਰ ਹੋਣ ਵਿਚ ਮਦਦ ਮਿਲਦੀ ਹੈ।
- ਵਾਇਰਲ ਹੋਣ 'ਤੇ ਥੋੜ੍ਹੀਆਂ ਉਬਲੀਆਂ ਹੋਈਆਂ ਸਬਜ਼ੀਆਂ ਨੂੰ ਬਿਨਾ ਮਸਾਲਾ ਖਾਣ ਨਾਲ ਵੀ ਲਾਭ ਮਿਲਦਾ ਹੈ। ਕਾਲੀ ਮਿਰਚ ਅਤੇ ਹਲਕਾ ਨਮਕ ਉਬਲੀਆਂ ਸਬਜ਼ੀਆਂ 'ਤੇ ਪਾ ਕੇ ਖਾਣ ਨਾਲ ਸਰੀਰ ਦਾ ਤਾਪਮਾਨ ਵੀ ਠੀਕ ਹੁੰਦਾ ਹੈ ਅਤੇ ਇਮਿਊਨ ਸਿਸਟਮ ਵੀ ਵਧਦਾ ਹੈ।
- ਵਾਇਰਲ ਬੁਖ਼ਾਰ ਨਾਲ ਪੀੜਤ ਹੋਣ 'ਤੇ ਦਲੀਆ ਖਾਣਾ ਬਹੁਤ ਫਾਇਦੇਮੰਦ ਰਹਿੰਦਾ ਹੈ। ਫਾਈਬਰ ਭਰਪੂਰ ਦਲੀਆ ਖਾਣ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ ਅਤੇ ਕਮਜ਼ੋਰੀ ਦੂਰ ਹੁੰਦੀ ਹੈ।
- ਐਂਟੀਆਕਸੀਡੈਂਟ ਨਾਲ ਭਰਪੂਰ ਕਿਸ਼ਮਿਸ਼ ਖਾਣੀ ਚਾਹੀਦੀ ਹੈ। ਇਸ ਨਾਲ ਸਰੀਰ ਵਿਚ ਮੌਜੂਦ ਇਨਫੈਕਸ਼ਨ ਨਾਲ ਲੜਨ ਵਿਚ ਮਦਦ ਮਿਲਦੀ ਹੈ।
- ਲਸਣ ਨੂੰ ਖਾਣੇ ਵਿਚ ਜ਼ਿਆਦਾ ਸ਼ਾਮਿਲ ਕਰਨ ਨਾਲ ਇਨਫੈਕਸ਼ਨ ਦਾ ਅਸਰ ਖ਼ਤਮ ਹੁੰਦਾ ਹੈ।
- ਪੁਦੀਨੇ ਦੇ ਸੇਵਨ ਨਾਲ ਵੀ ਬੁਖ਼ਾਰ ਵਿਚ ਆਰਾਮ ਮਿਲਦਾ ਹੈ। ਇਸ ਨਾਲ ਇਮਿਊਨ ਸਿਸਟਮ ਵੀ ਵਧਦਾ ਹੈ ਅਤੇ ਕੁਦਰਤੀ ਤਰੀਕੇ ਨਾਲ ਇਨਫੈਕਸ਼ਨ ਦਾ ਅਸਰ ਖ਼ਤਮ ਕੀਤਾ ਜਾ ਸਕਦਾ ਹੈ।
- ਸਬਜ਼ੀਆਂ ਦਾ ਸੂਪ ਪੀਣ ਜਾਂ ਪ੍ਰੋਟੀਨ ਅਤੇ ਵਿਟਾਮਿਨ ਭਰਪੂਰ ਫਲ ਖਾਣ ਨਾਲ ਵੀ ਬੁਖ਼ਾਰ ਨੂੰ ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ।
- ਦੋ ਤਿੰਨ ਲੌਂਗ ਪੀਹ ਕੇ ਪਾਊਡਰ ਬਣਾ ਲਓ। ਇਕ ਚਮਚ ਸ਼ਹਿਦ ਲਓ ਅਤੇ ਉਸ ਵਿਚ ਲੌਂਗ ਦਾ ਪਾਊਡਰ ਮਿਲਾ ਕੇ ਦਿਨ ਵਿਚ 3 ਵਾਰ ਲਓ।

• ਫ਼ੀਚਰ ਡੈਸਕ

# ਬਰਸਾਤ 'ਚ ਬਚੋ ਬੈਕਟੀਰੀਅਲ ਇਨਫੈਕਸ਼ਨ ਤੋਂ



ਬਰਸਾਤ ਦੀਆਂ ਝੜੀਆਂ ਮੌਸਮ ਨੂੰ ਖ਼ੁਸ਼ਗਵਾਰ ਬਣਾ ਰਹੀਆਂ ਹਨ। ਪਰ ਹੁੰਮਸ ਭਰਿਆ ਇਹ ਮੌਸਮ ਚਮੜੀ ਸਬੰਧੀ ਕਈ ਰੋਗਾਂ ਨੂੰ ਵੀ ਨਾਲ ਲੈ ਕੇ ਆਉਂਦਾ ਹੈ। ਮਾਨਸੂਨ ਵਿਚ ਕਈ ਲੋਕਾਂ ਨੂੰ ਖਾਜ, ਫੋੜੇ ਫਿਨਸੀਆਂ ਜਾਂ ਤੇਲਯੁਕਤ ਚਮੜੀ ਵਰਗੀਆਂ ਸਮੱਸਿਆਵਾਂ ਆਮ ਦੇਖਣ ਨੂੰ ਮਿਲਦੀਆਂ ਹਨ ਪਰ ਬੈਕਟੀਰੀਅਲ ਅਤੇ ਫੰਗਲ ਇਨਫੈਕਸ਼ਨ ਸਭ ਤੋਂ ਵੱਧ ਪਰੇਸ਼ਾਨੀ ਦਾ ਕਾਰਨ ਬਣਦੇ ਹਨ ਅਤੇ ਸਮੇਂ ਸਿਰ ਇਸ 'ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ।

ਚਮੜੀ ਰੋਗ ਮਾਹਿਰਾਂ ਇਸ ਸਮੱਸਿਆ ਤੋਂ ਬਚਣ ਲਈ ਸਲਾਹ ਦਿੰਦੇ ਹਨ ਕਿ ਫੰਗਲ ਇਨਫੈਕਸ਼ਨ ਦਾ ਸਭ ਤੋਂ ਆਮ ਕਾਰਨ ਸਫਾਈ ਦੀ ਕਮੀ ਹੈ। ਜਿਸ ਕਾਰਨ ਚਮੜੀ ਲਾਲ ਹੋਣਾ ਜਾਂ ਸੁੱਜਣਾ ਅਤੇ ਵਾਲ਼ਾਂ ਵਿਚ ਸਿਕਰੀ ਵਰਗੀ ਸਮੱਸਿਆ ਆਮ ਹੁੰਦੀ ਹੈ। ਸਾਧਾਰਨ ਫੰਗਲ ਇਨਫੈਕਸ਼ਨ ਦੇ ਮੁਕਾਬਲੇ ਖੋਪੜੀ ਦੀ ਚਮੜੀ ਵਿਚ ਇਨਫੈਕਸ਼ਨ ਦੇ ਲੱਛਣ ਕੁਝ ਵੱਖਰੇ ਹੁੰਦੇ ਹਨ। ਇਸ ਲਈ ਸਿਰ 'ਤੇ ਸਿਕਰੀ ਹੁੰਦਿਆਂ ਹੀ ਜਲਦੀ ਤੋਂ ਜਲਦੀ ਮਾਹਿਰ ਡਾਕਟਰ ਦੀ ਮਦਦ ਲਓ। ਜੇਕਰ ਇਸ ਦਾ ਸਮੇਂ ਸਿਰ ਇਲਾਜ ਸ਼ੁਰੂ ਨਾ ਕੀਤਾ ਜਾਵੇ ਤਾਂ ਵਾਲ ਝੜ ਸਕਦੇ ਹਨ ਅਤੇ ਸਮੱਸਿਆ ਵਧ ਸਕਦੀ ਹੈ।

### ਉਪਾਅ

- ਸਫ਼ਾਈ ਦਾ ਵੱਧ ਤੋਂ ਵੱਧ ਖਿਆਲ ਰੱਖੋ।
- ਬਾਹਰ ਦੇ ਤਲੇ ਭੋਜਨ ਤੋਂ ਪਰਹੇਜ਼ ਕਰੋ।
- ਵਾਲਾਂ ਨੂੰ ਹਫ਼ਤੇ ਵਿਚ ਘੱਟ ਤੋਂ ਘੱਟ ਦੋ ਵਾਰ ਜ਼ਰੂਰ ਧੋਵੋ।
- ਲੋੜ ਪੈਣ 'ਤੇ ਸਹੀ ਫੰਗਲ ਰੋਧਕ ਉਤਪਾਦ ਦੀ ਵਰਤੋਂ ਕਰੋ।
- ਨਹਾਉਣ ਲਈ ਐਂਟੀ ਬੈਕਟਰੀਅਲ ਸਾਬਣ ਦੀ ਵਰਤੋਂ ਕਰੋ।
- ਹੋ ਸਕੇ ਤਾਂ ਹਰਬਲ ਉਤਪਾਦਾਂ ਦੀ ਵਰਤੋਂ ਕਰੋ।
- ਸਮੱਸਿਆ ਹੋਣ 'ਤੇ ਆਪਣੇ ਤੌਰ 'ਤੇ ਦਵਾਈ ਖਾਣ ਤੋਂ ਬਚੋ ਅਤੇ ਮਾਹਿਰ ਡਾਕਰਟ ਤੋਂ ਇਲਾਜ ਸ਼ੁਰੂ ਕਰਾਓ।

### ਉਪਾਅ

ਸਿਰ ਦੀ ਚਮੜੀ ਵਿਚ ਇਨਫੈਕਸਨ ਤੋਂ ਬਚਾਅ ਅਤੇ ਇਲਾਜ ਬਾਰੇ ਡਾਕਟਰਾਂ ਦਾ ਕਹਿਣਾ ਹੈ ਕਿ ਸਿਰ ਨੂੰ ਸੁੱਕਾ ਰੱਖਣਾ ਚਾਹੀਦਾ ਹੈ। ਬਰਸਾਤ ਵਿਚ ਭਿੱਜਣ ਤੋਂ ਬਾਅਦ ਜੇਕਰ ਵਾਲ਼ਾਂ ਨੂੰ ਜਲਦੀ ਨਾ ਸੁਕਾਇਆ ਜਾਵੇ ਤਾਂ ਵਾਲ਼ਾਂ ਵਿਚ ਨਮੀ ਰਹਿਣ ਕਾਰਨ ਫੰਗਲ ਇਨਫੈਕਸ਼ਨ ਦਾ ਖ਼ਤਰਾ ਬਣ ਸਕਦਾ ਹੈ। ਮਾਨਸੂਨ ਵਿਚ ਫੰਗਲ ਇਨਫੈਕਸ਼ਨ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਸਫਾਈ ਹੈ। ਲੋੜ ਪੈਣ 'ਤੇ ਫੰਗਲ ਰੋਕੂ ਅਤੇ ਐਂਟੀ ਬੈਕਟੀਰੀਅਲ ਪਾਊਡਰ ਦੀ ਵਰਤੋਂ ਵੀ ਫਾਇਦੇਮੰਦ ਰਹਿੰਦੀ ਹੈ।

### ਕਿਉਂ ਫੈਲਦੇ ਹਨ ਕੀਟਾਣੂ

ਬਰਸਾਤ ਨਾਲ ਵਾਤਾਵਰਣ ਦੇ ਤਾਪਮਾਨ 'ਚ ਤਬਦੀਲੀ ਆਉਂਦੀ ਹੈ। ਹਵਾ ਵਿਚ ਨਮੀ ਦੀ ਮਾਤਰਾ ਵਧ ਜਾਂਦੀ ਹੈ। ਨਮੀ ਕਾਰਨ ਚਮੜੀ 'ਤੇ ਇਸ ਦਾ ਸਿੱਧਾ ਅਸਰ ਪੈਂਦਾ ਹੈ। ਇਸ ਮੌਸਮ ਵਿਚ ਚਮੜੀ ਸਬੰਧੀ ਰੋਗ, ਇਨਫੈਕਸ਼ਨ ਅਤੇ ਜਲਣ ਆਦਿ ਦਾ ਖ਼ਤਰਾ 10 ਗੁਣਾ ਵਧ ਜਾਂਦਾ ਹੈ ਇਸ ਦੌਰਾਨ ਹਵਾ ਵਿਚ ਮੌਜੂਦ ਨਮੀ ਸਰੀਰ ਵਿਚ ਤੇਲ ਦੀ ਮਾਤਰਾ ਵਧਾਉਂਦੀ ਹੈ।

# ਦਸਤਾਂ ਦੌਰਾਨ ਕੀ ਕਰੀਏ ?

ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਦਸਤ ਰੋਗ ਦੀ ਰੋਕਥਾਮ ਸਬੰਧੀ 10 ਤੋਂ 24 ਜੁਲਾਈ ਤੀਕ ਦਾ ਸਮਾਂ 'ਦਸਤ ਰੋਕੂ ਪੰਦਰਵਾੜੇ' ਦੇ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਉਦੇਸ਼ ਆਮ ਲੋਕਾਂ ਨੂੰ ਦਸਤ ਰੋਗ ਤੋਂ ਬਚਾਅ, ਹੱਥਾਂ ਦੀ ਉਚਿਤ ਸਾਫ਼-ਸਫਾਈ ਅਤੇ ਓਆਰਐੱਸ ਘੋਲ ਨੂੰ ਕਿਵੇਂ ਤਿਆਰ ਕਰਨਾ ਹੈ ਸੰਬੰਧੀ ਜਾਗਰੂਕ ਕਰਨਾ ਹੈ। ਇਸ ਤੋਂ ਇਲਾਵਾ ਸਿਹਤ ਕਰਮੀਆਂ ਵੱਲੋਂ 5 ਸਾਲ ਤੀਕ ਦੇ ਬੱਚਿਆਂ ਲਈ ਓਆਰਐੱਸ ਦੇ ਪੈਕਟ ਵੰਡੇ ਜਾਣਗੇ ਅਤੇ ਪ੍ਰਭਾਵਿਤ ਬੱਚਿਆਂ ਨੂੰ ਜ਼ਿੰਕ ਦੀਆਂ ਗੋਲੀਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਗਰਮੀਆਂ ਅਤੇ ਬਰਸਾਤਾਂ ਦੇ ਮੌਸਮ 'ਚ ਦਸਤ ਰੋਗ ਭਾਈਚਾਰੇ ਲਈ ਇੱਕ ਸਿਹਤ ਸਮੱਸਿਆ ਪੈਦਾ ਕਰਦਾ ਹੈ। ਭਾਰਤ ਵਿੱਚ ਨਵਜਾਤਾਂ ਅਤੇ 5 ਸਾਲ ਤੀਕ ਦੇ ਬੱਚਿਆਂ ਦੀਆਂ ਮੌਤਾਂ ਲਈ ਜਿੰਮੇਵਾਰ ਮੁੱਖ ਪੰਜ ਬਿਮਾਰੀਆਂ ਵਿੱਚ ਦਸਤ ਵੀ ਸ਼ਾਮਲ ਹੈ। ਦਸਤਾਂ ਨਾਲ ਸੰਬੰਧਿਤ ਬਹੁਤੀਆਂ ਮੌਤਾਂ ਨਿਰਜਲੀਕਰਨ ਕਾਰਣ ਹੋ ਜਾਂਦੀਆਂ ਹਨ ਪਰੰਤੂ ਮੌਤ ਦਰ ਨੂੰ ਮੂੰਹ ਰਾਹੀਂ ਪੁਨਰ ਜਲੀਕਰਨ ਓਰਲ ਰੀਹਾਈਡਰੇਸ਼ਨ ਥੈਰਪੀ ਨਾਲ ਘਟਾਇਆ ਜਾ ਸਕਦਾ ਹੈ। ਦਸਤਾਂ ਦੀ ਇਹ ਮਾਰ ਅਪੂਰਣ ਖ਼ੁਰਾਕ ਲੈਣ ਵਾਲੇ ਬੱਚਿਆਂ 'ਤੇ ਵੱਧ ਪੈਂਦੀ ਹੈ।

ਆਮ ਆਦਮੀ ਦਿਹਾੜੀ ਵਿੱਚ 1-2 ਵਾਰ ਪਾਖ਼ਾਨਾ ਜਾਂਦਾ ਹੈ। ਪਾਖ਼ਾਨੇ ਰਸਤੇ ਆਮ ਨਾਲੋਂ ਜ਼ਿਆਦਾ ਪਤਲਾ ਜਾਂ ਪਾਣੀ ਵਰਗਾ ਮਲ ਵਾਰ-ਵਾਰ ਨਿਕਲਣ ਨੂੰ ਦਸਤ ਕਹਿੰਦੇ ਹਨ। ਕਿਸੇ ਵਾਇਰਲ, ਬੈਕਟੀਰੀਅਲ ਜਾਂ ਪਰਜੀਵੀ ਇਨਫੈਕਸ਼ਨ ਕਾਰਨ ਦਸਤ ਰੋਗ ਹੋ ਸਕਦਾ ਹੈ। ਇਸ ਤੋਂ ਇਲਾਵਾ ਦੂਸ਼ਿਤ ਪਾਣੀ ਪੀਣ, ਗੰਦੇ ਹੱਥਾਂ ਨਾਲ ਖਾਣਾ ਖਾਣ, ਅਣ-ਢੱਕੀਆਂ ਚੀਜ਼ਾਂ ਖਾਣ ਜਾਂ ਬੇਹਾ ਖਾਣਾ ਖਾਣ ਨਾਲ ਵੀ ਦਸਤ ਰੋਗ ਹੋ ਸਕਦਾ ਹੈ। ਬੋਤਲ ਰਾਹੀਂ ਦੁੱਧ ਪੀਣ ਵਾਲੇ ਬੱਚਿਆਂ ਵਿੱਚ ਇਹ ਰੋਗ ਜ਼ਿਆਦਾ ਹੁੰਦਾ ਹੈ। ਦਸਤ ਜੇਕਰ ਜ਼ਿਆਦਾ ਹੋ ਜਾਣ ਤਾਂ ਕਿਸੇ ਵੀ ਵਿਅਕਤੀ ਅੰਦਰ ਖ਼ਾਸ ਤੌਰ 'ਤੇ ਬੱਚਿਆਂ ਅੰਦਰ ਪਾਣੀ ਦੀ ਘਾਟ ਹੋਣ ਕਾਰਣ ਅਤਿਅੰਤ ਨਿਰਜਲੀਕਰਨ ਹੋ ਸਕਦਾ ਹੈ ਅਤੇ ਲਾਪਰਵਾਹੀ ਕਾਰਣ ਹਾਲਤ ਜਾਨਲੇਵਾ ਵੀ ਹੋ ਸਕਦੀ ਹੈ। ਦਸਤਾਂ ਨਾਲ ਜੇਕਰ ਉਲਟੀਆਂ ਲੱਗੀਆਂ ਹੋਣ, ਮਰੋੜ, ਬੁਖ਼ਾਰ ਹੋਵੇ, ਮਲ ਵਿੱਚ ਲਹੂ ਅਤੇ ਲੇਸ ਹੋਵੇ ਜਾਂ ਦਸਤ ਰੋਗ ਜ਼ਿਆਦਾ ਵੱਧ ਗਿਆ ਹੋਵੇ ਤਾਂ ਛੇਤੀ ਹੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

### ਚਿੰਨ੍ਹ ਅਤੇ ਲੱਛਣ :

- ਪੇਟ ਦਰਦ, ਪਿਆਸ ਲੱਗਣੀ ਅਤੇ ਬੇਚੈਨੀ।
- ਸਰੀਰ 'ਚ ਪਾਣੀ ਅਤੇ ਰਸਾਇਣਾਂ ਦੀ ਕਮੀ ਹੋਣਾ।
- ਵਾਰ-ਵਾਰ ਪਤਲਾ ਜਾਂ ਪਾਣੀ ਵਰਗਾ ਮਲ ਤਿਆਗ ਕਰਨਾ।
- ਨਿਰਜਲੀਕਰਨ, ਚਿਹਰਾ ਮੁਰਝਾ ਜਾਣਾ, ਚਮੜੀ ਦਾ ਲਚਕੀਲਾਪਣ ਖ਼ਤਮ ਹੋ ਜਾਣਾ, ਕਮਜ਼ੋਰੀ ਅਤੇ ਚਿੜਚਿੜਾਪਣ।
- ਅਤਿਅੰਤ ਪਾਣੀ ਦੀ ਕਮੀ ਕਾਰਨ ਬੇਹੋਸ਼ੀ ਵੀ ਹੋ ਸਕਦੀ ਹੈ।





### ਸਫ਼ਾਈ ਰੱਖੋ

**ਦੂਸ਼ਿਤ ਖਾਧ ਪਦਾਰਥ ਅਤੇ ਪਾਣੀ ਨਾ ਵਰਤੋ। ਘਰ 'ਚ ਤਿਆਰ ਕੀਤਾ ਸਾਫ਼ ਪੌਸ਼ਟਿਕ ਭੋਜਨ ਹੀ ਖਾਓ। ਪੀਣ ਲਈ ਉਬਾਲ ਕੇ ਠੰਢੇ ਕੀਤੇ, ਕਲੋਰੀਨੇਟਡ ਜਾਂ ਫਿਲਟਰਡ ਪਾਣੀ ਦੀ ਵਰਤੋਂ ਨਾਲ ਕਈ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਸਾਫ਼-ਸੁਥਰੇ ਭਾਂਡੇ ਵਿੱਚ ਢੱਕ ਕੇ ਰੱਖੋ ਤਾਂ ਜੋ ਇਹਨਾਂ 'ਤੇ ਧੂੜ ਮਿੱਟੀ, ਮੱਛਰ ਜਾਂ ਮੱਖੀਆਂ ਨਾ ਬੈਠ ਸਕਣ। ਤਲੀਆਂ ਤੇਜ਼ ਮਸਾਲੇਦਾਰ ਚੀਜ਼ਾਂ ਤੋਂ ਪਰਹੇਜ਼ ਕਰੋ।**

### ਮੁੱਢਲੀ ਸਹਾਇਤਾ ਅਤੇ ਸਾਵਧਾਨੀਆਂ

- ਰੋਗੀ ਨੂੰ ਬਿਸਤਰ 'ਚ ਆਰਾਮ ਕਰਨਾ ਚਾਹੀਦਾ ਹੈ।
- ਦਸਤ ਰੋਗ ਸ਼ੁਰੂ ਹੋਣ 'ਤੇ ਛੇਤੀ ਹੀ ਮੂੰਹ ਰਸਤੇ ਪੀਣ ਲਈ ਪਾਣੀ ਅਤੇ ਤਰਲ ਪਦਾਰਥ ਦੇਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਕਿਉਂਕਿ ਸਰੀਰ ਵਿੱਚੋਂ ਤਰਲ ਨਿਕਲਣ ਨਾਲ ਨਿਰਜਲੀਕਰਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਦੁਨੀਆ ਦੇ ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ 'ਚ ਵਿਸ਼ਵ ਸਿਹਤ ਸੰਸਥਾ ਦੀ ਸਲਾਹ 'ਤੇ ਮੂੰਹ ਰਾਹੀਂ ਪੁਨਰ ਜਲੀਕਰਨ (ਓਰਲ ਰੀਹਾਈਡਰੇਸ਼ਨ ਥੈਰਪੀ) ਦੇਣਾ ਇੱਕ ਸਸਤਾ ਅਤੇ ਆਸਾਨ ਢੰਗ ਹੈ ਅਤੇ ਘਰ ਵਿੱਚ ਹੀ ਸ਼ੁਰੂ ਕੀਤਾ ਜਾ ਸਕਦਾ ਹੈ।
- ਪਾਣੀ ਅਤੇ ਰਸਾਇਣਾਂ ਦੀ ਕਮੀਂ ਪੂਰੀ ਕਰਨ ਲਈ ਪਾਣੀ 'ਚ ਘੋਲਣ ਲਈ ਦਵਾਈਆਂ ਦੀਆਂ ਦੁਕਾਨਾਂ ਤੋਂ ਰਸਾਇਣ, ਖੰਡ ਅਤੇ ਨਮਕ ਮਿਸ਼ਰਣ (ਓਆਰਐੱਸ) ਦੇ ਬੰਦ ਪੈਕਟ ਤਿਆਰ ਮਿਲਦੇ ਹਨ। ਜਿਹਨਾਂ ਨੂੰ ਇੱਕ ਲੀਟਰ ਸਾਫ਼ ਪਾਣੀ ਅਤੇ ਸਾਫ਼ ਬਰਤਨ ਵਿੱਚ ਚੰਗੀ ਤਰ੍ਹਾਂ ਘੋਲ ਕੇ ਥੋੜ੍ਹਾ-ਥੋੜ੍ਹਾ ਲੈਣਾ ਚਾਹੀਦਾ ਹੈ। ਸਮੇਂ ਸਿਰ ਓਆਰਐੱਸ ਘੋਲ ਪਿਲਾਉਣ ਨਾਲ ਜਿਥੇ ਨਿਰਜਲੀਕਰਨ ਤੋਂ ਬਚਿਆ ਜਾ ਸਕਦਾ ਹੈ, ਉੱਥੇ ਮੌਤ ਅਤੇ ਸਬੰਧਿਤ ਸਮੱਸਿਆਵਾਂ ਤੋਂ ਵੀ ਬਚਾਅ ਹੋ ਜਾਂਦਾ ਹੈ।
- ਦਸਤਾਂ ਦੌਰਾਨ ਓਆਰਐੱਸ ਘੋਲ ਦੇ ਨਾਲ ਨਾਲ ਡਾਕਟਰੀ ਹਦਾਇਤਾਂ ਅਨੁਸਾਰ ਜ਼ਿੰਕ ਦੀਆਂ ਗੋਲੀਆਂ ਦੀ ਖ਼ੁਰਾਕ ਵੀ ਦਿਓ।
- ਘਰ ਵਿੱਚ ਓਆਰਐੱਸ ਦਾ ਘੋਲ ਤਿਆਰ ਕਰਨਾ ਹੋਵੇ ਤਾਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਅ ਲਓ। ਇੱਕ ਲੀਟਰ ਸਾਫ਼ ਪਾਣੀ ਨੂੰ ਉਬਾਲਣ ਉਪਰੰਤ ਠੰਢਾ ਕਰ ਲਿਆ ਜਾਵੇ। ਇਸ ਵਿੱਚ 6 ਛੋਟੇ ਚਮਚੇ ਚੀਨੀ ਅਤੇ ਅੱਧਾ ਚਮਚਾ ਲੂਣ ਪਾ ਕੇ ਇਹ ਘੋਲ ਤਿਆਰ ਕੀਤਾ ਜਾ ਸਕਦਾ ਹੈ। ਰੋਗੀ ਨੂੰ ਇਹ ਘੋਲ ਥੋੜ੍ਹਾ-ਥੋੜ੍ਹਾ ਪੀਣ ਨੂੰ ਦਿੰਦੇ ਰਹੋ। ਦਸਤਾਂ ਉਲਟੀਆਂ ਦੀ ਹਾਲਤ ਵਿੱਚ ਨਿਰਜਲੀਕਰਨ ਅਤੇ ਰਸਾਇਣਾਂ ਦੀ ਪੂਰਤੀ ਲਈ ਖ਼ਾਸ ਕਰਕੇ ਬੱਚਿਆਂ ਨੂੰ ਸ਼ੁਰੂ ਵਿੱਚ ਘਰੇਲੂ ਇਲਾਜ ਦੇ ਤੌਰ 'ਤੇ ਦੇਣਾ ਲਾਭਕਾਰੀ ਹੁੰਦਾ ਹੈ।
- ਬਣੇ ਹੋਏ ਓਆਰਐੱਸ ਘੋਲ ਨੂੰ 24 ਘੰਟਿਆਂ ਦੇ ਅੰਦਰ ਅੰਦਰ ਇਸਤੇਮਾਲ ਕਰ ਲਓ।
- ਜਦੋਂ ਕੋਈ ਬੱਚਾ ਮਾਂ ਦਾ ਦੁੱਧ ਪੀਂਦਾ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਬੱਚੇ ਨੂੰ ਦਸਤਾਂ ਦੌਰਾਨ ਵੀ ਮਾਵਾਂ ਆਪਣਾ ਦੁੱਧ ਲਗਾਤਾਰ ਦਿੰਦੀਆਂ ਰਹਿਣ। ਦਸਤ ਵਾਲੇ ਬੱਚੇ ਨੂੰ ਉਪਰੀ ਆਹਾਰ ਦੇਣਾ ਵੀ ਜ਼ਰੂਰੀ ਹੈ।
- ਡਾਕਟਰ ਦੀ ਸਲਾਹ ਤੋਂ ਬਿਨਾਂ ਦਸਤ ਰੋਕਣ ਲਈ ਕੋਈ ਵੀ ਦਵਾਈ ਆਪੇ ਨਾ ਲਓ/ ਨਾ ਦਿਓ।
- ਹੱਥਾਂ ਦੀ ਸਫ਼ਾਈ ਦਾ ਵਿਸ਼ੇਸ਼ ਖ਼ਿਆਲ ਰੱਖਿਆ ਜਾਵੇ। ਖਾਣਾ ਜਾਂ ਫਿਰ ਕੋਈ ਵੀ ਹੋਰ ਚੀਜ਼ ਖਾਣ/ਪਕਾਉਣ ਤੋਂ ਪਹਿਲਾਂ ਅਤੇ ਬੱਚੇ ਦਾ ਮਲ ਸਾਫ਼ ਕਰਨ ਦੇ ਬਾਅਦ ਆਪਣੇ ਹੱਥਾਂ ਦੀ ਸਾਬਣ ਪਾਣੀ ਨਾਲ ਚੰਗੀ ਤਰ੍ਹਾਂ ਧੁਆਈ ਕਰ ਲੈਣੀ ਚਾਹੀਦੀ ਹੈ।
- ਬੱਚੇ ਦੇ ਮਲ ਦਾ ਤੁਰੰਤ ਨਿਪਟਾਰਾ ਕਰੋ ਅਤੇ ਸਾਫ਼-ਸਫ਼ਾਈ ਦਾ ਧਿਆਨ ਰੱਖੋ।
- ਸਾਫ਼ ਸੁਥਰੇ ਪਾਖ਼ਾਨਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।
- ਦੂਸ਼ਿਤ ਖਾਧ ਪਦਾਰਥ ਅਤੇ ਪਾਣੀ ਨਾ ਵਰਤੋ। ਘਰ 'ਚ ਤਿਆਰ ਕੀਤਾ ਸਾਫ਼ ਪੌਸ਼ਟਿਕ ਭੋਜਨ ਹੀ ਖਾਓ। ਪੀਣ ਲਈ ਉਬਾਲ ਕੇ ਠੰਢੇ ਕੀਤੇ, ਕਲੋਰੀਨੇਟਡ ਜਾਂ ਫਿਲਟਰਡ ਪਾਣੀ ਦੀ ਵਰਤੋਂ ਨਾਲ ਕਈ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਸਾਫ਼-ਸੁਥਰੇ ਭਾਂਡੇ ਵਿਚ ਢੱਕ ਕੇ ਰੱਖੋ ਤਾਂ ਜੋ ਇਹਨਾਂ 'ਤੇ ਧੂੜ ਮਿੱਟੀ, ਮੱਛਰ ਜਾਂ ਮੱਖੀਆਂ ਨਾ ਬੈਠ ਸਕਣ।
- ਆਲੇ ਦੁਆਲੇ ਦੀ ਸਾਫ਼-ਸਫਾਈ ਅਤੇ ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਵਗਦੇ ਪਾਣੀ ਹੇਠਾਂ ਧੋਤਾ ਜਾਵੇ। ਬਜ਼ਾਰੂ ਅਣਢਕੀਆਂ ਚੀਜ਼ਾਂ ਖਾਣ ਤੋਂ ਬਚੋ।
- ਗਲੇ-ਸੜੇ ਫਲ ਸਬਜ਼ੀਆਂ ਅਤੇ ਘਟੀਆ ਕੁਆਲਟੀ ਦੇ ਜੂਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਤਲੀਆਂ ਤੇਜ਼ ਮਸਾਲੇਦਾਰ ਚੀਜ਼ਾਂ ਤੋਂ ਪਰਹੇਜ਼ ਕਰੋ।

ਅਜਿਹੇ ਛੋਟੇ-ਛੋਟੇ ਉਪਾਅ ਅਤੇ ਸਸਤੇ ਤਰੀਕਿਆਂ ਨਾਲ ਅਸੀਂ ਦਸਤ ਰੋਗ ਤੋਂ ਖ਼ੁਦ ਅਤੇ ਆਪਣੇ ਭਾਈਚਾਰੇ ਦਾ ਕਾਫੀ ਹੱਦ ਤੀਕ ਬਚਾਅ ਕਰ ਸਕਦੇ ਹਾਂ। ਦਸਤ ਰੋਗ ਤੋਂ ਬਚਾਅ ਸੰਬੰਧੀ ਜਾਣਕਾਰੀ ਸਮਾਜ ਦੇ ਹਰ ਵਰਗ ਦੇ ਲੋਕਾਂ ਤੀਕ ਪਹੁੰਚਾਈ ਜਾਣੀ ਚਾਹੀਦੀ ਹੈ।

• ਨਰੇਸ਼ ਪਠਾਣੀਆ
98557-00157

# ਯੋਗ ਨਾਲ ਜ਼ਰੂਰੀ ਹੈ ਸਹੀ ਭੋਜਨ





ਅਕਸਰ ਦੇਖਿਆ ਗਿਆ ਹੈ ਕਿ ਆਮ ਲੋਕਾਂ ਨੂੰ ਇਹ ਜਾਣਕਾਰੀ ਨਹੀ ਹੁੰਦੀ ਕਿ ਅਸੀ ਆਪਣੀ ਸਿਹਤ ਨੂੰ ਤੰਦਰੁਸਤ ਅਤੇ ਰੋਗਾਂ ਤੇ ਦੂਰ ਰੱਖਣ ਲਈ ਕੀ ਕਰਨਾ ਹੁੰਦਾ ਹੈ। ਅਸੀ ਤਰ੍ਹਾਂ ਤਰ੍ਹਾਂ ਦੀਆਂ ਕਸਰਤਾਂ ਅਤੇ ਯੋਗ ਦਾ ਸਹਾਰਾ ਲੈ ਕੇ ਸ਼ਰੀਰ ਨੂੰ ਠੀਕ ਕਰਨ ਵਿੱਚ ਲੱਗ ਜਾਂਦੇ ਹਾਂ ਪਰ ਸਾਨੂੰ ਇਹ ਜਾਣਕਾਰੀ ਨਹੀਂ ਹੁੰਦੀ ਕਿ ਅਸੀਂ ਖਾਣ-ਪਾਣ ਕਿਸ ਤਰ੍ਹਾਂ ਦਾ ਕਰਨਾ ਹੁੰਦਾ ਹੈ, ਕਿਉਂਕਿ ਯੋਗ ਜਾਂ ਹੋਰ ਕਸਰਤਾਂ ਦੇ ਨਾਲ ਨਾਲ ਖਾਣ-ਪਾਣ ਦਾ ਵੱਡਾ ਰੋਲ ਹੈ। ਖਾਣ-ਪਾਣ ਹੀ ਸਾਡੀ ਸਿਹਤ ਨੂੰ ਠੀਕ ਅਤੇ ਖ਼ਰਾਬ ਕਰਦਾ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਸਰੀਰਕ ਕਸਰਤਾਂ ਕਰਨ ਤੋ ਬਾਅਦ ਅਸੀਂ ਖਾਣ-ਪਾਣ ਦਾ ਜ਼ਿਆਦਾ ਧਿਆਨ ਨਹੀਂ ਰੱਖਦੇ। ਅਸੀਂ ਇਹ ਸੋਚਦੇ ਹਾਂ ਕਿ ਹੁਣ ਤਾਂ ਅਸੀਂ ਸਰੀਰਕ ਕਸਰਤਾਂ ਸ਼ੁਰੂ ਕਰ ਦਿੱਤੀਆ ਹਨ, ਹੁਣ ਅਸੀਂ ਜਿਹੋ ਜਿਹਾ ਮਰਜ਼ੀ ਖਾਣ-ਪਾਣ ਖਾਈਏ। ਅੱਜ ਤੋਂ ਤਕਰੀਬਨ 20 ਸਾਲ ਪਹਿਲਾਂ ਲੋਕ ਸਰੀਰਕ ਕੰਮ ਵੀ ਬਹੁਤ ਕਰਦੇ ਸਨ ਅਤੇ ਖਾਣ-ਪਾਣ ਵੀ ਉਸੇ ਤਰ੍ਹਾਂ ਵੱਧ ਖਾਂਦੇ ਸੀ, ਉਦੋਂ ਕੰਮਾਂ-ਕਾਰਾਂ ਕਰ ਕੇ ਖਾਧਾ ਹੋਇਆ ਭੋਜਨ ਜਲਦੀ ਜਲਦੀ ਪਚ ਜਾਂਦਾ ਸੀ, ਨਾਲ ਹੀ ਖਾਣਾ ਬਹੁਤ ਸ਼ੁੱਧ ਹੁੰਦਾ ਸੀ ਪਰ ਸਮਾਂ ਹੌਲੀ ਹੌਲੀ ਬਦਲ ਰਿਹਾ ਹੈ, ਸਮੇਂ ਦੇ ਬਦਲਾਅ ਨਾਲ ਲੋਕ ਕੰਮ ਵੀ ਘੱਟ ਕਰਨ ਲੱਗ ਪਏ ਹਨ ਅਤੇ ਨਾਲ ਹੀ ਖਾਣਾ ਵੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਰਸੋਈਆਂ ਦਾ ਖਾਣਾ ਬਹੁਤ ਸਵਾਦ ਹੁੰਦਾ ਹੈ। ਪਹਿਲਾਂ ਵਾਂਗ ਅੱਜ ਵੀ ਲੋਕ ਖਾਣਾ ਬਹੁਤ ਖਾਂਦੇ ਹਨ ਪਰ ਕੰਮ ਕਰਨ ਦੀ ਸਮਰੱਥਾ ਘਟਾ ਰਹੇ ਹਨ। ਖੇਤਾਂ ਦੇ ਕੰਮ ਹੁਣ ਅਸੀ ਆਪ ਛੱਡ ਕੇ ਬਾਹਰਲੇ ਲੋਕਾਂ ਤੋਂ ਕਰਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਇੱਕ ਵੱਡਾ ਕਾਰਨ ਹੈ ਸਿਹਤ ਨੂੰ ਖ਼ਰਾਬ ਕਰਨ ਦਾ। ਅਕਸਰ ਅਸੀਂ ਦੇਖਦੇ ਹਾਂ ਕਿ 8-8 ਘੰਟੇ ਸਰੀਰਕ ਕੰਮ ਕਰਨ ਵਾਲੇ ਲੋਕਾਂ ਦੀ ਸਿਹਤ ਆਮ ਲੋਕਾਂ ਨਾਲੋਂ ਕਿਤੇ ਵੱਧ ਤੰਦਰੁਸਤ ਅਤੇ ਬੀਮਾਰੀਆਂ ਤੋ ਰਹਿਤ ਹੁੰਦੀ ਹੈ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਯੋਗ ਜਾਂ ਹੋਰ ਕਸਰਤਾਂ ਨਾਲ ਖਾਣ-ਪਾਣ ਜੇਕਰ ਸਹੀ ਨਹੀਂ ਹੋਵੇਗਾ ਤਾਂ ਅਸੀਂ ਹੋਰ ਬਿਮਾਰ ਹੋ ਜਾਂਵਾਗੇ, ਇਸ ਲਈ ਹਮੇਸ਼ਾ ਖਾਣ ਪਾਣ 'ਤੇ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਸਵੇਰ ਵੇਲੇ ਸਭ ਤੇ ਪਹਿਲਾਂ ਯੋਗ ਦੇ ਸ਼ਟਕਰਮ ਭਾਗ ਦਾ ਅਭਿਆਸ ਕਰਨਾ ਚਾਹੀਦਾ ਹੈ। ਸਵੇਰੇ ਯੋਗ ਜਾਂ ਹੋਰ ਕਸਰਤ ਕਰਨ ਤੇ ਬਾਅਦ ਹਲਕਾ ਖਾਣਾ ਸਰੀਰ ਦੀ ਲੋੜ ਅਨੁਸਾਰ ਖਾ ਲੈਣਾ ਚਾਹੀਦਾ ਹੈ, ਜਿਵੇਂ ਕਿ ਸ਼ਹਿਦ ਯੁਕਤ ਨਿੰਬੂ ਪਾਣੀ ਨਾਲ ਪਪੀਤਾ ਜਾਂ ਸੇਬ ਖਾ ਲੈਣਾ ਚਾਹੀਦਾ ਹੈ। ਨਾਲ ਹੀ ਇਹ ਵੀ ਧਿਆਨ ਰੱਖੋ ਕਿ ਜਦੋਂ ਵੀ ਪਾਣੀ ਪੀਉ ਗਰਮ ਜਾਂ ਨਾਰਮਲ ਪੀਓ, ਜ਼ਿਆਦਾ ਠੰਢਾ ਪਾਣੀ ਨਹੀਂ ਪੀਣਾ ਚਾਹੀਦਾ। ਠੰਢੇ ਪਾਣੀ ਨਾਲ ਸਰੀਰ ਵਿਚਲਾ ਖਾਧਾ ਹੋਇਆ ਖਾਣਾ ਜਲਦੀ ਨਹੀ ਪੱਚਦਾ। ਗਰਮ ਪਾਣੀ ਪੀਣ ਨਾਲ ਸਰੀਰ ਵਿਚਲੀ ਚਰਬੀ ਘੱਟਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨਾਲ ਅਸੀ ਮੋਟੇ ਤੋਂ ਪਤਲੇ ਅਤੇ ਰੋਗਾਂ ਤੋਂ ਦੂਰ ਹੋ ਜਾਂਦੇ ਹਾਂ। ਦੁਪਹਿਰ ਵੇਲੇ ਦਲੀਆ ਜਾਂ 1-2 ਬੇਸਨ ਦੀਆਂ ਰੋਟੀਆ ਬਿਨਾਂ ਘਿਉ ਵਾਲੀ ਦਾਲ ਜਾਂ ਸਬਜ਼ੀ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਰਾਤ ਸਮੇਂ ਵੀ ਦਲੀਆ ਜਾਂ 1-2 ਰੋਟੀਆਂ ਖਾ ਲੈਣੀਆ ਚਾਹੀਦੀਆਂ ਹਨ । ਬਾਕੀ ਜਦੋਂ ਵੀ ਭੁੱਖ ਲੱਗੇ ਤਾਂ ਤਾਜ਼ੇ ਫਲ ਜਾਂ ਕੱਚੀਆਂ ਸਬਜ਼ੀਆਂ ਖਾ ਲਉ । ਦੁੱਧ ਦੀ ਵਰਤੋ ਸ਼ਾਮ ਸਮੇਂ ਕਰੋ। ਰਾਤ ਨੂੰ ਪੀਤਾ ਹੋਇਆ ਦੁੱਧ ਵੀ ਜਲਦੀ ਨਹੀਂ ਪੱਚਦਾ।

ਯੋਗ ਵਿੱਚ ਵਜਰਾਸਨ ਇੱਕੋ ਇੱਕ ਅਜਿਹਾ ਆਸਨ ਹੈ ਜਿਸ ਨੂੰ ਅਸੀ ਖਾਣਾ ਖਾਣ ਤੋਂ ਤਰੁੰਤ ਬਾਅਦ ਵੀ ਕਰ ਸਕਦੇ ਹਾਂ। ਸ਼ਵਾਸਨ ਅਤੇ ਤਰਾਟਕ ਕਿਰਿਆ ਦਾ ਅਭਿਆਸ ਖਾਣਾ ਖਾਣ ਤੇ ਕੁਝ ਸਮੇਂ ਬਾਅਦ ਕਰ ਸਕਦੇ ਹਾਂ। ਬਾਕੀ ਦੇ ਆਸਨ ਖਾਣਾ ਖਾਣ ਤੋ 3-4 ਘੰਟੇ ਬਾਅਦ ਕਰ ਸਕਦੇ ਹਾਂ ।

• ਇਸ਼ਟ ਪਾਲ (ਵਿੱਕੀ)
9872565003

# ਆਯੁਰਵੇਦਿਕ ਪਾਣੀ



ਆਯੁਰਵੇਦਿਕ ਪਾਣੀ ਇਕ ਅਜਿਹਾ ਕੁਦਰਤੀ ਨੁਸਖਾ ਹੈ ਜੋ ਤੁਹਾਡੇ ਸਰੀਰ ਵਿਚ ਪੈਦਾ ਹੋ ਰਹੀਆਂ ਬਿਮਾਰੀਆਂ ਨੂੰ ਠੀਕ ਕਰਨ ਵਿਚ ਮਦਦ ਕਰਦਾ ਹੈ। ਬਾਜ਼ਾਰ 'ਚੋਂ ਮਿਲਦੀਆਂ ਦਵਾਈਆਂ ਭਾਵੇਂ ਆਰਾਮ ਦਿੰਦੀਆਂ ਹਨ ਪਰ ਉਨ੍ਹਾਂ ਦੇ ਸਾਈਡ ਇਫੈਕਟ ਦਾ ਡਰ ਵੀ ਹਮੇਸ਼ਾ ਬਰਕਰਾਰ ਰਹਿੰਦਾ ਹੈ। ਅਜਿਹੇ ਵਿਚ ਕੁਦਰਤੀ ਰੂਪ ਦਾ ਇਲਾਜ ਜਾਂ ਆਯੁਰਵੇਦਿਕ ਦਵਾਈਆਂ ਤੇ ਤਰੀਕੇ ਰੋਗਾਂ ਤੋਂ ਸੁਰੱਖਿਅਤ ਰੂਪ ਨਾਲ ਬਚਾਅ ਕਰਦੀਆਂ ਹਨ। ਧਿਆਨ ਦੇਣ ਯੋਗ ਹੈ ਕਿ ਆਯੁਰਵੇਦਿਕ ਦਵਾਈਆਂ ਸਰੀਰ ਦੀ ਤਾਕਤ, ਬਿਮਾਰੀ, ਪੱਧਰ, ਸਹੀ ਮਾਤਰਾ ਅਤੇ ਮੌਸਮ ਮੁਤਾਬਕ ਲੈਣ ਨਾਲ ਹੀ ਲਾਭ ਮਿਲਦਾ ਹੈ। ਇਸ ਲਈ ਆਯੁਰਵੇਦਿਕ ਦਵਾਈਆਂ ਮਾਹਿਰ ਡਾਕਰਟ ਦੇ ਨਿਰਦੇਸ਼ ਮੁਤਾਬਕ ਹੀ ਖਾਣੀਆਂ ਚਾਹੀਦੀਆਂ ਹਨ।

### ਮੇਥੀ ਦਾ ਪਾਣੀ

ਭਾਰਤੀ ਘਰ ਵਿਚ ਆਮ ਵਰਤਿਆ ਜਾਣ ਵਾਲਾ ਮੇਥੀ ਦਾਣਾ ਸੁਆਦ ਵਿਚ ਹਲਕਾ ਕੌੜਾ ਹੁੰਦਾ ਹੈ। ਇਸ ਵਿਚ ਮੌਜੂਦ ਗੁਣ ਕਈ ਰੋਗਾਂ ਤੋਂ ਬਚਾਅ ਕਰਦੇ ਹਨ। ਇਹ ਐਂਟੀ ਆਕਸੀਡੈਂਟ ਅਤੇ ਐਂਟੀ ਇਨਫਲਾਮੈਟਰੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਮੇਥੀ ਦਾਣਾ ਨੂੰ ਰਾਤ ਨੂੰ ਪਾਣੀ 'ਚ ਭਿਉਂ ਕੇ ਰੱਖ ਦਿਓ ਅਤੇ ਸਵੇਰੇ ਖਾਲੀ ਪੇਟ ਇਸ ਦਾ ਸੇਵਨ ਕਰੋ। ਮੇਥੀ ਦਾ ਪਾਣੀ ਸਰੀਰ ਤੋਂ ਵਾਟਰ ਰਿਟੈਂਸ਼ਨ ਦੀ ਸਮੱਸਿਆ ਦੂਰ ਕਰਨ ਵਿਚ ਵੀ ਮਦਦ ਕਰਦਾ ਹੈ। ਮੇਥੀ ਵਿਚ ਮੌਜੂਦ ਅਮੀਨੋ ਐਸਿਡ ਪੈਨਕ੍ਰਿਆਜ਼ 'ਚੋਂ ਨਿਕਲਣ ਵਾਲੇ ਇੰਨਸੁਲਿਨ ਨੂੰ ਵੀ ਕਾਬੂ ਕਰਨ ਵਿਚ ਮਦਦਗਾਰ ਸਾਬਿਤ ਹੁੰਦਾ ਹੈ ਜਿਸ ਨਾਲ ਡਾਇਬਟੀਜ਼ ਵਿਚ ਸਰੀਰ ਦਾ ਬਲੱਡ ਸ਼ੂਗਰ ਲੈਵਲ ਵੀ ਕਾਬੂ ਹੇਠ ਰਹਿੰਦਾ ਹੈ।

### ਵਿਜੇਸਾਰ ਦਾ ਪਾਣੀ

ਇਸ ਨੂੰ ਭਾਰਤੀ ਭਾਸ਼ਾ ਵਿਚ ਇੰਡੀਅਨ ਕੀਨੋ ਜਾਂ ਮਾਲਾਬਾਰ ਕੀਨੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਡਾਇਬਟੀਜ਼ ਨੂੰ ਕਾਬੂ ਕਰਕੇ ਆਯੁਰਵੇਦ ਵਿਚ ਮੋਟਾਪੇ, ਡਾਇਰੀਆ ਅਤੇ ਐਗਜ਼ੀਮਾ ਵਿਚ ਵੀ ਲਾਭ ਦਿੰਦਾ ਹੈ। ਇਸ ਵਿਚ ਐਪੀਕਾਟੇਕਹਿਨ, ਮਾਰਸੁਪਸਿਨ ਅਤੇ ਟੇਰੋਸੁਪਸਿਨ ਵਰਗੇ ਗੁਣ ਹੁੰਦੇ ਹਨ ਜੋ ਡਾਇਬਟੀਜ਼ ਵਿਚ ਬਲੱਡ ਗਲੂਕੋਜ਼ ਪੱਧਰ ਨੂੰ ਕਾਬੂ ਕਰਨ ਵਿਚ ਮਦਦਗਾਰ ਹੁੰਦੇ ਹਨ। ਇਹ ਆਯੁਰਵੇਦਿਕ ਨੁਸਖ਼ਾ ਸਾਡੇ ਸਰੀਰ ਵਿਚ ਪੈਨਕ੍ਰਿਆਜ਼ ਵਿਚ ਬੀਟਾ ਸੈਲਾਂ ਨੂੰ ਵੀ ਵੀ ਨਵਿਆਉਣ ਵਿਚ ਮਦਦ ਕਰਦਾ ਹੈ। ਵਿਜੇਸਾਰ ਨੂੰ ਰਾਤ ਸਮੇਂ ਪਾਣੀ ਵਿਚ ਭਿਉਂ ਕੇ ਰੱਖ ਦਿਓ ਅਤੇ ਸਵੇਰੇ ਜਦੋਂ ਪਾਣੀ ਹਲਕਾ ਭੂਰਾ ਹੋ ਜਾਵੇ ਤਾਂ ਖਾਲੀ ਪੇਟ ਪੀ ਲਓ।

ਇਨ੍ਹਾਂ ਦੋ ਆਯੁਰਵੇਦਿਕ ਨੁਸਖ਼ਿਆਂ ਨਾਲ ਡਾਇਬਟੀਜ਼ ਦੇ ਨਾਲ ਨਾਲ ਬਲੱਡ ਗਲੂਕੋਜ਼ ਨੂੰ ਵੀ ਕਾਬੂ ਕੀਤਾ ਜਾ ਸਕਦਾ ਹੈ। ਇਨ੍ਹਾਂ ਦਾ ਸਾਈਡ ਇਫੈਕਟ ਨਹੀਂ ਹੁੰਦਾ। ਫਿਰ ਵੀ ਜ਼ਿਆਦਾ ਲਾਭ ਲਈ ਆਯੁਰਵੇਦਿਕ ਮਾਹਿਰ ਦੀ ਸਲਾਹ ਲਈ ਜਾ ਸਕਦੀ ਹੈ।

# ਖਜੂਰ ਖਾਓ! ਬਲੱਡ ਪ੍ਰੈਸ਼ਰ ਘਟਾਓ!



ਬਲੱਡ ਪ੍ਰੈਸ਼ਰ ਆਧੁਨਿਕ ਜੀਵਨਸ਼ੈਲੀ ਦੀ ਸਭ ਤੋਂ ਆਮ ਬਿਮਾਰੀ ਹੈ। ਇਸ ਨੂੰ 'ਸਾਈਲੈਂਟ ਕਿੱਲਰ' ਤਕ ਕਿਹਾ ਜਾਂਦਾ ਹੈ। ਜਦੋਂ ਦਿਲ ਦੀਆਂ ਨਾੜੀਆਂ ਵਿਚ ਦਬਾਅ ਵਧ ਜਾਂਦਾ ਹੈ ਤਾਂ ਖ਼ੂਨ ਨੂੰ ਦਿਲ ਤਕ ਪੁੱਜਣ ਲਈ ਆਮ ਤੋਂ ਵੱਧ ਦਬਾਅ ਝੱਲਣਾ ਪੈਂਦਾ ਹੈ, ਇਸ ਨੂੰ ਹਾਈ ਬਲੱਡ ਪ੍ਰੈਸ਼ਰ ਕਹਿੰਦੇ ਹਨ। ਸਿਰਦਰਦ, ਚੱਕਰ ਆਉਣਾ ਅਤੇ ਧੜਕਣ ਵਧਣਾ ਆਦਿ ਇਸ ਦੇ ਮੁੱਖ ਲੱਛਣ ਹੁੰਦੇ ਹਨ।

ਇਹ ਇਕ ਗੰਭੀਰ ਸਮੱਸਿਆ ਹੈ। ਇਸ ਨਾਲ ਪੀੜਤ ਮਰੀਜ਼ਾਂ ਲਈ ਖ਼ੂਨ ਦਾ ਦਬਾਅ ਕਾਬੂ ਵਿਚ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਦਬਾਅ ਨਾਲ ਸਰੀਰ ਦੇ ਅੰਗਾਂ ਨੂੰ ਨੁਕਸਾਨ ਪੁੱਜ ਸਕਦਾ ਹੈ। ਹਾਈ ਬਲੱਡ ਪ੍ਰੈਸ਼ਰ ਹੋਣ 'ਤੇ ਹਾਰਟ ਅਟੈਕ, ਕਿਡਨੀ ਵਿਚ ਖ਼ਰਾਬੀ ਵਰਗੀਆਂ ਸਮੱਸਿਆਵਾਂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਖਾਣ ਪੀਣ ਦੀਆਂ ਗ਼ਲਤ ਆਦਤਾਂ, ਮਾਨਸਿਕ ਤਣਾਅ ਅਤੇ ਨੀਂਦ ਪੂਰੀ ਨਾ ਹੋਣਾ ਇਸ ਸਮੱਸਿਆ ਦੇ ਮੁੱਖ ਕਾਰਨ ਹਨ। ਇਸ ਦੇ ਬਹੁਤ ਇਲਾਜ ਪ੍ਰਚਲਿਤ ਹਨ ਪਰ ਕੁਝ ਕੁਦਰਤੀ ਚੀਜ਼ਾਂ ਵਿਚ ਵੀ ਇਸ ਸਮੱਸਿਆ ਦਾ ਇਲਾਜ ਕਰਨ ਦੀ ਸਮਰੱਥਾ ਹੁੰਦੀ ਹੈ। ਇਨ੍ਹਾਂ ਵਿਚੋਂ ਇਕ ਹੈ ਖਜੂਰ। ਜੀ ਹਾਂ! ਮਿੱਠੀ ਖਜੂਰ ਦੀ ਮਦਦ ਨਾਲ ਹਾਈ ਬਲੱਡ ਪ੍ਰੈਸ਼ਰ 'ਤੇ ਕਾਬੂ ਪਾਇਆ ਜਾ ਸਕਦਾ ਹੈ।

### ਗੁਣਾਂ ਭਰਪੂਰ ਖਜੂਰ

ਦਿਖਣ ਵਿਚ ਛੋਟੀ ਜਿਹੀ ਖਜੂਰ ਵਿਚ ਭਾਰੀ ਮਾਤਰਾ ਵਿਚ ਵਿਟਾਮਿਨ ਅਤੇ ਮਿਨਰਲ ਦੇ ਨਾਲ ਨਾਲ ਪ੍ਰੋਟੀਨ ਵੀ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਫਾਈਬਰ ਨਾਲ ਭਰਪੂਰ ਹੁੰਦੀ ਹੈ। ਇੰਨਾ ਹੀ ਨਹੀਂ, ਖਜੂਰ ਵਿਚ ਵਿਟਾਮਿਨ ਬੀ1, ਬੀ2, ਬੀ3, ਬੀ5, ਏ1 ਅਤੇ ਵਿਟਾਮਿਨ ਸੀ ਵੀ ਪਾਇਆ ਜਾਂਦਾ ਹੈ। ਇਸ ਦੇ ਨਾਲ ਹੀ ਪੋਟਾਸ਼ੀਅਮ ਨਾਲ ਭਰਪੂਰ ਪਰ ਸੋਡੀਅਮ ਤੋਂ ਰਹਿਤ ਹੁੰਦੀ ਹੈ। ਖਜੂਰ ਨੂੰ ਡ੍ਰਾਈ ਫਰੂਟ ਵਰਗ ਵਿਚ ਰੱਖਿਆ ਜਾਂਦਾ ਹੈ ਜਿਸ ਦੇ ਅਣਗਿਣਤ ਸਿਹਤ ਲਾਭ ਹਨ। ਸੁਆਦ ਵਿਚ ਤਾਂ ਇਹ ਲਜ਼ੀਜ਼ ਹੈ ਹੀ! ਸੋ, ਆਓ ਸਿਹਤ ਗੁਣਾਂ ਨਾਲ ਲਬਰੇਜ਼ ਖਜੂਰਾਂ ਨੂੰ ਆਪਣੀ ਰੋਜ਼ਾਨਾ ਖ਼ੁਰਾਕ ਵਿਚ ਦੱਸੇ ਮੁਤਾਬਕ ਸ਼ਾਮਿਲ ਕਰੀਏ ਤੇ ਬਲੱਡ ਪ੍ਰੈਸ਼ਰ ਵਰਗੀ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾਈਏ!

### ਇੰਜ ਖਾਓ

**ਰੋਜ਼ਾਨਾ ਸਵੇਰੇ ਨਾਸ਼ਤੇ ਤੋਂ ਪਹਿਲਾਂ ਤਿੰਨ ਖਜੂਰ ਖਾਓ। ਇਸ ਤੋਂ ਤੁਰੰਤ ਬਾਅਦ ਗਰਮ ਪਾਣੀ ਪੀ ਲਓ। ਇਸ ਉਪਾਅ ਨੂੰ ਲਗਾਤਾਰ ਇਕ ਮਹੀਨੇ ਤਕ ਦੁਹਰਾਓ। ਹਾਲਾਂਕਿ ਇਕ ਮਹੀਨੇ ਤੋਂ ਬਾਅਦ ਵਿਚ ਇਸ ਉਪਾਅ ਨੂੰ ਜਾਰੀ ਰੱਖਿਆ ਜਾ ਸਕਦਾ ਹੈ। ਪਰ ਧਿਆਨ ਰਹੇ ਕਿ ਇਸ ਉਪਾਅ ਦੇ ਨਾਲ ਨਾਲ ਤੁਹਾਨੂੰ ਆਪਣੇ ਖਾਣ ਪੀਣ ਦੀ ਵੀ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਨਿਯਮਿਤ ਰੂਪ ਨਾਲ ਕਸਰਤ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਹਾਈ ਬਲੱਡ ਪ੍ਰੈਸ਼ਰ ਲਈ ਡਾਕਟਰ ਵੱਲੋਂ ਦੱਸੀਆਂ ਦਵਾਈਆਂ ਦੀ ਵੀ ਨਿਯਮਿਤ ਵਰਤੋਂ ਕਰਨੀ ਚਾਹੀਦੀ ਹੈ। ਸਮੱਸਿਆ ਵਿਚ ਸੁਧਾਰ ਆਉਣ 'ਤੇ ਡਾਕਟਰ ਨਾਲ ਸਲਾਹ ਜ਼ਰੂਰ ਕਰੋ।**

## ਸੰਪਾਦਕੀ

### ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਨਾ ਹਰ ਭਾਰਤੀ ਨਾਗਰਿਕ ਦਾ ਜਮਹੂਰੀ ਹੱਕ

ਅੱਜ ਕਲ੍ਹ ਦੇਸ਼ ਵਿਚ ਸ਼ਾਂਤੀਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਇਆ ਜਾ ਰਿਹਾ ਹੈ। ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਨਾ ਹਰ ਭਾਰਤੀ ਨਾਗਰਿਕ ਦਾ ਜਮਹੂਰੀ ਹੱਕ ਹੈ, ਜਿਸ 'ਤੇ ਸੁਪਰੀਮ ਕੋਰਟ ਅਤੇ ਵੱਖ-ਵੱਖ ਹਾਈਕੋਰਟਾਂ ਵੱਲੋਂ ਵਾਰ-ਵਾਰ ਮੋਹਰ ਲਗਾਈ ਗਈ ਹੈ। ਕੀ ਮਹਿਜ਼ ਸਰਕਾਰ ਅਤੇ ਸੱਤਾਧਾਰੀ ਪਾਰਟੀ ਦੀ ਆਲੋਚਨਾ ਕਰਨ ਬਦਲੇ ਕਿਸੇ ਪ੍ਰਦਰਸ਼ਨਕਾਰੀ 'ਤੇ ਐੱਫ ਆਈ ਆਰ ਦਰਜ ਕਰਨਾ ਅਤੇ ਉਸ ਦੇ ਸ਼ਹਿਰ ਵੜਨ 'ਤੇ ਪਾਬੰਦੀ ਲਗਾਉਣਾ ਪੁਲੀਸ ਦਾ ਜਾਇਜ਼ ਕਦਮ ਮੰਨਿਆ ਜਾ ਸਕਦਾ ਹੈ? ਬੌਂਬੇ ਹਾਈਕੋਰਟ ਦਾ ਜਵਾਬ ਬਿਲਕੁਲ ਸਪੱਸ਼ਟ ਹੈ: ਨਹੀਂ। ਇੱਕ ਸਿਆਸੀ ਕਾਰਕੁਨ ਖ਼ਿਲਾਫ਼ ਮੁੰਬਈ ਪੁਲੀਸ ਵੱਲੋਂ ਜਾਰੀ ਸ਼ਹਿਰਬਦਰੀ ਦੇ ਹੁਕਮਾਂ ਨੂੰ ਰੱਦ ਕਰਦਿਆਂ ਹਾਈਕੋਰਟ ਨੇ ਟਿੱਪਣੀ ਕੀਤੀ ਹੈ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੇ ਫ਼ੈਸਲਿਆਂ ਖ਼ਿਲਾਫ਼ ਮੋਰਚਾ ਖੋਲ੍ਹਣਾ ਜਾਂ ਮੁਜ਼ਾਹਰਾ ਕਰਨਾ ਆਪਣੇ-ਆਪ ਵਿੱਚ ਕੋਈ ਅਜਿਹਾ ਆਧਾਰ ਨਹੀਂ ਹੋ ਸਕਦਾ, ਜਿਸ ਕਾਰਨ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ 'ਤੇ ਡਾਕਾ ਮਾਰਿਆ ਜਾਵੇ। ਜਸਟਿਸ ਮਾਧਵ ਜੇ. ਜਾਮਦਾਰ ਦੀ ਇਹ ਤਿੱਖੀ ਟਿੱਪਣੀ ਕਿ 'ਨਾਗਰਿਕਾਂ ਨੂੰ ਸਰਕਾਰ ਦੇ ਗ਼ੁਲਾਮ ਨਹੀਂ ਬਣਾਇਆ ਜਾ ਸਕਦਾ', ਯਕੀਨਨ ਮਹਾਰਾਸ਼ਟਰ ਤੋਂ ਪਾਰ ਪੂਰੇ ਮੁਲਕ ਵਿੱਚ ਦੂਰ ਤੱਕ ਗੂੰਜੇਗੀ।

ਅਸਹਿਮਤੀ ਜਤਾਉਣਾ ਕੋਈ ਗੁਨਾਹ ਨਹੀਂ ਹੈ। ਇਹ ਸੰਵਿਧਾਨ ਦੀ ਧਾਰਾ 19 ਤਹਿਤ ਮਿਲੀ ਹੋਈ ਆਪਣੇ ਮਨ ਦੀ ਗੱਲ ਕਹਿਣ ਦੀ ਆਜ਼ਾਦੀ ਦਾ ਹੀ ਇੱਕ ਹਿੱਸਾ ਹੈ। ਹਿੰਸਾ ਜਾਂ ਕਿਸੇ ਵੱਡੇ ਖ਼ਤਰੇ ਦੇ ਪੁਖ਼ਤਾ ਸਬੂਤਾਂ ਤੋਂ ਬਿਨਾਂ ਮਹਿਜ਼ ਵਿਰੋਧ ਨੂੰ ਅਮਨ-ਕਾਨੂੰਨ ਲਈ ਖ਼ਤਰਾ ਮੰਨ ਲੈਣਾ ਉਸ ਆਜ਼ਾਦੀ ਦਾ ਗਲਾ ਘੁੱਟਣ ਵਰਗਾ ਹੈ, ਜੋ ਕਿਸੇ ਲੋਕਤੰਤਰ ਨੂੰ ਤਾਨਾਸ਼ਾਹੀ ਰਾਜ ਤੋਂ ਵੱਖਰਾ ਕਰਦੀ ਹੈ। ਹਾਈਕੋਰਟ ਨੇ ਬਿਲਕੁਲ ਦਰੁਸਤ ਨੋਟ ਕੀਤਾ ਕਿ ਪਟੀਸ਼ਨਕਰਤਾ ਖ਼ਿਲਾਫ਼ ਦਰਜ ਕੀਤੀਆਂ ਗਈਆਂ ਐੱਫ ਆਈ ਆਰਜ਼ ਮੁੱਖ ਤੌਰ 'ਤੇ ਮੁਜ਼ਾਹਰਿਆਂ ਦੌਰਾਨ ਲਾਗੂ ਪਾਬੰਦੀਆਂ (ਧਾਰਾ 144 ਆਦਿ) ਦੀ ਉਲੰਘਣਾ ਨਾਲ ਜੁੜੀਆਂ ਹੋਈਆਂ ਸਨ, ਜੋ ਕਿ ਕਾਨੂੰਨ ਮੁਤਾਬਿਕ ਮਾਮੂਲੀ ਜੁਰਮ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਅਜਿਹੇ ਨਿਗੂਣੇ ਦੋਸ਼ਾਂ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਪੂਰੇ ਇੱਕ ਸਾਲ ਲਈ ਉਸ ਦੇ ਆਪਣੇ ਹੀ ਸ਼ਹਿਰ ਵਿੱਚੋਂ ਸ਼ਹਿਰਬਦਰ ਕਰ ਦੇਣ ਵਰਗੀ ਵੱਡੀ ਸਜ਼ਾ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਜਸਟਿਸ ਜਾਮਦਾਰ ਦਾ ਇਹ ਸਾਫ਼-ਸਾਫ਼ ਕਹਿਣਾ ਵੀ ਓਨੀ ਹੀ ਅਹਿਮੀਅਤ ਰੱਖਦਾ ਹੈ ਕਿ ਪੁਲੀਸ 'ਲੋਕਾਂ ਦੀ ਸੇਵਕ' ਹੈ ਨਾ ਕਿ ਸਿਆਸੀ ਲੀਡਰਾਂ ਦੀ ਗ਼ੁਲਾਮ। ਉਨ੍ਹਾਂ ਨੇ ਹਾਸੇ-ਹਾਸੇ ਵਿੱਚ ਪਟੀਸ਼ਨਕਰਤਾ ਨੂੰ ਇਹ ਸਲਾਹ ਵੀ ਦੇ ਦਿੱਤੀ ਕਿ ਉਹ ਕਿਸੇ ਦੂਜੀ ਪਾਰਟੀ ਵਿੱਚ ਚਲਾ ਜਾਵੇ ਤਾਂ ਜੋ ਸਰਕਾਰ ਦੀ 'ਵਾਸ਼ਿੰਗ ਮਸ਼ੀਨ' ਵਿੱਚ ਪੈ ਕੇ ਉਸ ਦੇ ਸਾਰੇ ਕੇਸ ਆਪਣੇ-ਆਪ ਧੋਤੇ ਜਾਣ। ਉਨ੍ਹਾਂ ਦੀ ਇਹ ਗੱਲ ਅੱਜਕੱਲ੍ਹ ਦੀ ਦਲਬਦਲੀ ਵਾਲੀ ਗੰਧਲੀ ਸਿਆਸਤ ਦੀ ਅਸਲੀਅਤ ਨੂੰ ਬਿਆਨ ਕਰਦੀ ਹੈ। ਇਹ ਫ਼ੈਸਲਾ ਵੇਲੇ ਸਿਰ ਯਾਦ ਦਿਵਾਉਂਦਾ ਹੈ ਕਿ ਨਾਗਰਿਕ ਕੋਈ ਪਰਜਾ ਨਹੀਂ ਹਨ ਜਿਨ੍ਹਾਂ ਨੂੰ ਖ਼ਾਮੋਸ਼ ਕਰ ਦਿੱਤਾ ਜਾਵੇ, ਉਹ ਗਣਰਾਜ ਦੀ ਪ੍ਰਭੂਸੱਤਾ ਸੰਪੰਨ ਆਵਾਜ਼ ਹਨ।

# ਲੋਕਾਂ ਦੇ ਸਹਿਯੋਗ ਨਾਲ ਹੀ ਪਟਿਆਲੇ ਨੂੰ ਸੂਬੇ ਦਾ ਸਭ ਤੋਂ ਸਾਫ਼-ਸੁਥਰਾ ਤੇ ਹਰਿਆ-ਭਰਿਆ ਸ਼ਹਿਰ ਬਣਾਇਆ ਜਾ ਸਕਦਾ ਹੈ: ਡਾ. ਬਲਬੀਰ ਸਿੰਘ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਵਾਤਾਵਰਨ ਪੱਖੀ ਪਟਿਆਲਾ ਦੀ ਸਿਰਜਣਾ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹਿਰਾਂ ਵਿੱਚ ਸਫ਼ਾਈ, ਹਰਿਆਵਲੀ ਅਤੇ ਵਾਤਾਵਰਨ ਸੁਰੱਖਿਆ ਨੂੰ ਪ੍ਰਮੁੱਖ ਤਰਜੀਹ ਦੇ ਰਹੀ ਹੈ ਅਤੇ ਇਸ ਮਿਸ਼ਨ ਵਿੱਚ ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਦਾ ਸਹਿਯੋਗ ਬਹੁਤ ਮਹੱਤਵਪੂਰਨ ਹੈ।

ਡਾ. ਬਲਬੀਰ ਸਿੰਘ ਅੱਜ ਇੱਥੇ ਵਾਤਾਵਰਨ ਪਾਰਕ ਵਿਖੇ ਸਥਿਤ ਬਟਰਫਲਾਈ ਅਤੇ ਹਰਬਲ ਪਾਰਕ ਦੇ ਦੌਰੇ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਬੂਟਾ ਲਗਾ ਕੇ ਵਾਤਾਵਰਨ ਸੰਭਾਲ ਦਾ ਸੰਦੇਸ਼ ਦਿੱਤਾ ਅਤੇ ਪਾਰਕ ਦੇ ਵਿਕਾਸ ਅਤੇ ਰੱਖ-ਰਖਾਅ ਲਈ ਕੰਮ ਕਰ ਰਹੀ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਟੀਮ ਦੇ ਸਮਰਪਿਤ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

ਸਿਹਤ ਮੰਤਰੀ ਨੇ ਕਿਹਾ ਕਿ ਜਿੱਥੇ ਸਰਕਾਰੀ ਅਧਿਕਾਰੀ ਆਪਣੀ ਡਿਊਟੀ ਦੇ ਤਹਿਤ ਕੰਮ ਕਰਦੇ ਹਨ, ਉੱਥੇ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਨਾਲ ਜੁੜੇ ਵਾਰੀਅਰਜ ਪੂਰੀ ਨਿਸ਼ਕਾਮ ਭਾਵਨਾ ਅਤੇ ਜਜ਼ਬੇ ਨਾਲ ਸ਼ਹਿਰ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਟੀਮ ਇਸ ਗੱਲ ਦੀ ਮਿਸਾਲ ਹੈ ਕਿ ਜਦੋਂ ਨਾਗਰਿਕ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਸ਼ਹਿਰਾਂ ਦੀ ਤਸਵੀਰ ਬਦਲੀ ਜਾ ਸਕਦੀ ਹੈ। ਉਨ੍ਹਾਂ ਹੋਰ ਸਮਾਜ ਸੇਵੀ ਸੰਸਥਾਵਾਂ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਵੀ ਅਜਿਹੀ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਕਲੀਨ ਪੰਜਾਬ ਪ੍ਰੋਜੈਕਟ' ਤਹਿਤ ਸਫ਼ਾਈ, ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਹਰਿਆਵਲੀ ਵਧਾਉਣ ਲਈ ਵਿਆਪਕ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਛੋਟੀ ਨਦੀ ਦੀ ਸਫ਼ਾਈ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਜਦਕਿ ਵੱਡੀ ਨਦੀ ਦੀ ਸਫ਼ਾਈ ਦਾ ਕੰਮ ਤੇਜ਼ੀ ਨਾਲ ਜਾਰੀ ਹੈ।

ਉਨ੍ਹਾਂ ਕਿਹਾ ਕਿ ਦੌਲਤਪੁਰ ਤੋਂ ਡਕਾਲਾ ਰੋਡ ਤੱਕ ਵੱਡੀ ਨਦੀ ਦੇ ਨਾਲ ਲਗਭਗ ਪੰਜ ਕਿਲੋਮੀਟਰ ਲੰਬਾ ਬਾਇਓਡਾਇਵਰਸਿਟੀ ਪਾਰਕ ਵਿਕਸਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਛੋਟੀ ਨਦੀ ਦੇ ਦੋਵਾਂ ਕਿਨਾਰਿਆਂ 'ਤੇ ਦੋ ਵਾਤਾਵਰਨ ਪਾਰਕ ਬਣਾਏ ਜਾਣਗੇ, ਜਦਕਿ ਸਰਹਿੰਦ ਰੋਡ ਬਾਈਪਾਸ 'ਤੇ ਵੀ ਇਸੇ ਤਰ੍ਹਾਂ ਦਾ ਇੱਕ ਹੋਰ ਵਾਤਾਵਰਨ ਪਾਰਕ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਹਰਿਆਲੀ ਲੜੀ ਨੂੰ ਨਾਭਾ ਰੋਡ ਤੱਕ ਲੈਕੇ ਜਾਣ ਦੀ ਵੀ ਯੋਜਨਾ ਹੈ।

ਸਿਹਤ ਮੰਤਰੀ ਨੇ ਨਗਰ ਨਿਗਮ ਦੀ ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ ਅਤੇ ਵਣ ਮੰਡਲ ਅਫ਼ਸਰ ਸਤਿੰਦਰ ਸਿੰਘ ਨੂੰ ਹਦਾਇਤ ਕੀਤੀ ਕਿ ਵਾਤਾਵਰਨ ਪਾਰਕ ਅਤੇ ਸ਼ਹਿਰ ਦੇ ਹੋਰ ਮਹੱਤਵਪੂਰਨ ਸਥਾਨਾਂ 'ਤੇ ਕਿਸੇ ਵੀ ਤਰ੍ਹਾਂ ਦੇ ਫਲੈਕਸ ਬੋਰਡ ਜਾਂ ਅਜਿਹੀ ਸਮੱਗਰੀ ਨਾ ਲੱਗਣ ਦਿੱਤੀ ਜਾਵੇ, ਜਿਸ ਨਾਲ ਪਾਰਕਾਂ ਦੀ ਸੁੰਦਰਤਾ ਪ੍ਰਭਾਵਿਤ ਹੁੰਦੀ ਹੋਵੇ।

ਸਿਹਤ ਮੰਤਰੀ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਵਾਤਾਵਰਨ ਸੰਭਾਲ ਦੀ ਮੁਹਿੰਮ ਦਾ ਸਰਗਰਮ ਹਿੱਸਾ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਹਰ ਨੌਜਵਾਨ ਘੱਟੋ-ਘੱਟ ਇੱਕ ਬੂਟਾ ਲਗਾ ਕੇ ਉਸ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਨਿਭਾਏ। ਨਾਲ ਹੀ ਸਫ਼ਾਈ ਅਤੇ ਕੂੜੇ ਦੇ ਵਿਗਿਆਨਕ ਪ੍ਰਬੰਧਨ ਬਾਰੇ ਲੋਕਾਂ ਨੂੰ ਜਾਗਰੂਕ ਕਰੇ।

ਇਸ ਮੌਕੇ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਦੇ ਮੈਂਬਰ ਐਚ.ਐੱਸ. ਲਾਂਬਾ ਨੇ ਸਿਹਤ ਮੰਤਰੀ ਦਾ ਸਵਾਗਤ ਕਰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਲੋਕਾਂ ਨੂੰ ਘਰਾਂ ਅਤੇ ਜਨਤਕ ਥਾਵਾਂ 'ਤੇ ਕੂੜਾ ਵੱਖ ਕਰਨ ਅਤੇ ਵਿਗਿਆਨਕ ਢੰਗ ਨਾਲ ਕੂੜੇ ਦਾ ਨਿਪਟਾਰਾ ਕਰਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਬਟਰਫਲਾਈ ਅਤੇ ਹਰਬਲ ਪਾਰਕ ਵਿੱਚ ਚਾਰ ਰੰਗਾਂ ਵਾਲੇ ਡਸਟਬਿਨ ਲਗਾ ਕੇ ਲੋਕਾਂ ਨੂੰ ਗਿੱਲੇ, ਸੁੱਕੇ ਅਤੇ ਹੋਰ ਕਿਸਮ ਦੇ ਕੂੜੇ ਦੀ ਵੱਖ-ਵੱਖ ਛਾਂਟੀ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਇਸ ਮੌਕੇ ਨਗਰ ਨਿਗਮ ਦੀ ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ, ਕਰਨਲ ਜੇ.ਵੀ. ਸਿੰਘ, ਕਰਨਲ ਕਰਮਿੰਦਰ ਸਿੰਘ, ਕੈਪਟਨ ਸੁਖਜੀਤ ਕੌਰ, ਸੀ.ਐੱਮ. ਕੌੜਾ, ਪ੍ਰੋ. ਅਸ਼ੋਕ ਵਰਮਾ, ਪ੍ਰੋ. ਆਰ.ਕੇ. ਗੋਇਲ, ਐਨ.ਆਈ.ਐੱਸ. ਅਤੇ ਸਾਈ ਪਟਿਆਲਾ ਦੇ ਫਿਟ ਇੰਡੀਆ ਵਲੰਟੀਅਰ, ਗੁਰਪ੍ਰੀਤ ਫੂਲਕਾ, ਰਾਣਾ ਫੂਲਕਾ, ਰਾਜਬੀਰ ਗਰੇਵਾਲ, ਅਮਨ ਗਰੇਵਾਲ, ਰਾਕੇਸ਼ ਕੱਦ, ਗੁਰਪ੍ਰੀਤ ਦੂੱਲਤ, ਸਿਮਰਨ ਹਰੀਕਾ, ਐੱਸ.ਸੀ. ਮੱਕੜ, ਆਸ਼ੂ ਕਥੂਰੀਆ, ਰਿਤੂ ਜੈਨ, ਅਰਚਨਾ, ਗਿਆਨ, ਗੁਰਪ੍ਰੀਤ ਦੂੱਲਤ, ਜਸਵਿੰਦਰ ਸਿੰਘ, ਮਨਮੋਹਨ ਸ਼ਰਮਾ, ਕੇ.ਐੱਸ. ਸੇਖੋਂ, ਅਭਿਸ਼ੇਕ ਜੈਨ, ਵਰੁਣ ਮਲਹੋਤਰਾ ਅਤੇ ਹੋਰ ਪਤਵੰਤੇ ਤੇ ਵਾਰੀਆਰਜ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।

# ਵਿਧਾਇਕ ਕੋਹਲੀ ਨੇ 1 ਕਰੋੜ ਦੀ ਲਾਗਤ ਨਾਲ ਬਣੀ ਸੜਕ ਦਾ ਕੀਤਾ ਉਦਘਾਟਨ



**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹੋਰ ਗਤੀ ਦਿੰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਕਰੀਬ 1 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਸਨੌਰ ਰੋਡ (ਵੱਡੀ ਨਦੀ ਤੋਂ ਫਲੱਡ ਕੰਟਰੋਲ ਰੂਮ) ਤੱਕ ਬਣੀ ਨਵੀਂ ਸੜਕ ਦਾ ਰਸਮੀ ਉਦਘਾਟਨ ਕੀਤਾ। ਇਲਾਕਾ ਵਾਸੀਆਂ ਨੇ ਇਸ ਵਿਕਾਸ ਕਾਰਜ ਲਈ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੜਕ ਬਣਨ ਨਾਲ ਉਨ੍ਹਾਂ ਨੂੰ ਆਵਾਜਾਈ ਦੀਆਂ ਸਮੱਸਿਆਵਾਂ ਤੋਂ ਵੱਡੀ ਰਾਹਤ ਮਿਲੇਗੀ ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਸ਼ਹਿਰ ਅਤੇ ਪਿੰਡ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸੜਕਾਂ, ਗਲੀਆਂ, ਸੀਵਰੇਜ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਵਿਕਾਸ ਪ੍ਰੋਜੈਕਟ ਜੰਗੀ ਪੱਧਰ 'ਤੇ ਚੱਲ ਰਹੇ ਹਨ।ਵਿਧਾਇਕ ਕੋਹਲੀ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਨਾ ਸਿਰਫ਼ ਸਨੌਰ ਰੋਡ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਸੁਵਿਧਾ ਮਿਲੇਗੀ, ਸਗੋਂ ਫਲੱਡ ਕੰਟਰੋਲ ਰੂਮ ਤੱਕ ਪਹੁੰਚ ਵੀ ਹੋਰ ਸੁਖਾਲੀ ਹੋਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਹਰ ਵਾਰਡ ਵਿੱਚ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਦੀ ਇਹ ਰਫ਼ਤਾਰ ਲਗਾਤਾਰ ਜਾਰੀ ਰਹੇਗੀ।ਇਸ ਮੌਕੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਵਿਧਾਇਕ ਨੂੰ ਭਰੋਸਾ ਦਿਵਾਇਆ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਅਤੇ ਸਮੇਂ ਸਿਰ ਮੁਕੰਮਲ ਹੋਣ ਨੂੰ ਯਕੀਨੀ ਬਣਾਇਆ ਜਾਵੇਗਾ, ਤਾਂ ਜੋ ਲੋਕਾਂ ਨੂੰ ਇਨ੍ਹਾਂ ਪ੍ਰੋਜੈਕਟਾਂ ਦਾ ਪੂਰਾ ਲਾਭ ਮਿਲ ਸਕੇ।ਇਸ ਮੌਕੇ ਐਮ.ਸੀ. ਹਰਪ੍ਰੀਤ ਸਿੰਘ, ਐਕਸੀਅਨ ਪ੍ਰਤੀਕ ਸਿੰਗਲਾ, ਐਸ.ਡੀ.ਓ. ਪੁਨੀਤ ਮਿੱਤਲ, ਰਜਿੰਦਰ ਸਿੰਘ, ਮਨਿੰਦਰ ਸਿੰਘ, ਜਗਮੀਤ ਸਿੰਘ ਜੱਗਾ, ਕਿਰਪਾਲ ਸਿੰਘ, ਨਿੰਦਰ ਕਾਹਲੋਂ, ਵਿਜੈ ਸੈਣੀ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ।

# ਸੂਬਾ ਪੱਧਰੀ ਸੰਕੇਤਕ ਧਰਨਾ ਦਿੱਤਾ ਜਾਵੇਗਾ : ਪਰਮਜੀਤ ਸਿੰਘ ਨਾਰੀਕੇ



**ਮਲੇਰਕੋਟਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਨ 2023 ਵਿਚ ਪਟਵਾਰੀਆਂ ਦੀਆਂ ਘਟਾਈਆਂ ਗਈਆਂ 1056 ਅਸਾਮੀਆਂ, ਸਟੇਟ ਕਾਡਰ ਨਾਲ਼ ਪੈਦਾ ਹੋਏ ਕੋਰਟ ਕੇਸਾਂ ਕਾਰਨ ਲੰਬਿਤ ਪਈਆਂ ਪਟਵਾਰੀ ਤੋਂ ਕਾਨੂੰਗੋ ਦੀਆਂ ਪਦ ਉਨਤੀਆਂ, 17-07-2020 ਤੋਂ ਬਾਅਦ ਭਰਤੀ ਹੋਏ ਪਟਵਾਰੀਆਂ ਤੇ ਕੇਂਦਰੀ ਤਨਖ਼ਾਹ ਸਕੇਲ ਰੱਦ ਕਰਵਾਉਣ, ਪਟਵਾਰ ਭਵਨਾਂ ਵਿਚ ਮੁੱਢਲੀਆਂ ਸਹੂਲਤਾਂ ਨਾ ਹੋਣ ਅਤੇ ਹੋਰ ਮੰਗਾਂ ਨੂੰ ਲੈ ਕੇ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੇ ਸੱਦੇ 'ਤੇ ਡਾਇਰੈਕਟਰ ਲੈਂਡ ਰਿਕਾਰਡ ਦਫ਼ਤਰ ਜਲੰਧਰ ਵਿਖੇ ਮਿਤੀ 10-07-2026 ਨੂੰ ਸੂਬਾ ਪੱਧਰੀ ਸੰਕੇਤਕ ਧਰਨਾ ਦਿੱਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੈਵੀਨਿਊ ਪਟਵਾਰ ਯੂਨੀਅਨ ਮਲੇਰਕੋਟਲਾ ਦੇ ਜ਼ਿਲ੍ਹਾ ਜਰਨਲ ਸਕੱਤਰ/ਪ੍ਰੈਸ ਸਕੱਤਰ ਪਟਵਾਰੀ ਪਰਮਜੀਤ ਸਿੰਘ ਨਾਰੀਕੇ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਹੱਕੀ ਮੰਗਾਂ ਲਈ ਜਥੇਬੰਦੀ ਸਰਕਾਰ ਨਾਲ ਵੱਖ-ਵੱਖ ਮਾਧਿਅਮਾਂ ਰਾਹੀਂ ਗੱਲਬਾਤ ਰਾਹੀਂ ਮੰਗਾਂ ਮਸਲੇ ਹੱਲ ਕਰਨ ਦੇ ਰੌਅ ਵਿੱਚ ਸੀ ਪਰੰਤੂ ਸੂਬਾ ਸਰਕਾਰ ਵੱਲੋਂ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮਾਲ ਵਿਭਾਗ ਦੇ ਕਰਮਚਾਰੀਆਂ ਉੱਪਰ ਲਗਾਤਾਰ ਬੋਝ ਪਾਇਆ ਜਾ ਰਿਹਾ ਹੈ। ਲਾਲ ਲਕੀਰ ਦੇ ਕੰਮ, ਯੁੱਧ ਨਸ਼ਿਆ ਵਿਰੁੱਧ, ਕੁਦਰਤੀ ਆਫ਼ਤਾਂ ਦਾ ਸਰਵੇ ਅਤੇ ਹੜ੍ਹਾਂ ਵਿੱਚ ਪਟਵਾਰੀਆਂ ਵੱਲੋਂ ਬਾਖ਼ੂਬੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਪਰ ਮੰਗਾਂ ਸਬੰਧੀ ਹਮੇਸ਼ਾ ਸਰਕਾਰ ਨੇ ਸਾਨੂੰ ਅਣਗੌਲਿਆ ਕੀਤਾ ਹੈ।ਉਨ੍ਹਾਂ ਨੇ ਕਿਹਾ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ ਅਤੇ ਇਸੇ ਤਰ੍ਹਾਂ ਮਹਿੰਗਾਈ ਭੱਤੇ ਉੱਪਰ ਵੀ ਪੰਜਾਬ ਸਰਕਾਰ ਨੇ ਬਿਲਕੁਲ ਚੁੱਪੀ ਧਾਰੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਸੰਕੇਤਕ ਧਰਨੇ ਤੋਂ ਬਾਅਦ ਵੀ ਹੱਕੀ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਸੰਘਰਸ਼ ਛੇੜਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਟਵਾਰੀ ਦੁਸ਼ਯੰਤ ਸਿੰਘ ਰਾਕਾ, ਪਟਵਾਰੀ ਦੀਦਾਰ ਸਿੰਘ ਛੋਕਰ ਮੀਤ ਪ੍ਰਧਾਨ ਪੰਜਾਬ, ਪਟਵਾਰੀ ਗੁਰਿੰਦਰਜੀਤ ਸਿੰਘ ਜ਼ਿਲ੍ਹਾ ਖਜ਼ਾਨਚੀ, ਪਟਵਾਰੀ ਗੁਰਿੰਦਰ ਸਿੰਘ ਰਾਏ, ਪਟਵਾਰੀ ਕਰਨਅਜੇਪਾਲ ਸਿੰਘ,ਪਟਵਾਰੀ ਅਬਦੁਲ ਰਸ਼ੀਦ ਆਦਿ ਸਾਰੇ ਤਹਿਸੀਲ ਪ੍ਰਧਾਨ ਹਾਜ਼ਰ ਸਨ।

# ਜਵੱਦੀ ਟਕਸਾਲ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਸਮਾਗਮ



**ਲੁਧਿਆਣਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਸਾਹਿਬ ਜਵੱਦੀ ਟਕਸਾਲ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਸਮਾਗਮ ਸ਼ਰਧਾ ਨਾਲ ਕਰਵਾਇਆ ਗਿਆ। ਇਸ ਮੌਕੇ ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖ ਨੂੰ ਦੁਨਿਆਵੀ ਮੋਹ-ਮਾਇਆ ਤੋਂ ਉੱਪਰ ਉੱਠ ਕੇ ਗੁਰਬਾਣੀ ਅਤੇ ਨਾਮ ਸਿਮਰਨ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਵਿਕਾਰਾਂ ਤੋਂ ਬਚ ਕੇ ਸੱਚ, ਨਿਮਰਤਾ, ਸੇਵਾ ਅਤੇ ਮਿੱਠੇ ਬੋਲ ਵਰਗੇ ਗੁਣ ਅਪਣਾਉਣ ਨਾਲ ਹੀ ਜੀਵਨ ਸਫਲ ਬਣ ਸਕਦਾ ਹੈ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਜਵੱਦੀ ਟਕਸਾਲ ਦੇ ਬਾਨੀ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸਲਾਨਾ ਬਰਸੀ ਅਗਲੇ ਮਹੀਨੇ ਵੱਡੇ ਪੱਧਰ 'ਤੇ ਮਨਾਈ ਜਾਵੇਗੀ। ਸਮਾਗਮ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

# ਮਜ਼ਦੂਰਾਂ ਨਾਲ 15% ਤਨਖ਼ਾਹ ਵਾਧੇ ਦੇ ਨਾਂ ਤੇ ਮਜ਼ਾਕ, ਤੁਰੰਤ ਲਾਗੂ ਕਰਨ ਦੀ ਮੰਗ



**ਲੁਧਿਆਣਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੋਡਵੇਜ਼ ਪਨਬੱਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (25/11) ਨੇ ਦੋਸ਼ ਲਗਾਇਆ ਕਿ ਮਜ਼ਦੂਰ ਦਿਵਸ ਮੌਕੇ ਐਲਾਨੇ ਗਏ 15 ਫ਼ੀਸਦੀ ਤਨਖ਼ਾਹ ਵਾਧੇ ਨੂੰ ਅਜੇ ਤੱਕ ਕੱਚੇ ਮੁਲਾਜ਼ਮਾਂ 'ਤੇ ਲਾਗੂ ਨਹੀਂ ਕੀਤਾ ਗਿਆ, ਜਿਸ ਕਾਰਨ ਮੁਲਾਜ਼ਮਾਂ ਵਿੱਚ ਰੋਸ ਹੈ।

ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਉਨ੍ਹਾਂ ਦੇ ਹੱਕ ਦੇਣ ਵਿੱਚ ਟਾਲਮਟੋਲ ਕਰ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਘੱਟ ਤਨਖ਼ਾਹ 'ਤੇ ਵੱਧ ਕੰਮ ਲੈ ਕੇ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਸੂਬਾ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ ਨੇ ਕਿਹਾ ਕਿ ਜੇਕਰ 15 ਫ਼ੀਸਦੀ ਵਾਧੇ ਸਮੇਤ ਪੂਰੀਆਂ ਤਨਖ਼ਾਹਾਂ ਤੁਰੰਤ ਜਾਰੀ ਨਾ ਕੀਤੀਆਂ ਗਈਆਂ ਅਤੇ ਜੇਲ੍ਹਾਂ ਵਿੱਚ ਬੰਦ ਮੁਲਾਜ਼ਮਾਂ ਦੇ ਮਾਮਲੇ ਹੱਲ ਨਾ ਕੀਤੇ ਗਏ ਤਾਂ ਯੂਨੀਅਨ ਵੱਲੋਂ ਤਿੱਖਾ ਸੰਘਰਸ਼ ਅਤੇ ਬੰਦ ਵਰਗੇ ਵੱਡੇ ਅੰਦੋਲਨ ਕੀਤੇ ਜਾਣਗੇ।

# 18 ਸਾਲਾਂ ਤੋਂ ਸੱਠੀ ਮੂੰਗੀ ਦੀ ਫ਼ਸਲ ਬੀਜ ਕੇ ਆਪਣੀ ਆਮਦਨ 'ਚ ਵਾਧਾ ਕਰ ਰਿਹਾ ਹੈ ਕਿਸਾਨ ਨਿਰਮਲ ਸਿੰਘ



**ਬਠਿੰਡਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਅਧੀਨ ਪੈਂਦੇ ਬਲਾਕ ਤਲਵੰਡੀ ਸਾਬੋ ਦੇ ਪਿੰਡ ਗੋਲੇਵਾਲਾ ਦਾ ਕਿਸਾਨ ਨਿਰਮਲ ਸਿੰਘ ਕਣਕ ਦੀ ਕਟਾਈ ਕਰਨ ਤੋਂ ਬਾਅਦ ਸੱਠੀ ਮੂੰਗੀ ਬੀਜ ਕੇ ਆਪਣੀ ਆਮਦਨ 'ਚ ਮੁਨਾਫ਼ਾ ਕਰ ਰਿਹਾ ਹੈ। ਨਿਰਮਲ ਸਿੰਘ ਪਿਛਲੇ ਲਗਭਗ 18 ਸਾਲਾਂ ਤੋਂ ਮੂੰਗੀ ਦੀ ਕਾਸ਼ਤ ਕਰ ਰਿਹਾ ਹੈ। ਇਸ ਦੇ ਵਧੀਆ ਮੁਨਾਫ਼ੇ ਨੂੰ ਵੇਖਦੇ ਹੋਏ ਇਸ ਸਾਲ ਵੀ ਉਸ ਵਲੋਂ 12 ਏਕੜ ਮੂੰਗੀ ਦੀ ਫ਼ਸਲ ਬੀਜੀ ਹੈ।

ਇਹ ਕਿਸਾਨ ਬਾਸਮਤੀ ਅਤੇ ਝੋਨੇ ਦੀ ਪਛੇਤੀ ਕਿਸਮ ਲਗਾਉਣ ਤੋਂ ਪਹਿਲਾਂ ਸੱਠੀ ਮੂੰਗੀ ਦੀ ਕਾਸ਼ਤ ਕਰਦਾ ਹੈ। ਇਸ ਨਾਲ ਜਿੱਥੇ ਇੱਕ ਵਾਧੂ ਫ਼ਸਲ ਰਾਹੀਂ ਇਸ ਨੂੰ ਵਾਧੂ ਆਮਦਨ ਹੁੰਦੀ ਹੈ ਉੱਥੇ ਹੀ ਮੂੰਗੀ ਦੀ ਫ਼ਸਲ ਆਪਣੀਆਂ ਜੜ੍ਹਾਂ ਦੇ ਕੁਦਰਤੀ ਗੁਣ ਕਾਰਨ ਜ਼ਮੀਨ ਵਿਚ ਨਾਈਟ੍ਰੋਜ਼ਨ ਫਿਕਸੇਸ਼ਨ ਰਾਹੀਂ ਜ਼ਮੀਨ ਵਿਚ ਨਾਈਟ੍ਰੋਜ਼ਨ ਖਾਦ ਦੀ ਮਾਤਰਾ ਵਧਾਉਂਦੀ ਹੈ। ਇਸ ਤਰ੍ਹਾਂ ਕਰਨ ਨਾਲ ਅਗਲੀ ਫ਼ਸਲ ਨੂੰ ਘੱਟ ਨਾਈਟ੍ਰੋਜ਼ਨ ਖਾਦ ਭਾਵ ਘੱਟ ਯੂਰੀਆ ਖਾਦ ਪਾਉਣ ਦੀ ਜ਼ਰੂਰਤ ਪੈਂਦੀ ਹੈ। ਇਸ ਨਾਲ ਘੱਟ ਲਾਗਤਾਂ ਨਾਲ ਜਿੱਥੇ ਕਿਸਾਨ ਚੰਗੀ ਫ਼ਸਲ ਪ੍ਰਾਪਤ ਕਰ ਸਕਦੇ ਹਨ, ਉੱਥੇ ਹੀ ਘੱਟ ਰਸਾਇਣਕ ਖਾਦਾਂ ਵਾਲੀ ਉਪਜ ਦਾ ਵੀ ਕਿਸਾਨ ਨੂੰ ਚੰਗਾ ਮੁੱਲ ਮਿਲ ਸਕਦਾ ਹੈ।

ਉਦਮੀ ਕਿਸਾਨ ਨਿਰਮਲ ਸਿੰਘ ਦਾ ਕਹਿਣਾ ਹੈ ਕਿ ਉਸ ਵੱਲੋਂ ਦਾਲਾਂ ਨੂੰ ਫ਼ਸਲ ਚੱਕਰ ਦਾ ਹਿੱਸਾ ਬਣਾਉਣ ਨਾਲ ਉਸਦੀ ਜ਼ਮੀਨ ਦੀ ਸਿਹਤ ਵਿਚ ਸੁਧਾਰ ਹੋਇਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਿਸ ਖੇਤ ਵਿਚ ਮੂੰਗੀ ਦੀ ਫ਼ਸਲ ਬੀਜੀ ਜਾਂਦੀ ਹੈ ਉਸ ਖੇਤ ਵਿਚ ਬਾਸਮਤੀ ਅਤੇ ਪਿਛੇਤੀ ਕਿਸਮ ਦਾ ਝੋਨਾ ਲਗਭਗ 20 ਜੁਲਾਈ ਤੋਂ ਬਾਅਦ ਹੀ ਲਗਾਇਆ ਜਾਂਦਾ ਹੈ। ਇਸ ਨਾਲ ਜਿੱਥੇ ਪਾਣੀ ਦੀ ਬੱਚਤ ਹੁੰਦੀ ਹੈ, ਉੱਥੇ ਬਿਜਲੀ ਦੀ ਵੀ ਖ਼ਪਤ ਘੱਟਦੀ ਹੈ ਅਤੇ ਇਹ ਝੋਨਾ ਪਰਮਲ ਝੋਨਾ ਜੋ ਕਿ ਜੂਨ ਮਹੀਨੇ ਲਗਾਇਆ ਜਾਂਦਾ ਹੈ ਦੇ ਬਰਾਬਰ ਸਮੇਂ ਵਿੱਚ ਹੀ ਪੱਕ ਕੇ ਤਿਆਰ ਹੋ ਜਾਂਦਾ ਹੈ।

ਮਿਹਨਤਕਸ਼ ਕਿਸਾਨ ਨੇ ਦੱਸਿਆ ਕਿ ਸੱਠੀ ਮੂੰਗੀ ਹੇਠ ਰਕਬਾ ਵਧਾ ਕੇ ਉਸ ਨੂੰ ਹੋਰ ਉਪਜਾਊ ਬਣਾਉਣ ਦੇ ਉਪਰਾਲੇ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੱਠੀ ਮੂੰਗੀ 65 ਤੋਂ 70 ਦਿਨਾਂ ਤੱਕ ਦੀ ਫ਼ਸਲ ਹੈ, ਜਿਹੜੀ ਕਿ ਕਣਕ ਅਤੇ ਝੋਨੇ ਦੇ ਵਿਚਕਾਰਲੇ ਸਮੇਂ ਦੌਰਾਨ ਬੀਜੀ ਜਾਂਦੀ ਹੈ ਅਤੇ ਕਿਸਾਨਾਂ ਨੂੰ ਚੰਗਾ ਲਾਭ ਦਿੰਦੀ ਹੈ। ਇਸ ਕਿਸਮ ਦਾ ਔਸਤਨ ਝਾੜ 4 ਤੋਂ 5 ਕੁਇੰਟਲ ਤੱਕ ਪ੍ਰਤੀ ਏਕੜ ਹੈ।

ਉਨ੍ਹਾਂ ਦੱਸਿਆ ਕਿ ਸੱਠੀ ਮੂੰਗੀ ਦਾ ਬੀਜ ਕਰੀਬ 10 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਇਆ ਜਾਂਦਾ ਹੈ। ਕਣਕ ਵੱਢਣ ਉਪਰੰਤ ਗਰਮੀ ਰੁੱਤ ਦੀ ਮੂੰਗੀ ਬਿਨਾ ਖੇਤ ਵਾਹੇ ਵੀ ਬੀਜੀ ਜਾ ਸਕਦੀ ਹੈ। ਜੇਕਰ ਖੇਤ ਵਿਚ ਕਣਕ ਦਾ ਨਾੜ ਨਹੀਂ ਹੈ ਤਾਂ ਮੂੰਗੀ ਜ਼ੀਰੋ-ਟਿਲ ਡਰਿੱਲ ਰਾਹੀਂ ਬੀਜੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਹ ਫਲੀਦਾਰ ਫ਼ਸਲ ਨਾ ਸਿਰਫ ਪੌਸ਼ਟਿਕ ਆਹਾਰ ਦਿੰਦੀ ਹੈ, ਬਲਕਿ ਮਿੱਟੀ 'ਚ ਨਾਈਟਰੋਜਨ ਦੀ ਮਾਤਰਾ ਨੂੰ ਵਧਾਕੇ ਆਉਣ ਵਾਲੀ ਝੋਨੇ ਦੀ ਫ਼ਸਲ ਲਈ ਸਹਾਈ ਸਿੱਧ ਹੁੰਦੀ ਹੈ।

# ਨਗਰ ਨਿਗਮ ਵੱਲੋਂ ਖਾਣ ਪੀਣ ਵਾਲੀਆਂ ਦੁਕਾਨਾਂ ਦੀ ਸਫਾਈ ਸਬੰਧੀ ਕੀਤੀ ਗਈ ਚੈਕਿੰਗ



**ਬਠਿੰਡਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸੁੰਦਰ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ÷ਮਿਸ਼ਨ ਕਲੀਨ ਪੰਜਾਬ÷ ਤਹਿਤ ਅੱਜ ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਦੀਆਂ ਪ੍ਰਮੁੱਖ ਖਾਣ ਪੀਣ ਸਬੰਧੀ ਦੁਕਾਨਾਂ ਦੀ ਚੈਕਿੰਗ ਕੀਤੀ ਗਈ । ਜਿਨ੍ਹਾਂ ਦੁਕਾਨਾਂ 'ਤੇ ਸਫਾਈ ਤਸੱਲੀਬਖ਼ਸ਼ ਅਤੇ ਮਿਆਰੀ ਨਹੀਂ ਮਿਲੀ ਉਨ੍ਹਾਂ ਦੁਕਾਨਾਂ ਦੇ ਮੌਕੇ ਉੱਤੇ ਚਲਾਨ ਕੱਟੇ ਗਏ।

ਕਮਿਸ਼ਨਰ ਨਗਰ ਨਿਗਮ ਮੈਡਮ ਲਵਜੀਤ ਕਲਸੀ ਨੇ ਦੱਸਿਆ ਕਿ ਜਾਂਚ ਦੌਰਾਨ ਡਾ. ਹੇਮੰਤ ਗੋਪਾਲ ਬੀ.ਐੱਮ.ਸੀ. ਹਸਪਤਾਲ ਫੇਜ਼-2, ਕਬਾਬ ਰੋਲ ਨੇੜੇ ਮਿੱਤਲ ਮਾਲ , ਪੀਜ਼ਾ ਹਟ, ਵਿਦੇਸ਼ੀ ਕਿਚਨ, ਚਟਪਟੇ ਚਟੂਰੇ, ਸ਼੍ਰੀ ਸ਼ਿਆਮ ਢਾਬਾ ਅਤੇ ਰੈੱਡ ਅਰਚਿਤ ਸਪਾ ਜੀ.ਟੀ. ਰੋਡ ਮਾਰਕੀਟ ਵਿੱਚ ਸਫ਼ਾਈ ਸਬੰਧੀ ਨਿਯਮਾਂ ਦੀ ਉਲੰਘਣਾ ਪਾਈ ਗਈ ਜਿਸ ਕਾਰਨ ਇਨ੍ਹਾਂ ਦੇ ਚਲਾਨ ਕੱਟੇ ।

ਉਨ੍ਹਾਂ ਦੱਸਿਆ ਕਿ ਆਮ ਲੋਕਾਂ ਵੱਲੋਂ ਵੀ ਸਮੇਂ ਸਿਰ ਪ੍ਰਸ਼ਾਸਨ ਦੇ ਧਿਆਨ ਚ ਇਸ ਤਰ੍ਹਾਂ ਦੀਆਂ ਊਣਤਾਈਆਂ ਲਿਆਂਦੀ ਜਾਂਦੀਆਂ ਹਨ ਜਿਨ੍ਹਾਂ ਉੱਤੇ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਇਨ੍ਹਾਂ ਦੁਕਾਨਾਂ ਦੇ ਮਾਲਕਾਂ ਅਤੇ ਮੈਨੇਜਰਾਂ ਨੂੰ ਮੌਕੇ ਉੱਤੇ ਸਫ਼ਾਈ ਯਕੀਨੀ ਬਣਾਉਣਾ ਸਬੰਧੀ ਨੁਕਤੇ ਦਿੱਤੇ ਗਏ । ਨਾਲ ਹੀ ਇਨ੍ਹਾਂ ਅਦਾਰਿਆਂ ਨੂੰ ਚਿਤਾਵਨੀ ਦਿੱਤੀ ਗਈ ਕਿ ਜੇ ਕਰ ਮੁੜ ਇਸ ਤਰ੍ਹਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਇਸ ਤੋਂ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਮਿਸ਼ਨ ਕਲੀਨ ਪੰਜਾਬ ਦਾ ਮੁੱਖ ਉਦੇਸ਼ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸਿਹਤਮੰਦ ਬਣਾਉਣਾ ਹੈ।

# ਜ਼ਿਲ੍ਹਾ ਚੋਣ ਅ.ਫਸਰ ਆਦਿਤਿਆ ਉੱਪਲ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਅੰਦਰ ਚੱਲ ਰਹੀ ਸਪੈਸ਼ਲ ਇੰਨਟੈਂਸਿਵ ਰਵੀਜ਼ਨ ਦੀ ਪ੍ਰਕਿਰਿਆ ਸਬੰਧੀ ਚੋਣ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ

**ਗੁਰਦਾਸਪੁਰ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਆਦਿਤਿਆ ਉੱਪਲ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਅੰਦਰ ਵੋਟਰ ਸੂਚੀਆਂ ਦੀ ਸਪੈਸ਼ਲ ਇੰਨਟੈਂਸਿਵ ਰਵੀਜ਼ਨ 2026 ਦੀ ਚੱਲ ਰਹੀ ਪ੍ਰਕਿਰਿਆ ਸੰਬੰਧੀ ਸਮੂਹ ਚੋਣ ਅਧਿਕਾਰੀਆਂ ਨਾਲ ਸਥਾਨਕ ਪੰਚਾਇਤ ਭਵਨ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਅਤੇ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਮੌਜੂਦ ਸਨ।

ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅ.ਫਸਰ-ਕਮ-ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਨੇ ਜ਼ਿਲ੍ਹੇ ਵਿੱਚ ਐੱਸ ਆਈ ਆਰ ਦੀ ਚੱਲ ਰਹੀ ਪ੍ਰਕਿਰਿਆ ਦਾ ਜਾਇਜ਼ਾ ਲਿਆ ਅਤੇ ਗਣਨਾ ਫਾਰਮ ਇਕੱਠੇ ਕਰਨ, ਡਿਜੀਟਾਈਜ ਕਰਨ ਅਤੇ ਪੋਲਿੰਗ ਬੂਥਾਂ ਦੀ ਰੈਸ਼ਨਲਾਈਜੇਸ਼ਨ ਕਰਨ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਲਈ ਗਈ। ਉਨ੍ਹਾਂ ਚੋਣ ਅਧਿਕਾਰੀਆਂ ਨੂੰ ਕਿਹਾ ਕਿ ਉਹ ਘਰ ਘਰ ਗਣਨਾ ਮੁਹਿੰਮ ਤਹਿਤ ਵੰਡੇ ਗਏ ਗਣਨਾ ਫਾਰਮਾਂ ਨੂੰ ਭਰਨ ਉਪਰੰਤ ਕੁਲੈਕਟ ਕਰਕੇ ਡਿਜੀਟਾਈਜ ਕਰਨ ਨੂੰ ਸੁਨਿਸ਼ਚਿਤ ਕਰਨ।

ਉਨ੍ਹਾਂ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰ, ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਰੋਜ਼ਾਨਾ ਬੀ ਐੱਲ ਓ ਅਤੇ ਸੁਪਰਵਾਈਜ਼ਰਾਂ ਨਾਲ ਮੀਟਿੰਗਾਂ ਕਰਕੇ ਡਿਜੀਟਾਈਜ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਹਦਾਇਤ ਕੀਤੀ।

ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਨੇ ਅੱਗੇ ਕਿਹਾ ਕਿ ਐੱਸ ਆਈ ਆਰ 2026 ਦਾ ਉਦੇਸ਼ ਹਰ ਯੋਗ ਵੋਟਰ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਹਰ ਅਯੋਗ ਵੋਟਰ ਨੂੰ ਵੋਟਰ ਸੂਚੀ ਵਿੱਚੋਂ ਬਾਹਰ ਕਰਨਾ ਅਤੇ ਵੋਟਰ ਸੂਚੀ ਨੂੰ 100 ਪ੍ਰਤੀਸ਼ਤ ਸ਼ੁੱਧ ਕਰਨਾ ਹੈ।

ਉਨ੍ਹਾਂ ਦੱਸਿਆ ਬੀ ਐਲ ਓ ਦੁਆਰਾ ਘਰ ਘਰ ਜਾ ਕੇ ਗਣਨਾ ਫਾਰਮ ਵੰਡੇ ਜਾ ਚੁੱਕੇ ਹਨ। ਫਾਰਮ ਵਿੱਚ ਸਾਰੀ ਜਾਣਕਾਰੀ ਭਰਣ ਉਪਰੰਤ ਇੱਕ ਕਾਪੀ ਵੋਟਰ ਵਲੋਂ ਦਸਤਖ਼ਤ ਕਰਕੇ ਬੀ ਐਲ ਓ ਕੋਲ ਜਮ੍ਹਾਂ ਕਰਵਾਈ ਗਈ ਹੈ ਅਤੇ ਇੱਕ ਕਾਪੀ ਬੀ ਐਲ ਓ ਦੁਆਰਾ ਦਸਤਖ਼ਤ ਕਰਕੇ ਵੋਟਰ ਨੂੰ ਰਸੀਦ ਵਜੋਂ ਦਿੱਤੀ ਗਈ ਹੈ।ਉਨ੍ਹਾਂ ਅੱਗੇ ਦੱਸਿਆ ਕਿ 24 ਜੁਲਾਈ 2026 ਤੱਕ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ (ਤਰਕ ਸੰਗਤ ਕਰਨਾ), 3 ਅਗਸਤ 2026 ਨੂੰ ਡਰਾਫਟ ਵੋਟਰ ਸੂਚੀ ਦਾ ਪ੍ਰਕਾਸ਼ਨ, 02 ਅਗਸਤ 2026 ਤੋਂ 02 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦੀ ਮਿਆਦ ਤੇ 03 ਅਗਸਤ 2026 ਤੋਂ 28 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ ਅਤੇ 1 ਅਕਤੂਬਰ 2026 ਨੂੰ ਅੰਤਿਮ ਵੋਟਰ ਸੂਚੀ ਦਾ ਪ੍ਰਕਾਸ਼ਨ ਕੀਤਾ ਜਾਵੇਗਾ।

ਇਸ ਮੌਕੇ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਜ਼ਿਲ੍ਹਾ ਚੋਣ ਅਫਸਰ, ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਮੂਹ ਚੋਣਕਾਰ ਅਫਸਰ ਗੁਰਦਾਸਪੁਰ ਅਤੇ ਮਨਜਿੰਦਰ ਸਿੰਘ ਚੋਣ ਤਹਿਸੀਲਦਾਰ ਗੁਰਦਾਸਪੁਰ ਮੌਜੂਦ ਸਨ।

# ਬਠਿੰਡਾ-ਚੰਡੀਗੜ੍ਹ ਰੋਡ 'ਤੇ ਦੋ ਕਾਰਾਂ ਦੀ ਟੱਕਰ 'ਚ ਦੋ ਜ਼ਖ਼ਮੀ

**ਬਠਿੰਡਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ-ਚੰਡੀਗੜ੍ਹ ਮੁੱਖ ਮਾਰਗ (ਹਾਈਵੇਅ) 'ਤੇ ਐਤਵਾਰ ਤੜਕੇ ਪਿੰਡ ਲਹਿਰਾ ਦੇ ਨੇੜੇ ਦੋ ਕਾਰਾਂ ਦੀ ਆਪਸੀ ਟੱਕਰ ਹੋਣ ਕਰਕੇ ਇੱਕ ਵੱਡਾ ਸੜਕ ਹਾਦਸਾ ਵਾਪਰ ਗਿਆ। ਇਹ ਟੱਕਰ ਇੰਨੀ ਜ਼ਬਰਦਸਤ ਸੀ ਕਿ ਇੱਕ ਕਾਰ ਬੇਕਾਬੂ ਹੋ ਕੇ ਡਿਵਾਈਡਰ ਦੇ ਉੱਪਰ ਪਲਟ ਗਈ। ਇਸ ਹਾਦਸੇ ਵਿੱਚ ਜਿੱਥੇ ਦੋਵੇਂ ਕਾਰ ਚਾਲਕ ਜ਼ਖ਼ਮੀ ਹੋ ਗਏ, ਉੱਥੇ ਹੀ ਚੰਗੀ ਕਿਸਮਤ ਰਹੀ ਕਿ ਕੋਈ ਜਾਨੀ ਨੁਕਸਾਨ (ਮੌਤ) ਨਹੀਂ ਹੋਇਆ। ਮਿਲੀ ਜਾਣਕਾਰੀ ਮੁਤਾਬਕ ਇਹ ਦੋਵੇਂ ਕਾਰਾਂ ਰਾਮਪੁਰਾ ਵਾਲੇ ਪਾਸੇ ਤੋਂ ਬਠਿੰਡਾ ਵੱਲ ਆ ਰਹੀਆਂ ਸਨ। ਇਨ੍ਹਾਂ ਵਿੱਚੋਂ ਇੱਕ ਕਾਰ ਨੂੰ ਮਹਿਲਾ ਅਧਿਆਪਕ (ਟੀਚਰ) ਰਮਨਦੀਪ ਕੌਰ ਚਲਾ ਰਹੀ ਸੀ, ਜੋ ਰਾਮਪੁਰਾ ਤੋਂ ਆਪਣੇ ਸਕੂਲ ਵਿੱਚ ਡਿਊਟੀ 'ਤੇ ਜਾ ਰਹੀ ਸੀ। ਇਸੇ ਦੌਰਾਨ ਉਸ ਦੇ ਪਿੱਛੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਲੁਹਾਰਾ ਦਾ ਇੱਕ ਵਿਅਕਤੀ ਆਪਣੀ ਕਾਰ ਵਿੱਚ ਬਠਿੰਡਾ ਵੱਲ ਆ ਰਿਹਾ ਸੀ।

# ਸੰਗਰੂਰ ਤੇ ਧੂਰੀ 'ਚ ਬੇਰੁਜ਼ਗਾਰ ਅਧਿਆਪਕਾਂ ਖਿਲਾਫ਼ ਕੇਸ; 20 ਜਣਿਆਂ ਨੂੰ ਜੇਲ੍ਹ ਭੇਜਿਆ

## ਸਿੱਖਿਆ ਮੰਤਰੀ ਦੀਆਂ ਗੱਡੀਆਂ ਦਾ ਕਾਫ਼ਲਾ ਰੋਕਣ ਅਤੇ ਧੂਰੀ ਟਾਵਰ ਮੋਰਚੇ ਦਾ ਮਾਮਲਾ



ਸੰਗਰੂਰ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਗੱਡੀਆਂ ਦਾ ਕਾਫ਼ਲਾ ਰੋਕਣ ਦੇ ਮਾਮਲੇ ਤੋਂ ਬਾਅਦ ਸੰਗਰੂਰ ਪੁਲੀਸ ਨੇ ਸਖਤ ਰੁਖ਼ ਅਪਣਾਉਂਦਿਆਂ ਜਿਥੇ ਮੌਕੇ ਤੋਂ ਹਿਰਾਸਤ ਵਿਚ ਲਏ ਕਰੀਬ ਅੱਠ ਬੇਰੁਜ਼ਗਾਰ 5994 ਈ ਟੀ ਟੀ ਅਧਿਆਪਕਾਂ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਸੰਗਰੂਰ ਥਾਣੇ ਵਿਚ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਹੈ, ਉਥੇ ਅੱਜ ਤੜਕੇ ਮੁੱਖ ਮੰਤਰੀ ਦੇ ਹਲਕਾ ਧੂਰੀ ਵਿਚ ਚੱਲ ਰਹੇ ਟਾਵਰ ਮੋਰਚੇ ਨੂੰ ਖਦੇੜਦਿਆਂ ਮੌਕੇ ਤੋਂ ਕਰੀਬ ਇੱਕ ਦਰਜਨ ਬੇਰੁਜ਼ਗਾਰ ਅਧਿਆਪਕਾਂ ਨੂੰ ਹਿਰਾਸਤ ਵਿਚ ਲੈ ਲਿਆ। ਪੁਲੀਸ ਨੇ ਇਸ ਸਬੰਧੀ ਧੂਰੀ ਵਿਚ ਕੇਸ ਦਰਜ ਕਰਕੇ ਬੇਰੁਜ਼ਗਾਰ ਅਧਿਆਪਕਾਂ ਨੂੰ ਜੇਲ੍ਹ ਭੇਜ ਦਿੱਤਾ ਹੈ। ਉਧਰ ਅੱਜ ਬੇਰੁਜ਼ਗਾਰ 5994 ਈ ਟੀ ਟੀ ਅਧਿਆਪਕ ਯੂਨੀਅਨ ਦਾ ਵਫ਼ਦ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਸਮੇਤ ਸਥਾਨਕ ਜ਼ਿਲ੍ਹਾ ਦਫ਼ਤਰ ਵਿਚ ਪੁਲੀਸ ਅਧਿਕਾਰੀਆਂ ਨੂੰ ਮਿਲਿਆ ਅਤੇ ਸਾਥੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਅੱਧੀ ਦਰਜਨ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਵਲੋਂ ਉਸ ਸਮੇਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਗੱਡੀਆਂ ਦਾ ਕਾਫ਼ਲਾ ਰੋਕਦਿਆਂ ਨਾਅਰੇਬਾਜ਼ੀ ਕੀਤੀ ਗਈ ਜਦੋਂ ਸਿੱਖਿਆ ਮੰਤਰੀ ਸਥਾਨਕ ਡਾਈਟ ਵਿਚ ਇੱਕ ਸਮਾਗਮ ਵਿਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਪਰਤ ਰਹੇ ਸਨ। ਮੌਕੇ ਤੇ ਪੁਲੀਸ ਪ੍ਰਦਰਸ਼ਨਕਾਰੀ ਬੇਰੁਜ਼ਗਾਰ ਅਧਿਆਪਕਾਂ ਨੂੰ ਕਾਬੂ ਕਰਕੇ ਥਾਣਾ ਸਿਟੀ ਲੈ ਗਈ ਸੀ। ਸੰਗਰੂਰ ਪੁਲੀਸ ਵਲੋਂ ਕਰੀਬ ਅੱਠ ਬੇਰੁਜ਼ਗਾਰ ਅਧਿਆਪਕਾਂ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਸਬੰਧ ਵਿਚ ਡੀਐਸਪੀ ਦਲਵੀਰ ਸਿੰਘ ਸਿੱਧੂ ਨੇ ਦੱਸਿਆ ਕਿ ਅੱਠ ਜਣਿਆਂ ਖਿਲਾਫ਼ ਜਦੋਂ ਕਿ ਚਾਰ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਉਧਰ ਅੱਜ ਤੜਕੇ ਪੁਲੀਸ ਨੇ ਧੂਰੀ ਵਿਚ ਟਾਵਰ ਹੇਠਾਂ ਕਰੀਬ 25 ਦਿਨਾਂ ਚੱਲ ਰਹੇ ਮੋਰਚੇ ਨੂੰ ਖਦੇੜਦਿਆਂ ਮੌਕੇ ਤੋ ਮੌਜੂਦ ਪੰਜ ਮਹਿਲਾ ਬੇਰੁਜ਼ਗਾਰ ਅਧਿਆਪਕਾਂ ਸਮੇਤ 12 ਜਣਿਆਂ ਨੂੰ ਵੀ ਹਿਰਾਸਤ ਵਿਚ ਲੈ ਕੇ ਥਾਣਾ ਧੂਰੀ ਵਿਚ ਕੇਸ ਦਰਜ ਕਰ ਦਿੱਤਾ ਹੈ ਜਿਨ੍ਹਾਂ ਨੂੰ ਜੁਡੀਸ਼ੀਅਲ ਹਿਰਾਸਤ ਵਿਚ ਜੇਲ੍ਹ ਭੇਜ ਦਿੱਤਾ ਗਿਆ ਹੈ। ਡੀਐਸਪੀ ਧੂਰੀ ਗੁਰਪ੍ਰੀਤ ਸਿੰਘ ਨੇ ਇਸ ਬਾਬਤ ਪੁਸ਼ਟੀ ਕੀਤੀ ਹੈ।

ਇਸ ਸੰਘਰਸ਼ ਦੌਰਾਨ ਹੁਣ ਸਿਰਫ਼ ਬੇਰੁਜ਼ਗਾਰ ਅਧਿਆਪਕ ਹਰਜੀਤ ਸਿੰਘ ਮਾਨਸਾ ਹੀ ਮੋਬਾਇਲ ਟਾਵਰ ਉਪਰ ਡਟਿਆ ਹੋਇਆ ਹੈ।

ਉਧਰ ਅੱਜ ਸਾਥੀਆਂ ਦੀ ਰਿਹਾਈ ਲਈ ਯੂਨੀਅਨ ਦਾ ਵਫ਼ਦ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਸਮੇਤ ਐਸ.ਪੀ. ਨਵਰੀਤ ਸਿੰਘ ਵਿਰਕ ਨੂੰ ਵੀ ਮਿਲਿਆ ਸੀ। ਯੂਨੀਅਨ ਆਗੂਆਂ ਨੇ ਦੱਸਿਆ ਕਿ ਪੁਲੀਸ ਅਧਿਕਾਰੀ ਵਲੋਂ ਭਰੋਸਾ ਹੀ ਮਿਲਿਆ ਹੈ।

# ਦਿਲਜੀਤ ਦੋਸਾਂਝ ਦੀ ਫਿਲਮ ਸਤਲੁਜ ਰਿਲੀਜ਼ ਦੇ ਮਹਿਜ਼ 2 ਦਿਨਾਂ ਬਾਅਦ ZEEE ਤੋਂ ਹਟਾਈ




ਨਵੀਂ ਦਿੱਲੀ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਦੀ ਲੰਮੇ ਸਮੇਂ ਤੋਂ ਰੁਕੀ ਹੋਈ ਫ਼ਿਲਮ 'ਪੰਜਾਬ 95' ਨੂੰ ਭਾਰਤ ਵਿੱਚ ZEE5 ਓ ਟੀ ਟੀ ਪਲੇਟਫਾਰਮ 'ਤੇ ਨਵੇਂ ਨਾਂ 'ਸਤਲੁਜ' ਹੇਠ ਰਿਲੀਜ਼ ਕੀਤਾ ਗਿਆ ਸੀ, ਪਰ ਰਿਲੀਜ਼ ਦੇ ਮਹਿਜ਼ ਦੋ ਦਿਨਾਂ ਬਾਅਦ ਹੀ ਇਹ ਫ਼ਿਲਮ ਇਸ ਪਲੇਟਫਾਰਮ ਤੋਂ ਹਟਾ ਦਿੱਤੀ ਗਈ ਹੈ।

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਬਣੀ ਇਹ ਫ਼ਿਲਮ ਪਿਛਲੇ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸੈਂਸਰ ਬੋਰਡ ਦੀ ਮਨਜ਼ੂਰੀ ਨਾ ਮਿਲਣ ਕਾਰਨ ਅਟਕੀ ਹੋਈ ਸੀ।

ਫ਼ਿਲਮ ਦਾ ਨਿਰਦੇਸ਼ਨ ਹਨੀ ਤਰੇਹਨ ਨੇ ਕੀਤਾ ਹੈ। ਇਹ ਫ਼ਿਲਮ ਸ਼ੁੱਕਰਵਾਰ ਨੂੰ ਬਿਨਾਂ ਕਿਸੇ ਕੱਟ ਦੇ ਰਿਲੀਜ਼ ਕੀਤੀ ਗਈ ਸੀ, ਪਰ ਐਤਵਾਰ ਸ਼ਾਮ ਨੂੰ ਪਲੇਟਫਾਰਮ ਨੇ ਦਰਸ਼ਕਾਂ ਨੂੰ ਇਹ ਸੂਚਿਤ ਕਰਨ ਲਈ ਇੱਕ ਬਿਆਨ ਸਾਂਝਾ ਕੀਤਾ ਕਿ ਇਹ ਹੁਣ ਭਾਰਤ ਵਿੱਚ ਉਪਲਬਧ ਨਹੀਂ ਹੈ।

ZEE5 ਪਲੇਟਫਾਰਮ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ, ਮੌਜੂਦਾ ਹਾਲਾਤ ਨੂੰ ਦੇਖਦੇ ਹੋਏ, 'ਸਤਲੁਜ' ਫ਼ਿਲਮ ਅਗਲੀ ਸੂਚਨਾ ਤੱਕ ਭਾਰਤ ਵਿੱਚ ਉਪਲਬਧ ਨਹੀਂ ਰਹੇਗੀ। ਅਸੀਂ ਸਹੀ ਪ੍ਰਕਿਰਿਆ ਰਾਹੀਂ ਹਰ ਢੁਕਵੇਂ ਰਸਤੇ ਦੀ ਭਾਲ ਕਰਨ ਲਈ ਵਚਨਬੱਧ ਹਾਂ ਤਾਂ ਜੋ ਇਸ ਫ਼ਿਲਮ ਨੂੰ ਜਲਦੀ ਤੋਂ ਜਲਦੀ ਦੁਬਾਰਾ ਆਪਣੇ ਦਰਸ਼ਕਾਂ ਤੱਕ ਵਾਪਸ ਲਿਆਂਦਾ ਜਾ ਸਕੇ।÷

ਓ ਟੀ ਟੀ ਪਲੇਟਫਾਰਮ ਨੇ ਕਿਹਾ ਕਿ ਸਤਲੁਜ ਨੂੰ ਇਸਦੀ ਰਿਲੀਜ਼ ਤੋਂ ਬਾਅਦ ਮਿਲਿਆ ਹੁੰਗਾਰਾ ਸੱਚਮੁੱਚ ਬਹੁਤ ਸ਼ਾਨਦਾਰ ਰਿਹਾ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ, ÷ਅਸੀਂ ਉਨ੍ਹਾਂ ਸਾਰੇ ਦਰਸ਼ਕਾਂ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਫ਼ਿਲਮ ਨੂੰ ਦੇਖਣ ਲਈ ਸਬਸਕ੍ਰਿਪਸ਼ਨ ਲਈ, ਇਸ ਨੂੰ ਦੇਖਿਆ ਅਤੇ ਇਸ ਦੀ ਸ਼ਲਾਘਾ ਕੀਤੀ। ਤੁਹਾਡੇ ਪਿਆਰ ਅਤੇ ਸਾਥ ਦਾ ਸਾਡੇ ਲਈ ਅਤੇ ਉਨ੍ਹਾਂ ਸਾਰੇ ਲੋਕਾਂ ਲਈ ਬਹੁਤ ਵੱਡਾ ਮਹੱਤਵ ਹੈ ਜਿਨ੍ਹਾਂ ਨੇ ਇਸ ਕਹਾਣੀ ਨੂੰ ਪਰਦੇ 'ਤੇ ਉਤਾਰਿਆ।÷

ਫ਼ਿਲਮ ਵਿੱਚ,ਦਿਲਜੀਤ ਦੋਸਾਂਝ ਨੇ ਭਾਈ ਜਸਵੰਤ ਸਿੰਘ ਖਾਲੜਾ ਦੀ ਭੂਮਿਕਾ ਨਿਭਾਈ ਹੈ। ਇਹ ਫ਼ਿਲਮ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ, ਸੰਘਰਸ਼ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ 'ਤੇ ਅਧਾਰਿਤ ਹੈ।

# ਨਗਰ ਨਿਗਮ ਚੋਣਾਂ : 50 ਵਾਰਡਾਂ 'ਚੋਂ 35 'ਚ 'ਆਮ ਆਦਮੀ ਪਾਰਟੀ', 9 ਵਾਰਡਾਂ 'ਚ ਕਾਂਗਰਸ ਪਾਰਟੀ ਦੀ ਜਿੱਤ; 3-3 ਵਾਰਡਾਂ 'ਚ ਭਾਰਤੀ ਜਨਤਾ ਪਾਰਟੀ ਦੇ ਅਤੇ ਆਜ਼ਾਦ ਉਮੀਦਵਾਰ ਰਹੇ ਜੇਤੂ

ਹੁਸ਼ਿਆਰਪੁਰ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਨਗਰ ਨਿਗਮ ਦੇ 50 ਵਾਰਡਾਂ ਲਈ ਅੱਜ ਪਈਆਂ ਵੋਟਾਂ ਦੀ ਗਿਣਤੀ ਉਪਰੰਤ 35 ਵਾਰਡਾਂ ਵਿਚ ਆਮ ਆਦਮੀ ਪਾਰਟੀ, 9 ਵਾਰਡਾਂ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ, 3 ਵਾਰਡਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ 3 ਵਾਰਡਾਂ ਵਿਚ ਆਜ਼ਾਦ ਉਮੀਦਵਾਰ ਜੇਤੂ ਰਹੇ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਸਮੁੱਚੀ ਚੋਣ ਪ੍ਰਕਿਰਿਆ ਪੂਰੇ ਸ਼ਾਂਤਮਈ ਅਤੇ ਨਿਰਪੱਖ ਢੰਗ ਨਾਲ ਨੇਪਰੇ ਚੜੀ। ਉਨ੍ਹਾਂ ਦੱਸਿਆ ਕਿ ਸਵੇਰੇ 8:00 ਵਜੇ ਤੋਂ ਸ਼ੁਰੂ ਹੋਈ ਵੋਟਿੰਗ ਸ਼ਾਮ 4:00 ਵਜੇ ਤੱਕ ਜਾਰੀ ਰਹਿਣ ਪਿੱਛੋਂ ਵੋਟਾਂ ਦੀ ਗਿਣਤੀ ਕਰਵਾਈ ਗਈ। ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਆਜ਼ਾਦ ਉਮੀਦਵਾਰ ਰਜਨੀ ਬਾਲਾ ਕੁੱਲ 887 ਵੋਟ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਵਾਰਡ ਨੰਬਰ 2 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰਮੇਸ਼ ਕੁਮਾਰ 765 ਵੋਟਾਂ, ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਜਨੀ ਕੌਰ 774 ਵੋਟਾਂ, ਵਾਰਡ ਨੰਬਰ 4 ਤੋਂ ਭਾਜਪਾ ਦੇ ਉਮੀਦਵਾਰ ਜਤਿੰਦਰ ਸਿੰਘ ਸੈਣੀ 815 ਵੋਟਾਂ, ਵਾਰਡ ਨੰਬਰ 5 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪ੍ਰਵੀਨ ਸੈਣੀ 1354 ਵੋਟਾਂ, ਵਾਰਡ ਨੰਬਰ 6 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਸ਼ੋਕ ਕੁਮਾਰ 994 ਵੋਟਾਂ, ਵਾਰਡ ਨੰਬਰ 7 ਤੋਂ ਆਮ ਆਦਮੀ ਪਾਰਟੀ ਦੇ ਉਮਦੀਵਾਰ ਨਰਿੰਦਰ ਕੌਰ 725 ਵੋਟਾਂ, 8 ਤੋਂ ਆਮ ਆਦਮੀ ਪਾਰਟੀ ਦੇ ਉਮਦੀਵਾਰ ਮੁਖੀ ਰਾਮ ਰੱਲ 1141 ਵੋਟਾਂ, 9 ਤੋਂ ਆਮ ਆਦਮੀ ਪਾਰਟੀ ਦੇ ਉਮਦੀਵਾਰ ਗੁਰਬਖਸ਼ ਕੌਰ ਰੱਲ 514 ਵੋਟਾਂ, 10 ਤੋਂ ਆਮ ਆਦਮੀ ਪਾਰਟੀ ਦੇ ਉਮਦੀਵਾਰ ਜਸਪਾਲ ਚੇਚੀ 983 ਵੋਟਾਂ ਲੈ ਕੇ ਜੇਤੂ ਰਹੇ।

ਇਸੇ ਤਰ੍ਹਾਂ ਵਾਰਡ ਨੰਬਰ 11 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਰਿੰਪੀ ਚੌਹਾਨ 707 ਵੋਟਾਂ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਸੰਦੀਪ ਚੇਚੀ 1106 ਵੋਟਾਂ, ਵਾਰਡ ਨੰਬਰ 13 ਤੋਂ ਆਮ ਆਦਮੀ ਪਾਰਟੀ ਜਤਿੰਦਰ ਕੌਰ 902 ਵੋਟਾਂ, ਵਾਰਡ ਨੰਬਰ 14 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਵਿੰਦਰ ਕੁਮਾਰ 1279 ਵੋਟਾਂ, ਵਾਰਡ ਨੰਬਰ 15 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਚੰਦਰਾਵਤੀ 1188 ਵੋਟਾਂ, ਵਾਰਡ ਨੰਬਰ 16 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਮਲਜੀਤ ਸਿੰਘ 885 ਵੋਟਾਂ , ਵਾਰਡ ਨੰਬਰ 17 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਪ੍ਰੀਤ ਕੌਰ 1050 ਵੋਟਾਂ, ਵਾਰਡ ਨੰਬਰ 18 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਰਿੰਦਰ ਕੁਮਾਰ ਸ਼ਿੰਦਾ 968 ਵੋਟਾਂ, ਵਾਰਡ ਨੰਬਰ 19 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਨਮੀਤ ਕੌਰ 923 ਵੋਟਾਂ, ਵਾਰਡ ਨੰਬਰ 20 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਸਵੰਤ ਰਾਏ 717 ਵੋਟਾਂ ਲੈ ਕੇ ਜੇਤੂ ਰਹੇ।

ਇਸੇ ਤਰ੍ਹਾਂ ਵਾਰਡ ਨੰਬਰ 21 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜ ਰਾਣੀ ਬੈਂਸ 822 ਵੋਟਾਂ, ਵਾਰਡ ਨੰਬਰ 22 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਿੰਦਰ ਸਿੰਘ 470 ਵੋਟਾਂ, ਵਾਰਡ ਨੰਬਰ 23 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਬਲਜੀਤ ਕੌਰ 907 ਵੋਟਾਂ, ਵਾਰਡ ਨੰਬਰ 24 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਬਲਵਿੰਦਰ ਕੌਰ 816 ਵੋਟਾਂ, ਵਾਰਡ ਨੰਬਰ 25 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਜੀਤ ਕੌਰ 795 ਵੋਟਾਂ, ਵਾਰਡ ਨੰਬਰ 26 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੇ ਕੁਮਾਰ 979 ਵੋਟਾਂ, ਵਾਰਡ ਨੰਬਰ 27 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਮਨਜੋਤ ਕੌਰ 627 ਵੋਟਾਂ, ਵਾਰਡ ਨੰਬਰ 28 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਵਿੰਦਰ ਸਿੰਘ 991 ਵੋਟਾਂ, ਵਾਰਡ ਨੰਬਰ 29 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਨੀਰਜ ਰਾਣੀ 895 ਵੋਟਾਂ, ਵਾਰਡ ਨੰਬਰ 30 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਵਿੰਦਰ ਕੁਮਾਰ 896 ਵੋਟਾਂ ਲੈ ਕੇ ਜੇਤੂ ਰਹੇ।

ਇਸੇ ਤਰ੍ਹਾਂ ਵਾਰਡ ਨੰਬਰ 31 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਨਵਜੋਤ ਕਟੋਚ 560 ਵੋਟਾਂ, ਵਾਰਡ ਨੰਬਰ 32 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਅਲਕਾ 487 ਵੋਟਾਂ, ਵਾਰਡ ਨੰਬਰ 33 ਤੋਂ ਆਜ਼ਾਦ ਉਮੀਦਵਾਰ ਰਣਜੀਤ ਚੌਧਰੀ 637 ਵੋਟਾਂ, ਵਾਰਡ ਨੰਬਰ 34 ਤੋਂ ਆਮ ਆਦਮੀ ਪਾਰਟੀ ਦੇ ਉਮੀਵਾਰ ਰਾਜੇਸ਼ਵਰ ਦਿਆਲ ਬੱਬੀ 921 ਵੋਟਾਂ, ਵਾਰਡ ਨੰਬਰ 35 ਤੋਂ ਆਮ ਆਦਮੀ ਪਾਰਟੀ ਦੀ ਉਮੀਦਾਰ ਹਰਪ੍ਰੀਤ ਕੌਰ 949 ਵੋਟਾਂ, ਵਾਰਡ ਨੰਬਰ 36 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਮੀਨਾ ਕੁਮਾਰੀ 765 ਵੋਟਾਂ, ਵਾਰਡ ਨੰਬਰ 37 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪਰਮਜੀਤ ਕੌਰ 676 ਵੋਟਾਂ, ਵਾਰਡ ਨੰਬਰ 38 ਤੋਂ ਆਮ ਆਦਮੀ ਪਾਰਟੀ ਪਾਰਟੀ ਦੇ ਉਮੀਦਵਾਰ ਦਰਿਪਨ ਸੈਣੀ 709 ਵੋਟਾਂ, ਵਾਰਡ ਨੰਬਰ 39 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਅੰਜਨਾ ਬਰਮੀ 598 ਵੋਟਾਂ , ਵਾਰਡ ਨੰਬਰ 40 ਤੋਂ ਆਜ਼ਾਦ ਜਗਵਿੰਦਰ ਸਿੰਘ 331 ਵੋਟਾਂ, ਵਾਰਡ ਨੰਬਰ 41 ਤੋਂ ਭਾਜਪਾ ਦੀ ਉਮੀਦਵਾਰ ਗਿਤਿਕਾ ਅਰੋੜਾ 765 ਵੋਟਾਂ , ਵਾਰਡ ਨੰਬਰ 42 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਜਸਵਿੰਦਰ ਕੌਰ 654 ਵੋਟਾਂ, ਵਾਰਡ ਨੰਬਰ 43 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਨੀਲਮ ਰਾਣੀ 765 ਵੋਟਾਂ, ਵਾਰਡ ਨੰਬਰ 44 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪ੍ਰਦੀਪ ਕੁਮਾਰ 710 ਵੋਟਾਂ, ਵਾਰਡ ਨੰਬਰ 45 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਤਨੀਸ਼ਾ ਸ਼ਰਮਾ 780 ਵੋਟਾਂ, ਵਾਰਡ ਨੰਬਰ 46 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੇ ਕੁਮਾਰ ਵਰਮਾ 920 ਵੋਟਾਂ, ਵਾਰਡ ਨੰਬਰ 47 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਕਮਲੇਸ਼ ਰਾਣੀ 788 ਵੋਟਾਂ, ਵਾਰਡ ਨੰਬਰ 48 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੀਰਥ ਰਾਮ 632 ਵੋਟਾਂ, ਵਾਰਡ ਨੰਬਰ 49 ਤੋਂ ਭਾਜਪਾ ਦੇ ਉਮੀਦਵਾਰ ਕਮਲਜੀਤ 482 ਵੋਟਾਂ, ਵਾਰਡ ਨੰਬਰ 50 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਸੁਖਵਿੰਦਰ ਕੌਰ 579 ਵੋਟਾਂ ਲੈ ਕੇ ਜੇਤੂ ਰਹੇ।

# ਕੈਬਨਿਟ ਮੰਤਰੀ ਨੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



ਮਲੋਟ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਭਲਾਈ ਮੰਤਰੀ ਪੰਜਾਬ ਨੇ ਅੱਜ ਆਪਣੇ ਵਿਧਾਨ ਸਭਾ ਹਲਕਾ ਮਲੋਟ ਦੇ ਪਿੰਡ ਜੰਡਾਵਾਲਾ ਅਤੇ ਪਿੰਡ ਮਲੋਟ ਵਿੱਚ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ ਤੇ ਨਿਪਟਾਰਾ ਕੀਤਾ।

ਪਿੰਡ ਜੰਡਾਵਾਲਾ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣਦਿਆਂ ਉਹਨਾਂ ਦੱਸਿਆ ਕਿ ਇਸ ਪਿੰਡ ਦੇ ਵਿਕਾਸ ਲਈ ਸਰਕਾਰ ਵਲੋਂ ਤਕਰੀਬਨ 6 ਕਰੋੜ ਰੁਪਏ ਖਰਚ ਕਰਕੇ ਵਿਕਾਸ ਦੇ ਕੰਮ ਕਰਵਾਏ ਹਨ ਅਤੇ 21 ਕਿਲੋਮੀਟਰ ਲੰਬੇ ਤਿੰਨ ਰਜਵਾਹਿਆ ਅਤੇ ਖਾਲਿਆਂ ਨੂੰ ਪੱਕਾ ਕਰਵਾਇਆ ਗਿਆ ਹੈ ਤਾਂ ਜ਼ੋ ਸਿੰਚਾਈ ਅਤੇ ਲੋਕਾਂ ਨੂੰ ਪੂਰਾ ਪਾਣੀ ਮਿਲ ਸਕੇ ਅਤੇ ਸਰਕਾਰ ਵਲੋਂ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਕਰਵਾਏ ਜਾ ਰਹੇ ਹਨ ਤਾਂ ਜੋ ਉਹਨਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ। ਇਸ ਮੌਕੇ ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਮਾਵਾਂ—ਧੀਆਂ ਸਤਿਕਾਰ ਯੋਜਨਾ ਤਹਿਤ ਮਹਿਲਾਵਾਂ ਨੂੰ ਆਰਥਿਕ ਤੌਰ ਤੇ ਮਜਬੂਤ ਕੀਤਾ ਜਾ ਰਿਹਾ ਹੈ। ਧਰ ਇਸ ਮੌਕੇ ਉਹਨਾਂ ਨੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਹੋਰ ਲੋਕ ਭਲਾਈ ਸਕੀਮਾਂ ਅਤੇ ਸਹੂਲਤਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਇਹਨਾਂ ਦਾ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।

# ਬਠਿੰਡਾ ਨੂੰ ਆਧੁਨਿਕ ਤੇ ਸਮੱਸਿਆ-ਮੁਕਤ ਸ਼ਹਿਰ ਬਣਾਉਣ ਲਈ ਨਗਰ ਨਿਗਮ ਵਚਨਬੱਧ : ਮੇਅਰ ਪਦਮਜੀਤ ਸਿੰਘ ਮਹਿਤਾ



ਬਠਿੰਡਾ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ, ਆਧੁਨਿਕ ਅਤੇ ਸਮੱਸਿਆ-ਮੁਕਤ ਬਣਾਉਣ ਦੇ ਉਦੇਸ਼ ਨਾਲ ਨਗਰ ਨਿਗਮ ਬਠਿੰਡਾ ਵੱਲੋਂ ਵਿਕਾਸ ਕਾਰਜ ਲਗਾਤਾਰ ਜਾਰੀ ਹਨ। ਇਸੇ ਲੜੀ ਤਹਿਤ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ੍ਰੀ ਬਿਕਰਮ ਕ੍ਰਾਂਤੀ ਦੇ ਵਾਰਡ ਨੰਬਰ 24 ਵਿੱਚ ਸਥਿਤ ਊਧਮ ਸਿੰਘ ਨਗਰ ਵਿੱਚ ਇੰਟਰਲਾਕਿੰਗ ਟਾਈਲਾਂ ਵਿਛਾਉਣ ਦੇ ਕੰਮ ਦਾ ਸ਼ੁਭ ਆਰੰਭ ਵਾਰਡ ਦੀਆਂ ਮਹਿਲਾਵਾਂ ਦੇ ਸ਼ੁਭ ਹੱਥਾਂ ਨਾਲ ਕਰਵਾਇਆ। ਇਸ ਮੌਕੇ ਕੌਂਸਲਰ ਸ੍ਰੀ ਬਿਕਰਮ ਕ੍ਰਾਂਤੀ, ਸ੍ਰੀਮਤੀ ਯਸ਼ੋਦਾ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਬਠਿੰਡਾ ਨੂੰ ਹਰ ਪੱਖੋਂ ਆਧੁਨਿਕ ਅਤੇ ਸਮੱਸਿਆ-ਮੁਕਤ ਸ਼ਹਿਰ ਬਣਾਉਣਾ ਨਗਰ ਨਿਗਮ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰੇਕ ਵਾਰਡ ਵਿੱਚ ਪੜਾਅਵਾਰ ਢੰਗ ਨਾਲ ਸੜਕਾਂ, ਗਲੀਆਂ, ਸੀਵਰੇਜ, ਸਟਰੀਟ ਲਾਈਟਾਂ, ਸਫ਼ਾਈ ਅਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਯੋਜਨਾਬੱਧ ਢੰਗ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਮੇਅਰ ਨੇ ਕਿਹਾ, ਸਾਡਾ ਮਕਸਦ ਸਿਰਫ਼ ਸੜਕਾਂ ਦਾ ਨਿਰਮਾਣ ਕਰਵਾਉਣਾ ਨਹੀਂ, ਸਗੋਂ ਬਠਿੰਡਾ ਨੂੰ ਇੱਕ ਸੁਚੱਜਾ, ਸਾਫ਼-ਸੁਥਰਾ, ਸੁਵਿਧਾਜਨਕ ਅਤੇ ਆਧੁਨਿਕ ਸ਼ਹਿਰ ਵਜੋਂ ਵਿਕਸਿਤ ਕਰਨਾ ਹੈ। ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕੀਤਾ ਜਾਵੇਗਾ। ਲੋਕਾਂ ਦੇ ਟੈਕਸ ਦਾ ਹਰ ਰੁਪਇਆ ਪੂਰੀ ਪਾਰਦਰਸ਼ਤਾ ਨਾਲ ਸ਼ਹਿਰ ਦੇ ਵਿਕਾਸ ਅਤੇ ਜਨਤਾ ਦੀਆਂ ਸਹੂਲਤਾਂ 'ਤੇ ਖਰਚ ਕੀਤਾ ਜਾ ਰਿਹਾ ਹੈ।

ਉਨ੍ਹਾਂ ਨਿਰਮਾਣ ਕਾਰਜ ਕਰ ਰਹੇ ਠੇਕੇਦਾਰ ਨੂੰ ਸਖ਼ਤ ਹਦਾਇਤਾਂ ਦਿੰਦਿਆਂ ਕਿਹਾ ਕਿ ਇੰਟਰਲਾਕਿੰਗ ਟਾਈਲਾਂ ਵਿਛਾਉਣ ਦੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਘਟੀਆ ਸਮੱਗਰੀ ਦੀ ਵਰਤੋਂ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੰਮ ਨਿਰਧਾਰਤ ਮਾਪਦੰਡਾਂ ਅਤੇ ਸਮਾਂ-ਸੀਮਾ ਅੰਦਰ ਮੁਕੰਮਲ ਕੀਤਾ ਜਾਵੇ ਤਾਂ ਜੋ ਇਲਾਕਾ ਵਾਸੀਆਂ ਨੂੰ ਜਲਦ ਤੋਂ ਜਲਦ ਬਿਹਤਰ ਸਹੂਲਤਾਂ ਮਿਲ ਸਕਣ। ਜੇਕਰ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਬੇਨਿਯਮਤਾ ਸਾਹਮਣੇ ਆਈ ਤਾਂ ਸਬੰਧਤ ਠੇਕੇਦਾਰ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਕਿਹਾ ਕਿ ਨਗਰ ਨਿਗਮ ਬਠਿੰਡਾ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ।

ਆਉਣ ਵਾਲੇ ਸਮੇਂ ਵਿੱਚ ਵੀ ਸਾਰੇ ਵਾਰਡਾਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ, ਤਾਂ ਜੋ ਬਠਿੰਡਾ ਪੰਜਾਬ ਦੇ ਸਭ ਤੋਂ ਸੁੰਦਰ, ਸਾਫ਼-ਸੁਥਰੇ ਅਤੇ ਆਧੁਨਿਕ ਸ਼ਹਿਰਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਕਾਇਮ ਕਰ ਸਕੇ।

# ਮਿਸਲ ਸਤਲੁਜ ਪਾਰਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਕਾਲੀ ਸੂਚੀ ਖਤਮ ਹੋਣ ਸੰਘਰਸ਼ ਜਾਰੀ ਰਹੇਗਾ: ਅਜੇਪਾਲ ਸਿੰਘ ਬਰਾੜ



ਫ਼ਤਹਿਗੜ੍ਹ ਸਾਹਿਬ,8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਇਨਸਾਫ਼ ਮੋਰਚੇ ਦੇ ਸੱਦੇ 'ਤੇ ਅੱਜ ਫ਼ਤਹਿਗੜ੍ਹ ਸਾਹਿਬ ਦੇ ਮਾਧੋਪੁਰ ਰੇਲਵੇ ਟਰੈਕ 'ਤੇ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਭਾਰਤ ਅਤੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਅਤੇ ਸਿੱਖਾਂ ਨਾਲ ਸਬੰਧਤ ਕਾਲੀ ਸੂਚੀ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਮਿਸਲ ਸਤਲੁਜ ਪਾਰਟੀ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ, ਮਹਿਲਾ ਵਿੰਗ ਦੀ ਪ੍ਰਧਾਨ ਅਤੇ ਸਨੌਰ ਹਲਕੇ ਦੀ ਉਮੀਦਵਾਰ ਬੀਬੀ ਜਸਮੀਤ ਕੌਰ ਛੀਨਾ, ਪਟਿਆਲਾ ਦਿਹਾਤੀ ਤੋਂ ਉਮੀਦਵਾਰ ਮਨਜੀਤ ਸਿੰਘ ਚਾਹਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ, ਅਮਰਿੰਦਰ ਸਿੰਘ ਤੁੜ ਕੌਮੀ ਕਨਵੀਨਰ ਪੂਰਾ ਪੰਜਾਬ ਲਹਿਰ,ਯੂਥ ਵਿੰਗ ਦੇ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ, ਹਰਜੀਤ ਸਿੰਘ ਖਿਜਰਾਬਾਦ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਪੰਥਕ ਆਗੂਆਂ ਨੇ ਸ਼ਮੂਲੀਅਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਬਰਾੜ ਨੇ ਕਿਹਾ ਕਿ ਬੰਦੀ ਸਿੰਘਾਂ ਦਾ ਮਸਲਾ ਸਿਰਫ਼ ਸਿੱਖ ਕੌਮ ਦਾ ਨਹੀਂ, ਸਗੋਂ ਭਾਰਤ ਦੇ ਸੰਵਿਧਾਨ, ਨਿਆਂ ਪ੍ਰਣਾਲੀ ਅਤੇ ਮਨੁੱਖੀ ਅਧਿਕਾਰਾਂ ਦੀ ਭਰੋਸੇਯੋਗਤਾ ਨਾਲ ਜੁੜਿਆ ਹੋਇਆ ਸਵਾਲ ਹੈ। ਉਨ੍ਹਾਂ ਕਿਹਾ ਕਿ ਜਿਹੜੇ ਬੰਦੀ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਨੂੰ ਅਜੇ ਵੀ ਜੇਲ੍ਹਾਂ ਵਿੱਚ ਰੱਖਣਾ ਇਨਸਾਫ਼ ਨਹੀਂ, ਸਗੋਂ ਕਾਨੂੰਨ ਦਾ ਘਾਣ ਹੈ।

# ਪੰਜਾਬ 'ਚ ਅਨਾਜ ਨਾਲ ਨੱਕੋ-ਨੱਕ ਭਰੇ ਗੁਦਾਮ

## ਚੌਲ ਰੱਖਣ ਲਈ ਥਾਂ ਨਹੀਂ, ਸ਼ੈਲਰਾਂ 'ਚ ਝੋਨੇ ਦੀ ਛਡਾਈ ਦਾ ਕੰਮ ਮੱਠਾ ਪਿਆ



ਚੰਡੀਗੜ੍ਹ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਲਈ ਵੱਡੀ ਚੁਣੌਤੀ ਉੱਭਰੀ ਹੈ ਕਿ ਹੁਣ ਸੂਬੇ 'ਚ ਗੁਦਾਮ ਅਨਾਜ ਨਾਲ ਨੱਕੋ-ਨੱਕ ਭਰ ਗਏ ਹਨ। ਨਵਾਂ ਅਨਾਜ ਰੱਖਣ ਲਈ ਕਿਧਰੇ ਵੀ ਕੋਈ ਜਗ੍ਹਾ ਨਹੀਂ ਬਚੀ। ਕੇਂਦਰ ਸਰਕਾਰ ਨੇ ਕਣਕ ਦੇ ਭੰਡਾਰਨ ਤੋਂ ਪਹਿਲਾਂ ਮੰਡੀਆਂ 'ਚੋਂ ਜਿਣਸ ਦੀ ਸਿੱਧੀ ਚੁਕਾਈ ਤਾਂ ਕੀਤੀ ਪਰ ਇਸ ਦੇ ਬਾਵਜੂਦ ਸੂਬੇ 'ਚੋਂ ਪੰਜਾਬ ਦੀ ਮੰਗ ਮੁਤਾਬਕ ਅਨਾਜ ਦੀ ਚੁਕਾਈ ਨਹੀਂ ਹੋਈ। ਸੂਬੇ ਦੀਆਂ ਚੌਲ ਮਿੱਲਾਂ 'ਚੋਂ 30 ਜੂਨ ਤੱਕ ਚੌਲ ਲਏ ਜਾਣ ਦੀ ਆਖ਼ਰੀ ਤਰੀਕ ਸੀ। ਇਸ ਵੇਲੇ ਸ਼ੈਲਰਾਂ 'ਚ 45 ਲੱਖ ਮੀਟਰਿਕ ਟਨ ਝੋਨਾ ਪਿਆ ਹੈ ਜਿਸ ਦੀ ਛੜਾਈ ਹੋਣ ਮਗਰੋਂ ਡਿਲਿਵਰੀ ਹੋਣੀ ਹੈ ਪਰ ਇਹ ਚੌਲ ਰੱਖਣ ਵਾਸਤੇ ਕੋਈ ਜਗ੍ਹਾ ਨਹੀਂ ਹੈ।

ਪੰਜਾਬ 'ਚ ਇਸ ਵੇਲੇ 180 ਲੱਖ ਮੀਟਰਿਕ ਟਨ ਅਨਾਜ ਭੰਡਾਰਨ ਲਈ ਗੁਦਾਮ ਹਨ ਜਦੋਂ ਕਿ 60 ਲੱਖ ਮੀਟਰਿਕ ਟਨ ਅਨਾਜ ਨੂੰ ਪਲੰਥਾਂ 'ਤੇ ਭੰਡਾਰ ਕੀਤਾ ਜਾਂਦਾ ਹੈ। ਆਮ ਤੌਰ 'ਤੇ ਕਵਰਡ ਅਤੇ ਪਲੰਥਾਂ 'ਤੇ ਕਣਕ ਹੀ ਭੰਡਾਰ ਕੀਤੀ ਜਾਂਦੀ ਹੈ ਅਤੇ ਗੁਦਾਮਾਂ 'ਚ ਚੌਲ ਲਗਾਏ ਜਾਂਦੇ ਹਨ। ਹੁਣ ਜਦੋਂ ਚੌਲ ਰੱਖਣ ਲਈ ਥਾਂ ਨਹੀਂ ਹੈ ਤਾਂ ਸ਼ੈਲਰਾਂ 'ਚ ਝੋਨੇ ਦੀ ਛੜਾਈ ਦਾ ਕੰਮ ਸੁਸਤ ਹੋ ਗਿਆ ਹੈ। ਸੂਤਰਾਂ ਮੁਤਾਬਕ ਇੱਕ ਵੀ ਗੁਦਾਮ ਨਵੇਂ ਅਨਾਜ ਭੰਡਾਰਨ ਲਈ ਖ਼ਾਲੀ ਨਹੀਂ ਹੈ।

ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਬਾਂਸਲ ਨੇ ਕਿਹਾ ਕਿ ਚੌਲ ਮਿੱਲਾਂ ਵੱਲੋਂ ਕਰੀਬ 30 ਲੱਖ ਮੀਟਰਿਕ ਟਨ ਚੌਲ ਡਿਲਿਵਰ ਕੀਤਾ ਜਾਣਾ ਹੈ ਜਿਸ ਵਾਸਤੇ ਖ਼ਾਲੀ ਗੁਦਾਮਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਚੌਲ ਸਰਕਾਰ ਨੂੰ 30 ਜੂਨ ਤੱਕ ਡਿਲਿਵਰ ਕੀਤੇ ਜਾਣੇ ਸਨ ਪਰ ਹੁਣ ਜਦੋਂ ਕਿਧਰੇ ਜਗ੍ਹਾ ਨਹੀਂ ਹੈ ਤਾਂ ਇਸ ਦੀ ਆਖ਼ਰੀ ਤਰੀਕ 'ਚ ਵਾਧਾ ਹੋ ਸਕਦਾ ਹੈ। ਦੂਜੇ ਪਾਸੇ ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀ ਗੁਦਾਮ ਖ਼ਾਲੀ ਕਰਨ ਵਾਸਤੇ ਭੱਜ-ਨੱਠ 'ਚ ਜੁਟੇ ਹੋਏ ਹਨ। ਅਧਿਕਾਰੀਆਂ ਅਨੁਸਾਰ ਨਵੀਂ ਜਿਣਸ ਆਉਣ ਤੋਂ ਪਹਿਲਾਂ ਉਹ 30 ਲੱਖ ਮੀਟਰਿਕ ਟਨ ਮਿਲਣ ਵਾਲੇ ਚੌਲਾਂ ਸਬੰਧੀ ਫ਼ਿਕਰਮੰਦ ਹਨ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਸ਼ੈਲਰਾਂ 'ਚੋਂ ਚੌਲ ਨਾ ਚੁੱਕਿਆ ਤਾਂ ਅਗਲੇ ਸੀਜ਼ਨ 'ਚ ਨਵਾਂ ਸੰਕਟ ਬਣ ਸਕਦਾ ਹੈ। ਸ਼ੈਲਰ ਮਾਲਕਾਂ ਨੇ ਨਵੀਂ ਫ਼ਸਲ ਲੈਣ ਤੋਂ ਇਨਕਾਰ ਕਰ ਦੇਣਾ ਹੈ ਜਿਵੇਂ ਉਨ੍ਹਾਂ ਪਿਛਲੇ ਸਾਲ ਕੀਤਾ ਸੀ। ਪੰਜਾਬ ਸਰਕਾਰ ਨੇ ਕੇਂਦਰ ਨੂੰ ਕਿਹਾ ਹੈ ਕਿ ਸੂਬੇ 'ਚੋਂ ਅਨਾਜ ਦੀ ਚੁਕਾਈ ਦੁੱਗਣੀ ਕੀਤੀ ਜਾਵੇ। ਇਸ ਵੇਲੇ ਸੂਬੇ 'ਚੋਂ ਹਰ ਮਹੀਨੇ 6 ਤੋਂ 6.50 ਲੱਖ ਮੀਟਰਿਕ ਟਨ ਚੌਲ ਅਤੇ 5 ਲੱਖ ਮੀਟਰਿਕ ਟਨ ਕਣਕ ਦੀ ਚੁਕਾਈ ਹੋ ਰਹੀ ਹੈ। ਅਧਿਕਾਰੀ ਆਖਦੇ ਹਨ ਕਿ ਉਨ੍ਹਾਂ ਕੇਂਦਰ ਸਰਕਾਰ ਨੂੰ ਇਹ ਮੂਵਮੈਂਟ ਦੁੱਗਣੀ ਕਰਨ ਲਈ ਕਿਹਾ ਹੈ।

ਕੇਂਦਰ ਸਰਕਾਰ ਜੇ ਜੁਲਾਈ-ਅਕਤੂਬਰ ਦੌਰਾਨ ਹਰ ਮਹੀਨੇ 20 ਲੱਖ ਮੀਟਰਿਕ ਟਨ ਅਨਾਜ ਦੀ ਚੁਕਾਈ ਕਰਦੀ ਹੈ ਤਾਂ ਹੀ ਅਗਲੀ ਫ਼ਸਲ ਤੱਕ 80 ਲੱਖ ਮੀਟਰਿਕ ਟਨ ਅਨਾਜ ਭੰਡਾਰਨ ਲਈ ਜਗ੍ਹਾ ਬਣ ਸਕੇਗੀ। ਦੇਖਿਆ ਜਾਵੇ ਤਾਂ ਸੂਬੇ 'ਚ ਅਨਾਜ ਭੰਡਾਰਨ ਵਾਸਤੇ ਜਗ੍ਹਾ 'ਚ ਵਾਧਾ ਨਹੀਂ ਹੋਇਆ ਅਤੇ ਹਰ ਵਰ੍ਹੇ ਕੋਈ ਨਾ ਕੋਈ ਵਿਵਾਦ ਖੜ੍ਹਾ ਹੋ ਜਾਂਦਾ ਹੈ। ਸੂਬਾ ਸਰਕਾਰ ਵੱਲੋਂ ਬਣਾਏ ਜਾ ਰਹੇ ਸਾਈਲੋ ਕਿਸਾਨ ਧਿਰਾਂ ਦੇ ਵਿਰੋਧ ਕਾਰਨ ਤਕਰੀਬਨ ਬੰਦ ਹੋ ਗਏ ਹਨ। ਹੁਣ ਭਾਰਤੀ ਖ਼ੁਰਾਕ ਨਿਗਮ 10 ਲੱਖ ਮੀਟਰਿਕ ਟਨ ਸਮਰੱਥਾ ਦੇ ਆਪਣੇ ਸਾਈਲੋ ਬਣਾ ਰਿਹਾ ਹੈ। ਚੌਲਾਂ ਦੇ ਭੰਡਾਰਨ ਲਈ 46 ਲੱਖ ਮੀਟਰਿਕ ਟਨ ਦੀ ਸਮਰੱਥਾ ਵਾਲੇ ਗੁਦਾਮ ਬਣਾਉਣ ਦਾ ਪ੍ਰਸਤਾਵ ਟੈਂਡਰਿੰਗ ਪ੍ਰਕਿਰਿਆ ਤੋਂ ਅੱਗੇ ਨਹੀਂ ਵਧ ਸਕਿਆ।

# ਦੇਸ਼ ਵਿੱਚ ਪਹਿਲੀ ਵਾਰ ਵਕਫ਼ ਬੋਰਡ ਵਿੱਚ ਦੋ ਹਿੰਦੂ ਮੈਂਬਰ ਸ਼ਾਮਲ




ਨਵੀਂ ਦਿੱਲੀ, 8 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੱਧ ਪ੍ਰਦੇਸ਼ ਸਰਕਾਰ ਨੇ ਵੱਡਾ ਅਤੇ ਇਤਿਹਾਸਕ ਫੈਸਲਾ ਲੈਂਦਿਆਂ ਸੂਬੇ ਦੇ ਵਕਫ਼ ਬੋਰਡ ਦੀ ਦਸ ਮੈਂਬਰੀ ਟੀਮ ਵਿੱਚ ਦੋ ਹਿੰਦੂ ਮੈਂਬਰਾਂ ਨੂੰ ਸ਼ਾਮਲ ਕੀਤਾ ਹੈ। ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਕਿਸੇ ਸੂਬੇ ਦੇ ਵਕਫ਼ ਬੋਰਡ ਵਿੱਚ ਗੈਰ-ਮੁਸਲਿਮ (ਹਿੰਦੂ) ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੋਵੇ। ਸਰਕਾਰ ਵੱਲੋਂ ਜਾਰੀ ਅਧਿਕਾਰਤ ਨੋਟੀਫਿਕੇਸ਼ਨ ਅਨੁਸਾਰ ਮਨੋਜ ਮਾਲਪਾਨੀ ਅਤੇ ਅਨੀਮੇਸ਼ ਭਾਰਗਵ ਨੂੰ ਮੱਧ ਪ੍ਰਦੇਸ਼ ਵਕਫ਼ ਬੋਰਡ ਦਾ ਨਵਾਂ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਹ ਕਦਮ ਵਕਫ਼ ਬੋਰਡ ਦੀਆਂ ਪ੍ਰਕਿਰਿਆਵਾਂ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਪ੍ਰਸ਼ਾਸਨਿਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਦੇਖਿਆ ਜਾ ਰਿਹਾ ਹੈ।

ਇਹ ਨਿਯੁਕਤੀ ਕੇਂਦਰ ਸਰਕਾਰ ਵੱਲੋਂ ਵਕਫ਼ ਐਕਟ ਵਿੱਚ ਪ੍ਰਸਤਾਵਿਤ ਨਵੇਂ ਬਦਲਾਅ ਅਤੇ ਸੋਧਾਂ ਦੇ ਚੱਲਦਿਆਂ ਸਾਹਮਣੇ ਆਈ ਹੈ, ਜਿਸ ਵਿੱਚ ਵਕਫ਼ ਬੋਰਡਾਂ ਦੇ ਕੰਮਕਾਜ ਨੂੰ ਸੁਧਾਰਨ ਅਤੇ ਉਸ ਵਿੱਚ ਗੈਰ-ਮੁਸਲਿਮ ਨੁਮਾਇੰਦਿਆਂ ਨੂੰ ਵੀ ਜਗ੍ਹਾ ਦੇਣ ਦੀ ਗੱਲ ਕਹੀ ਗਈ ਸੀ। ਮੱਧ ਪ੍ਰਦੇਸ਼ ਸਰਕਾਰ ਨੇ ਇਨ੍ਹਾਂ ਨਿਯਮਾਂ ਤਹਿਤ ਪਹਿਲ ਕਰਦਿਆਂ ਇਹ ਨਿਯੁਕਤੀਆਂ ਕੀਤੀਆਂ ਹਨ।

ਮਨੋਜ ਮਾਲਪਾਨੀ ਅਤੇ ਅਨੀਮੇਸ਼ ਭਾਰਗਵ ਹੁਣ ਬੋਰਡ ਦੀਆਂ ਮੀਟਿੰਗਾਂ ਅਤੇ ਵਕਫ਼ ਦੀਆਂ ਜਾਇਦਾਦਾਂ ਦੇ ਪ੍ਰਬੰਧਨ ਨਾਲ ਜੁੜੇ ਫੈਸਲਿਆਂ ਵਿੱਚ ਸਰਗਰਮ ਭੂਮਿਕਾ ਨਿਭਾਉਣਗੇ। ਇਸ ਫੈਸਲੇ ਨੂੰ ਲੈ ਕੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਵੱਡੀ ਚਰਚਾ ਛਿੜ ਗਈ ਹੈ, ਜਿੱਥੇ ਇੱਕ ਪਾਸੇ ਇਸ ਨੂੰ ਪ੍ਰਸ਼ਾਸਨਿਕ ਸੁਧਾਰ ਮੰਨਿਆ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਕਈ ਸੰਗਠਨਾਂ ਵੱਲੋਂ ਇਸ ਉੱਤੇ ਵੱਖ-ਵੱਖ ਪ੍ਰਤੀਕਿਰਿਆਵਾਂ ਵੀ ਸਾਹਮਣੇ ਆ ਰਹੀਆਂ ਹਨ

## ਕਹਾਣੀ



# ਅੰਨ੍ਹੀ ਦੌੜ ਦਾ ਦੁਖਾਂਤ

-ਤਨਵੀਰ ਕੌਰ ਨੈਨਸੀ

ਮਾਂ ਅੱਜ ਬਾਪੂ ਜੀ ਨੂੰ ਆਖ ਦੇਵੀਂ ਕਿ ਟਰੈਵਲ ਏਜੰਸੀ ਵਾਲਿਆਂ ਤੋਂ ਮੇਰੇ ਆਸਟਰੇਲੀਆ ਜਾਣ ਬਾਰੇ ਪੁੱਛ ਕੇ ਆਉਣ। ਕਾਲਜ ਨੂੰ ਜਾਣ ਲੱਗਿਆਂ ਰਵੀ ਨੇ ਆਪਣੀ ਮਾਂ ਨੂੰ ਕਿਹਾ।

ਨਾ ਪੁੱਤ ਮੈਂ ਤੈਨੂੰ ਪਰਦੇਸ ਨਹੀਂ ਘੱਲਣਾ ਤੂੰ ਤਾਂ ਸੁੱਖ ਨਾਲ ਮੇਰਾ ਇਕੋ ਇਕ ਪੁੱਤ ਏਂ। ਤੇ ਤੈਨੂੰ ਬਾਹਰ ਭੇਜ ਕੇ ਅਸੀਂ ਦੋਨੋਂ ਜੀਅ ਇਥੇ ਕੀ ਕਰਾਂਗੇ। ਨਾ ਪੁੱਤ ਨਾ। ਅੱਗੋਂ ਰਵੀ ਦੀ ਮਾਂ ਧਰਮ ਕੁਰ ਨੇ ਕਿਹਾ।

ਬੱਸ ਮਾਂ ਮੇਰੇ ਨਾਲ ਦੇ ਸਾਰੇ ਮੁੰਡੇ ਬਾਹਰ ਚਲੇ ਗਏ ਨੇ ਤੇ ਮੈਂ ਵੀ ਹੁਣ ਬਾਹਰ ਹੀ ਜਾਣਾ ਹੈ ਬੱਸ। ਰਵੀ ਨੇ ਰੋਅਬ ਭਰੇ ਲਹਿਜ਼ੇ ਵਿਚ ਕਿਹਾ।

ਪੁੱਤ ਤੂੰ ਆਪਣੇ ਬਾਪੂ ਨਾਲ ਰਲ ਕੇ ਇਥੇ ਮਿਹਨਤ ਕਰ ਉਨ੍ਹਾਂ ਦੇ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਇਆ ਕਰ। ਹੁਣ ਤੂੰ ਸੁੱਖ ਨਾਲ ਜਵਾਨ ਹੋ ਗਿਆਂ।

ਮੈਂ ਕੋਈ ਖੇਤੀ ਖ਼ੂਤੀ ਨਹੀਂ ਕਰਨੀ। ਇਹ ਵੀ ਕੋਈ ਕੰਮਾਂ 'ਚੋਂ ਕੰਮ ਐਂ? ਅਖੇ ਲੋਕੀਂ ਪੁੱਛਣ ਤੁਹਾਡਾ ਮੁੰਡਾ ਕੀ ਕੰਮ ਕਰਦਾ 'ਤੇ ਅੱਗੋਂ ਤੁਸੀਂ ਆਖੋ ਸਾਡਾ ਮੁੰਡਾ ਤਾਂ ਖੇਤੀ ਕਰਦਾ ਹੈ। ਮੈਂ ਨਹੀਂ ਚਾਹੁੰਦਾ ਕਿ ਇਸ ਤਰ੍ਹਾਂ ਕਹਿ ਕੇ ਤੁਸੀ ਮੇਰੀ ਬੇਇਜ਼ਤੀ ਕਰੋ।

ਖੇਤ ਵਿਚੋਂ ਪਾਣੀ ਲਾ ਕੇ ਘਰ ਮੁੜੇ ਕਰਨੈਲ ਨੇ ਆਪਣੇ ਮੁੰਡੇ ਦੀ ਇਹ ਗੱਲ ਸੁਣੀ ਤਾਂ ਉਹ ਗੁੱਸੇ ਵਿਚ ਲੋਹਾ ਲਾਖਾ ਹੋ ਗਿਆ ਤੇ ਉਸ ਮੁੰਡੇ ਨੂੰ ਕਿਹਾ, ਨਾ ਤੇਰੀਆਂ ਵੱਡੇ ਸ਼ਾਹੂਕਾਰ ਦੀਆਂ ਖੇਤੀ ਕਰਨ ਲੱਗਿਆਂ ਬੇਇਜ਼ਤੀਆਂ ਹੁੰਦੀਆਂ? ਸਾਡੀ ਤਾਂ ਅੱਜ ਤੱਕ ਕਿਸੇ ਬੇਜ਼ਤੀ ਨਹੀਂ ਕੀਤੀ? ਜਿਉਂ ਸੁਰਤ ਸੰਭਲੀ ਆ ਹੁਣ ਤਾਈਂ ਖੇਤੀ ਦਾ ਈ ਕੰਮ ਕੀਤਾ, ਸਾਨੂੰ ਤਾਂ ਕਦੇ ਕਿਸੇ ਕੁਝ ਨਹੀਂ ਆਖਿਆ।

ਬਾਪੂ ਉਦੋਂ ਜ਼ਮਾਨੇ ਹੋਰ ਸੀ, ਹੁਣ ਦੇ ਮੁੰਡੇ ਨਹੀਂ ਖੇਤੀ ਖ਼ੂਤੀ ਕਰਦੇ, ਬਾਪੂ.. ਆਹ ਜਿਹੜੀ ਦੋ ਕੁ ਘੁਮਾ ਜ਼ਮੀਨ ਪਈ ਆ ਇਹਨੂੰ ਵੇਚ ਤੇ ਮੈਨੂੰ ਬਾਹਰ ਭੇਜ ਨਹੀਂ ਤਾਂ..। ਏਨਾ ਕਹਿ ਕੇ ਰਵੀ ਚੁੱਪ ਹੋ ਗਿਆ।

ਨਹੀਂ ਤਾਂ ਤੂੰ ਕੀ ਕਰ ਲਏਂਗਾ? ਮੈਂ ਨਹੀਂ ਵੇਚਦਾ ਜ਼ਮੀਨ ਆਪਣੇ ਜਿਉਂਦੇ ਜੀ, ਜਾਹ ਤੂੰ ਕਰ ਲੈ ਜੋ ਕਰਨਾ। ਕਰਨੈਲ ਸਿੰਘ ਨੇ ਅੜਬ ਜਿਹੇ ਸੁਭਾਅ ਨੂੰ ਉਜਾਗਰ ਕਰਦਿਆਂ ਕਿਹਾ। ਮੈਂ ਕਿਹਾ ਤੁਸੀਂ ਚੁੱਪ ਕਰੋ ਹੁਣ, ਮੁੰਡਾ ਕਾਲਜ ਚੱਲਿਆ, ਤੁਸੀਂ ਜਾਣ ਦਿਉ ਉਹਨੂੰ। ਜਾਹ ਪੁੱਤ ਤੂੰ ਕਾਲਜ ਨੂੰ ਜਾਹ। ਰਵੀ ਦੀ ਮਾਂ ਨੇ ਦੋਹਾਂ ਦੀ ਹੁੰਦੀ ਬਹਿਸ ਨੂੰ ਰੋਕਣ ਲਈ ਵਿਚੋਂ ਟੋਕ ਕੇ ਕਿਹਾ। ਰਵੀ ਮੂੰਹ ਵਿਚ ਬੁੜ ਬੁੜ ਕਰਦਾ ਬਾਹਰ ਨੂੰ ਨਿਕਲ ਗਿਆ। ਅੱਜ ਤੇਰੀ ਸ਼ਹਿ ਮਿਲਣ 'ਤੇ ਹੀ ਇਹ ਏਨਾ ਮੱਛਰ ਰਿਹਾ ਧਰਮ ਕੁਰੇ, ਮੈਂ ਤੈਨੂੰ ਕਹਿਨਾ ਬਈ ਨਾ ਇਹਨੂੰ ਇਨ੍ਹਾਂ ਲਾਡ ਪਿਆਰ ਕਰ ਕਰ ਸਿਰੇ ਚੜ੍ਹਾਇਆ ਕਰ। ਧਰਮ ਕੁਰੇ ਦੇਖੀਂ ਕਿਤੇ ਏਸ ਦੇ ਆਖੇ ਲੱਗ ਕੇ ਤੈਨੂੰ ਵੀ ਪਰਵਾਸ ਦੀ ਅੰਨ੍ਹੀ ਦੌੜ ਦਾ ਸ਼ਿਕਾਰ ਨਾ ਹੋਣਾ ਪੈ ਜਾਵੇ। ਰਵੀ ਦੇ ਜਾਣ ਮਗਰੋਂ ਕਰਨੈਲ ਨੇ ਧਰਮ ਕੁਰ ਨੂੰ ਕਿਹਾ। ਕੋਈ ਨਾ ਜੀ, ਹਜੇ ਇਹ ਬੱਚਾ ਆ ਆਪੇ ਸਮਝ ਜਾਊਗਾ ਹੌਲੀ ਹੌਲੀ। ਮੈਂ ਆਪੇ ਇਹਨੂੰ ਸਮਝਾ ਦਿਆਂਗੀ। ਤੁਸੀਂ ਹੁਣ ਰੋਟੀ ਖਾ ਲਓ, ਮੂੰਹ ਹੱਥ ਧੋ ਕੇ। ਧਰਮ ਕੁਰ ਨੇ ਬੜੇ ਠਰ੍ਹੰਮੇ ਨਾਲ ਕਰਨੈਲ ਨੂੰ ਕਿਹਾ। ਸ਼ਾਮ ਪਈ ਤੇ ਕਰਨੈਲ ਫਿਰ ਖੇਤਾਂ ਵੱਲ ਨੂੰ ਚਲੇ ਗਿਆ। ਧਰਮ ਕੁਰ ਰਾਤ ਲਈ ਰੋਟੀ ਪਾਣੀ ਦਾ ਇੰਤਜ਼ਾਮ ਕਰਨ ਲੱਗੀ ਤਾਂ ਇੰਨੇ ਨੂੰ ਰਵੀ ਵੀ ਘਰ ਆ ਗਿਆ। ਉਸ ਨੇ ਆ ਕੇ ਮਾਂ ਨੂੰ ਦੱਸਿਆ ਮਾਂ ਅੱਜ ਪਰਲੇ ਵਿਹੜੇ ਵਾਲੇ ਵੱਡੇ ਘਰਾਂ ਦਾ ਮੁੰਡਾ ਵੀ ਬਾਹਰ ਚਲੇ ਗਿਆ।

ਅੱਛਾ! ਪੁੱਤ ਉਨ੍ਹਾਂ ਦੀਆਂ ਤਾਂ ਗੱਲਾਂ ਈ ਹੋਰ ਆ, ਪੁੱਤ ਵਾਧੂ ਪੈਸਾ ਇਕੱਠਾ ਕੀਤਾ ਹੋਇਆ ਉਹਦੇ ਪਿਓ ਨੇ, ਕਾਹਦਾ ਘਾਟਾ ਉਨ੍ਹਾਂ ਨੂੰ।

ਮਾਂ ਜੇ ਤੂੰ ਚਾਹੇ ਤਾਂ ਆਪਾਂ ਨੂੰ ਵੀ ਕੋਈ ਘਾਟਾ ਨਾ ਰਹੇ, ਜੇ ਮੈਂ ਵੀ ਕਿਤੇ ਬਾਹਰ ਚਲਿਆ ਜਾਵਾਂ ਤਾਂ। ਰਵੀ ਨੇ ਮਾਂ ਨੂੰ ਬਹਿਲਾਉਣਾ ਸ਼ੁਰੂ ਕੀਤਾ। ਪੁੱਤ ਘਾਟਾ ਤਾਂ ਆਪਾਂ ਨੂੰ ਹੁਣ ਵੀ ਕਾਸੇ ਦਾ ਨਹੀਂ, ਤੂੰ ਐਂਵੇ ਹੀ ਬਾਹਰ ਦੇ ਮਗਰ ਪਿਆਂ। ਮਾਂ ਤੈਨੂੰ ਨਹੀਂ ਪਤਾ ਜੇ ਮੈਂ ਇਕ ਵਾਰ ਬਾਹਰ ਚਲੇ ਗਿਆ ਤਾਂ ਦੇਖੀ, ਫੇਰ ਤੂੰ ਵੀ ਵੱਡੇ ਘਰਾਂ ਵਾਲਿਆਂ ਵਾਂਗੂੰ ਰਾਜ ਕਰੇਂਗੀ ਰਾਜ। ਜਿਵੇਂ ਹੁਣ ਤੂੰ ਬਾਪੂ ਦੀਆਂ ਮਿੰਨਤਾਂ ਕਰਦੀ ਫਿਰਦੀ ਰਹਿੰਨੀ ਐ ਨਾ, ਮੈਨੂੰ ਸੋਨੇ ਦੀਆਂ ਵਾਲੀਆਂ ਬਣਾ ਦੇ। ਜੇ ਮੈਂ ਕਿਤੇ ਬਾਹਰ ਚਲੇ ਜਾਵਾਂ ਤਾਂ ਮੈਂ ਤੈਨੂੰ ਸੋਨੇ ਨਾਲ ਲੱਦ ਦੂੰ ਮਾਂ। ਬਾਹਰ ਬੜਾ ਪੈਸਾ ਈ।

ਪੁੱਤ ਮੈਨੂੰ ਤਾਂ ਤੂੰ ਮੇਰੇ ਕੋਲ ਚਾਹੀਦਾਂ, ਫਿਰ ਮੈਨੂੰ ਕਿਸੇ ਸੋਨੇ ਦੀ ਲੋੜ ਨਹੀਂ। ਧਰਮ ਕੁਰ ਨੇ ਮਮਤਾ ਭਰੇ ਅੰਦਾਜ਼ 'ਚ ਕਿਹਾ।

ਮਾਂ ਜੇ ਮੈਂ ਇਕ ਵਾਰ ਸਟੱਡੀ ਵੀਜ਼ੇ 'ਤੇ ਚਲੇ ਗਿਆ ਤਾਂ ਆਪੇ ਹੌਲੀ ਹੌਲੀ ਉਥੇ ਪੱਕਾ ਹੋ ਜਾਵਾਂਗਾ। ਫਿਰ ਤਾਂ ਮਾਂ ਮੌਜਾਂ ਹੀ ਮੌਜਾਂ ਹੋਣਗੀਆਂ, ਜਦ ਦਿਲ ਕੀਤਾ ਮੈਂ ਤੇਰੇ ਕੋਲ ਆ ਜਾਇਆ ਕਰੂੰ।

ਚੱਲ ਜੇ ਤੇਰੀ ਇਹ ਹੀ ਮਰਜ਼ੀ ਆ ਤਾਂ ਅੱਜ ਕਰਕੇ ਦੇਖੂੰ ਤੇਰੇ ਬਾਪੂ ਨਾਲ ਗੱਲ। ਮਾਂ ਨੇ ਰਵੀ ਦੀਆਂ ਗੱਲਾਂ 'ਤੇ ਗੌਰ ਕਰਦੀ ਨੇ ਕਿਹਾ।

ਰਾਤ ਨੂੰ ਮੰਜੇ 'ਤੇ ਪੈਂਦਿਆਂ ਧਰਮ ਕੁਰ ਨੇ ਕਰਨੈਲ ਨੂੰ ਰਵੀ ਦੀ ਇੱਛਾ ਬਾਰੇ ਦੱਸਿਆ ਤੇ ਨਾਲ ਹੀ ਆਪਣੀ ਇੱਛਾ ਵੀ ਰਵੀ ਦੇ ਹੱਕ ਵਿਚ ਜ਼ਾਹਰ ਕੀਤੀ। ਦੇਖ ਧਰਮ ਕੁਰੇ ਆਪਣੇ ਕੋਲ ਜੋ ਥੋੜੀ ਬਹੁਤ ਜ਼ਮੀਨ ਹੈ, ਇਹ ਰਵੀ ਦੀ ਹੀ ਤਾਂ ਹੈ ਪਰ ਮੈਂ ਨਹੀਂ ਚਾਹੁੰਦਾ ਕਿ ਇਸ ਨੂੰ ਵੇਚ ਕੇ ਰਵੀ ਬਾਹਰ ਚਲਾ ਜਾਵੇ। ਅੱਜ ਕੱਲ੍ਹ ਬਾਹਰ ਬੜੇ ਧੋਖੇ ਹੋ ਰਹੇ ਨੇ। ਦੇਖੀਂ ਕਿਤੇ ਫਿਰ ਆਪਾਂ ਰੋਟੀ ਪਾਣੀ ਤੋਂ ਹੀ ਜਾਈਏ। ਮੈਂ ਕਿਹਾ ਕੁਝ ਨਹੀਂ ਹੁੰਦਾ ਏਦਾਂ ਦਾ। ਸਭ ਠੀਕ ਹੋ ਜਾਊ। ਤੁਸੀਂ ਸਵੇਰੇ ਸ਼ਹਿਰ ਜਾ ਕੇ ਪਤਾ ਕਰ ਆਓ। ਠੀਕ ਹੈ। ਜਿਵੇਂ ਤੁਹਾਡੀ ਮਾਂ ਪੁੱਤਾਂ ਦੀ ਮਰਜ਼ੀ। ਅਗਲੀ ਸਵੇਰ ਕਰਨੈਲ ਨੇ ਸ਼ਹਿਰ ਜਾ ਕੇ ਸਾਰਾ ਪਤਾ ਕਰਵਾ ਕੇ ਜ਼ਮੀਨ ਵੇਚ ਕੇ ਥੋੜ੍ਹੇ ਦਿਨਾਂ ਦੇ ਵਿਚ ਵਿਚ ਰਵੀ ਨੂੰ ਸਟੱਡੀ ਵੀਜ਼ਾ ਦਿਵਾ ਕੇ ਅਖੀਰ ਬਾਹਰ ਭੇਜ ਦਿੱਤਾ।

ਅਖੀਰ ਰਵੀ ਆਸਟਰੇਲੀਆ ਚਲੇ ਗਿਆ ਅਤੇ ਉਥੇ ਪਹੁੰਚ ਕੇ ਉਸ ਨੇ ਆਪਣੀ ਮਾਂ ਨੂੰ ਫੋਨ ਕੀਤਾ। ਮਾਂ ਮੈਂ ਠੀਕ ਠਾਕ ਪਹੁੰਚ ਗਿਆ। ਇਥੇ ਤਾਂ ਸਵਰਗ ਹੀ ਆ ਮਾਂ, ਬੜਾ ਸੋਹਣਾ ਦੇਸ਼ ਆ ਏਹ ਮਾਂ। ਹੋਰ ਬਾਪੂ ਜੀ ਨੂੰ ਵੀ ਦੱਸ ਦਵੀਂ ਉਹ ਕਿਸੇ ਗੱਲ ਦੀ ਫਿਕਰ ਨਾ ਕਰਨ। ਚੰਗਾ ਮਾਂ ਮੈਂ ਹੁਣ ਫੋਨ ਰੱਖਦਾਂ। ਰਵੀ ਦਾ ਫੋਨ ਸੁਣ ਕੇ ਮਾਂ ਹੁਣ ਫੁੱਲੀ ਨਹੀਂ ਸੀ ਸਮਾ ਰਹੀ। ਰਵੀ ਇਥੇ ਆ ਕੇ ਪਹਿਲਾਂ ਦੇ ਆਏ ਹੋਏ ਆਪਣੇ ਪਿੰਡ ਦੇ ਸਾਥੀਆਂ ਨੂੰ ਮਿਲਿਆ ਪਰ ਕਿਸੇ ਕੋਲ ਏਨਾ ਸਮਾਂ ਹੀ ਨਹੀਂ ਸੀ ਕਿ ਉਹ ਰਵੀ ਦੀ ਆਉ-ਭਗਤ ਕਰਦੇ। ਬਾਕੀ ਬਿਗਾਨੇ ਦੇਸ਼ ਵਿਚ ਆ ਕੇ ਫਰਕ ਤਾਂ ਪੈ ਹੀ ਜਾਂਦਾ ਹੈ। ਅਖੇ ਇਥੇ ਤਾਂ ਆਪਣਿਆਂ ਦਾ ਖ਼ੂਨ ਵੀ ਚਿੱਟਾ ਹੋ ਜਾਂਦਾ ਹੈ। ਰਵੀ ਨੂੰ ਇਹ ਦੇਖ ਕੇ ਬਹੁਤ ਦੁੱਖ ਹੋਇਆ ਤੇ ਅੱਜ ਬੇਬੇ ਬਾਪੂ ਦੀ ਉਸ ਨੂੰ ਬਹੁਤ ਯਾਦ ਆਈ। ਰਵੀ ਰੋਜ਼ ਸਵੇਰੇ ਕਾਲਜ ਤੇ ਸ਼ਾਮ ਨੂੰ ਆ ਕੇ ਨੌਕਰੀ ਦੀ ਭਾਲ ਵਿਚ ਰਾਤ ਤਾਈਂ ਭਟਕਦਾ ਰਹਿੰਦਾ। ਅਨੇਕਾਂ ਥਾਵਾਂ 'ਤੇ ਧੱਕੇ ਖਾਣ ਤੇ ਵੀ ਉਸ ਨੂੰ ਕਿਤੇ ਨੌਕਰੀ ਨਾ ਮਿਲੀ। ਹੁਣ ਉਸ ਨੂੰ ਕਾਲਜ ਦੀ ਫੀਸ ਭਰਨੀ ਵੀ ਮੁਸ਼ਕਿਲ ਹੋ ਗਈ। ਅਖੀਰ ਉਸ ਨੂੰ ਕਿਸੇ ਪਾਸਿਓਂ ਵੀ ਨੌਕਰੀ ਨਾ ਮਿਲਣ ਅਤੇ ਕਾਲਜ ਦੀ ਫੀਸ ਨਾ ਭਰਨ ਤੇ ਕਾਲਜ ਛੱਡਣਾ ਪਿਆ। ਹੁਣ ਉਸ ਦਾ ਵੀਜ਼ਾ ਵੀ ਇਕ ਦੋ ਮਹੀਨੇ ਦਾ ਰਹਿ ਗਿਆ ਸੀ। ਜਿਸ ਕਾਰਨ ਹੁਣ ਉਹ ਜ਼ਿਆਦਾ ਦੇਰ ਉਥੇ ਨਹੀਂ ਰਹਿ ਸਕਦਾ ਸੀ ਕਿਸੇ ਯਾਰ ਦੋਸਤ ਦੀ ਮਿੰਨਤ ਕਰਕੇ ਉਸ ਨੇ ਉਸ ਤੋਂ ਟਿਕਟ ਦੇ ਪੈਸੇ ਲਏ ਤੇ ਇੰਡੀਆ ਵਾਪਸ ਆ ਗਿਆ।...ਹੁਣ ਉਹ ਬਹੁਤ ਪਛਤਾ ਰਿਹਾ ਸੀ ਤੇ ਆਪਣੇ ਆਪ ਵਿਚ ਝੂਰ ਰਿਹਾ ਸੀ ਕਿ ਹੁਣ ਉਹ ਆਪਣਾ ਕਿਹੜਾ ਮੂੰਹ ਲੈ ਕੇ ਬੇਬੇ ਬਾਪੂ ਕੋਲ ਜਾਵੇਗਾ। ਹੁਣ ਤਾਂ ਉਸ ਨੇ ਬਾਪੂ ਦੀ ਸਾਰੀ ਉਮਰ ਭਰ ਦੀ ਕਮਾਈ ਨੂੰ ਰੋੜ੍ਹ ਦਿੱਤਾ ਸੀ। ਉਸ ਦਾ ਹੌਂਸਲਾ ਨਹੀਂ ਸੀ ਪੈ ਰਿਹਾ ਬੇਬੇ ਬਾਪੂ ਅੱਗੇ ਜਾਣ ਦਾ। ਆਖਿਰ ਜਾਂਦਾ ਵੀ ਕਿਹੜਾ ਮੂੰਹ ਲੈ ਕੇ?

ਇੰਡੀਆ ਆ ਕੇ ਉਸ ਨੇ ਆਪਣੇ ਪਿੰਡ ਦੇ ਨੇੜਲੇ ਸ਼ਹਿਰ ਵਿਚ ਜਾ ਕੇ ਇਕ ਹੋਟਲ ਵਿਚ ਕਮਰਾ ਬੁੱਕ ਕਰਵਾ ਲਿਆ ਤੇ ਸਾਰਾ ਦਿਨ ਕਮਰੇ ਵਿਚ ਬੈਠਾ ਸੋਚਦਾ ਰਿਹਾ ਕਿ ਉਸ ਨੇ ਆਪਣੇ ਬਾਪੂ ਦੀ ਗੱਲ ਨਾ ਮੰਨ ਕੇ ਉਨ੍ਹਾਂ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ। ਸੋਚਦਿਆਂ ਸੋਚਦਿਆਂ ਉਸ ਦੇ ਦਿਮਾਗ ਵਿਚ ਇਕ ਖਿਆਲ ਆਇਆ ਤੇ ਉਸ ਖਿਆਲ ਨੂੰ ਉਸ ਨੇ ਝੱਟ ਅਪਣਾਉਣਾ ਚਾਹਿਆ। ਇਹ ਖਿਆਲ ਆਉਣ ਦੀ ਦੇਰ ਹੀ ਸੀ ਕਿ ਰਵੀ ਨੇ ਬਿਨਾਂ ਕੁੱਝ ਹੋਰ ਸੋਚੇ ਸਮਝੇ ਆਤਮ ਹੱਤਿਆ ਕਰ ਲਈ। ਜਦ ਹੋਟਲ ਵਾਲਿਆਂ ਨੇ ਉਸ ਦੀ ਲਾਸ਼ ਦੇਖੀ ਤਾਂ ਉਸ ਕੋਲ ਪਏ ਸਮਾਨ ਵਿਚੋਂ ਉਸ ਦੇ ਘਰ ਦਾ ਪਤਾ ਕਰਕੇ ਉਨ੍ਹਾਂ ਦੇ ਘਰ ਫੋਨ ਕਰਕੇ ਰਵੀ ਦੁਆਰਾ ਕੀਤੀ ਆਤਮ ਹੱਤਿਆ ਬਾਰੇ ਦੱਸਿਆ ਤਾਂ ਧਰਮ ਕੁਰ ਇਹ ਸੁਣ ਕੇ ਉਥੇ ਹੀ ਢੇਰੀ ਹੋ ਗਈ ਤੇ ਹੁਣ ਉਸ ਦੇ ਕੰਨਾਂ ਵਿਚ ਕਰਨੈਲ ਦੀ ਕਹੀ ਹੋਈ ਇਹੋ ਆਵਾਜ਼ ਜ਼ੋਰ-ਜ਼ੋਰ ਦੀ ਗੂੰਜ ਰਹੀ ਸੀ, 'ਦੇਖੀਂ ਧਰਮ ਕੁਰੇ ਕਿਤੇ ਤੂੰ ਵੀ ਨਾ ਪਰਵਾਸ ਦੀ ਅੰਨ੍ਹੀ ਦੌੜ ਦਾ ਸ਼ਿਕਾਰ ਬਣ ਜਾਵੀਂ...।'

## ਮਿੰਨੀ ਕਹਾਣੀਆਂ

### ਵੋਟਾਂ ਬਨਾਮ ਪੈਸਾ

ਘਰ ਵਿਚ ਕੰਮ ਕਰਨ ਵਾਲੀ ਨੌਕਰਾਣੀ ਲਗਭਗ ਦੋ ਮਹੀਨਿਆਂ ਤੋਂ ਵੋਟਾਂ ਪੈਣ ਦੀਆਂ ਗੱਲਾਂ ਸੁਣਦੀ ਰਹਿੰਦੀ ਸੀ। ਕਦੇ-



ਕਦੇ ਉਹ ਕੰਮ ਕਰਦੀ-ਕਰਦੀ ਘਰ ਦੀ ਮਾਲਕਣ ਨਾਲ ਵੋਟਾਂ ਪੈਣ ਬਾਰੇ ਪੁੱਛ ਬੈਠਦੀ ਸੀ ਕਿ ਬੀਬੀ ਜੀ ਵੋਟਾਂ ਬਾਰੇ ਸੁਣਦੇ ਤਾਂ ਰੋਜ਼ ਹੀ ਰਹਿੰਦੇ ਹਾਂ ਪਰ ਆਪਣੇ ਤਾਂ ਵੋਟਾਂ ਪੈਣ ਦਾ ਰੌਲਾ ਸੁਣਿਆ ਹੀ ਨਹੀਂ। ਨੌਕਰਾਣੀ ਦੀ ਗੱਲ ਸੁਣ ਕੇ ਮਾਲਕਣ ਨੇ ਕਿਹਾ ਕਿ ਇਹ ਵੋਟਾਂ ਤਾਂ ਪੰਚਾਇਤ ਦੀਆਂ ਹਨ ਜੋ ਪਿੰਡਾਂ ਵਿਚ ਹੀ ਪੈਣਗੀਆਂ। ਆਪਣੀਆਂ ਵੋਟਾਂ ਦਾ ਰੌਲਾ ਤਾਂ ਜੂਨ ਮਹੀਨੇ ਪਵੇਗਾ। ਇਹ ਸੁਣ ਕੇ ਉਹ ਕੰਮ ਕਰਦੀ-ਕਰਦੀ ਖਿੜ ਉਠੀ ਅਤੇ ਕਹਿਣ ਲੱਗੀ ਫਿਰ ਤਾਂ ਬੀਬੀ ਜੀ ਪੈਸਿਆਂ ਵਾਲੀਆਂ ਵੋਟਾਂ ਪੈਣਗੀਆਂ। ਮਾਲਕਣ ਨੇ ਉਸ ਦੀ ਹਾਂ ਵਿਚ ਹਾਂ ਮਿਲਾਈ ਹੀ ਸੀ ਕਿ ਉਸ ਦੀ ਛੋਟੀ ਕੁੜੀ ਜੋ ਨਾਲ ਕੰਮ ਕਰਨ ਆਈ ਸੀ ਤਾਂ ਵੋਟਾਂ ਤੋਂ ਬਿਲਕੁਲ ਅਣਜਾਣ ਸੀ, ਝੱਟ ਹੀ ਬੋਲ ਉਠੀ 'ਇਹ ਪੈਸੇ ਵੋਟਾਂ ਦੇ ਸਾਰਿਆਂ ਨੂੰ ਮਿਲਣਗੇ।' ਬੱਚੀ ਦੀ ਗੱਲ ਸੁਣਦਿਆਂ ਹੀ ਮਾਲਕਣ ਨਿਰਉੱਤਰ ਹੋਈ ਇਕ ਪਾਸੇ ਤਾਂ ਦੇਸ਼ ਵਿਚ ਹੋਣ ਵਾਲੀਆਂ ਨਿਰਪੱਖ ਚੋਣਾਂ ਬਾਰੇ ਤੇ ਦੂਜੇ ਪਾਸੇ ਨੌਕਰਾਣੀ ਦੀ ਗਰੀਬੀ ਤੇ ਬੱਚੇ ਦੇ ਭੋਲੇਪਣ ਬਾਰੇ ਸੋਚਣ ਲਈ ਮਜਬੂਰ ਸੀ।

-ਸ੍ਰੀਮਤੀ ਦਰਸ਼ਨਾ ਦੇਵੀ

✲ ✲ ✲ ✲ ✲ ✲

### ਸਮਾਜ ਸੇਵੀ

ਆਪਣੇ ਹਲਕੇ ਵਿਚ ਸਮਾਜ ਸੇਵੀ ਵਜੋਂ ਜਾਣੇ ਜਾਂਦੇ ਗੁਪਤਾ ਜੀ ਲਗਾਤਾਰ ਲੋਕਾਂ ਦੇ ਫੈਸਲੇ ਕਰਾ ਕੇ ਕਾਫੀ ਨਾਮ ਕਮਾ ਗਏ ਸਨ। ਹੁਣ ਹੌਲੀ ਹੌਲੀ ਚੋਣਾਂ ਸਮੇਂ ਰਾਜਸੀ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਆਪਣੇ ਹੱਕ ਵਿਚ ਭੁਗਤਾਉਣ ਅਤੇ ਆਪਣੇ ਨਾਲ ਜੁੜੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਗੁਪਤਾ ਜੀ ਨੇ ਇਕ ਦਿਨ ਸਮੂਹਿਕ ਸ਼ਾਦੀਆਂ ਦਾ ਪ੍ਰਬੰਧ ਕਰਦੇ ਹੋਏ ਕਰੀਬ 12 ਜੋੜਿਆਂ ਲਈ ਦਾਨੀਆਂ ਤੋਂ ਕੱਪੜੇ ਲੀੜੇ ਅਤੇ ਹੋਰ ਸਮਾਨ ਇਕੱਠਾ ਕਰ ਲਿਆ। ਵਿਆਹਾਂ ਦੇ ਸਮਾਗਮ ਦੌਰਾਨ ਹਲਕੇ ਦੇ ਨੇਤਾ ਨੇ ਆ ਕੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਗੁਪਤਾ ਜੀ ਦੀ ਸੰਸਥਾ ਲਈ ਗ੍ਰਾਂਟ ਵੀ ਐਲਾਨ ਕਰ ਦਿੱਤੀ।

ਇਹ ਸਭ ਕੁਝ ਦੇਖ ਰਹੇ ਗੁਪਤਾ ਜੀ ਦੇ ਪਿਛਲੇ ਪਿੰਡ ਦੇ ਇਕ ਵਸਨੀਕ ਨੇ ਦੇਖ ਕੇ ਕਹਿ ਹੀ ਦਿੱਤਾ ਕਿ ਅਜਿਹੀ ਸਮਾਜ ਸੇਵਾ ਦਾ ਕੀ ਫਾਇਦਾ, ਗੁਪਤਾ ਜੀ ਦੇ ਆਪਣੇ ਮਾਂ ਬਾਪ ਤਾਂ ਬੇਵਸ ਹੋ ਕੇ ਪਿੰਡ ਵਿਚ ਰੋਟੀ ਲਈ ਲੋਕਾਂ ਵੱਲ ਨਿਗਾਹ ਰੱਖਦੇ ਹਨ।

-ਕੇਵਲ ਸਿੰਘ

✲ ✲ ✲ ✲ ✲ ✲

# ਕਹਾਣੀ-ਉਡੀਕ



ਸਵੇਰੇ-ਸਵੇਰੇ ਤਿਆਰ ਹੋ ਕੇ ਅਸੀਂ ਗੁਰਦੁਆਰਾ ਤੰਬੂ ਸਾਹਿਬ ਤੋਂ ਬੜੀ ਖੁਸ਼ੀ-ਖੁਸ਼ੀ ਗੁਰਦੁਆਰਾ ਜਨਮ ਅਸਥਾਨ ਜਾਣ ਲਈ ਨਨਕਾਣਾ ਸਾਹਿਬ ਦੇ ਬਾਜ਼ਾਰ ਵਿਚਲੀ ਮੁੱਖ ਸੜਕ ਉੱਪਰ ਕਾਹਲੇ ਕਦਮੀਂ ਜਾ ਰਹੇ ਸੀ। ਅਚਾਨਕ ਸਾਡੀ ਨਿਗਾਹ ਸਾਹਮਣੇ ਇਕ ਕਰੀਬ ਅੱਸੀ-ਬਿਆਸੀ ਸਾਲ ਦੇ ਬਜ਼ੁਰਗ 'ਤੇ ਪਈ। ਬਜ਼ੁਰਗ ਦੇ ਲਿਬਾਸ ਅਤੇ ਆਵਾਜ਼ ਤੋਂ ਸਾਫ ਪਤਾ ਲੱਗ ਰਿਹਾ ਸੀ ਕਿ ਉਹ ਪਾਕਿਸਤਾਨ ਦਾ ਪੱਕਾ ਵਸਨੀਕ ਤੇ ਮੁਸਲਮਾਨ ਹੈ। ਬਜ਼ੁਰਗ ਲੰਘ ਰਹੇ ਟੋਲਿਆਂ ਨੂੰ ਰੋਕ-ਰੋਕ ਕੇ ਉਨ੍ਹਾਂ ਦੇ ਭਾਰਤੀ ਪੰਜਾਬ ਵਿਚਲੇ ਜ਼ਿਲ੍ਹੇ ਬਾਰੇ ਪੁੱਛ ਰਿਹਾ ਸੀ। ਸਿੱਖ ਯਾਤਰੂ ਟੋਲਿਆਂ ਵੱਲੋਂ ਆਪਣਾ ਜ਼ਿਲ੍ਹਾ ਦੱਸੇ ਜਾਣ 'ਤੇ ਉਹ ਨਿਰਾਸ਼ ਤੇ ਮਾਯੂਸ ਜਿਹਾ ਹੋ ਜਾਂਦਾ। ਮੁੜ ਅਗਲੇ ਟੋਲੇ ਮੂਹਰੇ ਹੱਥ ਬੰਨ੍ਹ ਕੇ ਖੜ੍ਹ ਜਾਂਦਾ। ਸਾਡੇ ਕੋਲੋਂ ਪੁੱਛਣ 'ਤੇ ਜਦ ਅਸੀਂ ਆਪਣਾ ਜ਼ਿਲ੍ਹਾ ਮੋਗਾ ਦੱਸਿਆ ਤਾਂ ਬਜ਼ੁਰਗ ਬੇਆਸ ਜਿਹਾ ਹੋ ਕੇ ਮੋਟੀ ਸਾਰੀ ਐਨਕ ਨੂੰ ਠੀਕ ਕਰਦਾ ਹੋਇਆ ਕਰੜ ਬਰੜੀ ਜਿਹੀ ਦਾੜ੍ਹੀ 'ਤੇ ਹੱਥ ਫੇਰਦਾ-ਫੇਰਦਾ ਪੂਰੀ ਤਰ੍ਹਾਂ ਨਿਰਾਸ਼ ਜਿਹਾ ਹੋ ਗਿਆ। ਪਰ ਸਾਡੇ ਅੰਦਰਲੀ ਭਾਵਕੁਤਾ ਬਜ਼ੁਰਗ ਦੀ ਇਸ ਮਨੋਸਥਿਤੀ ਨੂੰ ਜਾਣਨਾ ਚਾਹੁੰਦੀ ਸੀ। ਅਸੀਂ ਅਜੇ ਸਵਾਲ ਕਰਨ ਹੀ ਲੱਗੇ ਸੀ ਕਿ ਬਜ਼ੁਰਗ ਨੇ ਅੱਗੋਂ ਖੁਦ ਹੀ ਪੁੱਛਿਆ, ਬਈ ਜਵਾਨੋਂ ਤੁਹਾਡੇ ਵਿਚੋਂ ਕੋਈ ਗੁਰਦਾਸਪੁਰ ਜ਼ਿਲ੍ਹੇ ਦਾ ਹੈ? ਸਾਡੇ ਵੱਲੋਂ ਨਾਂਹ ਆਖਣ ਤੇ ਬਜ਼ੁਰਗ ਦਾ ਜਿਵੇਂ ਵੱਡਾ ਨੁਕਸਾਨ ਹੋ ਗਿਆ ਹੋਵੇ। ਗੁਰਦਾਸਪੁਰ ਬਾਰੇ ਪੁੱਛਣ ਦੀ ਦੇਰ ਸੀ ਕਿ ਬਜ਼ੁਰਗ ਦੀਆਂ ਅੱਖਾਂ ਵਿਚੋਂ ਤਿੱਪ-ਤਿੱਪ ਹੰਝੂ ਵਗਣ ਲੱਗ ਪਏ। ਸਾਡੀ ਗੰਭੀਰਤਾ ਨੇ ਮਾਹੌਲ ਨੂੰ ਹੋਰ ਵੀ ਗਮਗੀਨ ਕਰ ਦਿੱਤਾ। ਬਜ਼ੁਰਗ ਨੇ ਆਪਣਾ ਨਾਂਅ ਸ਼ਾਲਮ ਖਾਨ ਦੱਸਿਆ। ਸ਼ਾਲਮ ਖਾਨ ਉਦੋਂ ਅਠਾਰਾਂ ਸਾਲਾਂ ਦਾ ਭਰ ਜਵਾਨ ਸੀ ਜਦੋਂ 1947 ਦੀ ਦੇਸ਼ ਵੰਡ ਹੋਈ ਸੀ। ਬਜ਼ੁਰਗ ਸ਼ਾਲਮ ਖਾਨ ਉੱਪਰ ਵੱਲ ਦੋਵੇਂ ਹੱਥ ਜੋੜ ਕੇ ਦੋਵੇਂ ਦੇਸ਼ਾਂ ਦੀਆਂ ਹਕੂਮਤਾਂ ਨੂੰ ਬੁਰਾ ਭਲਾ ਕਹਿੰਦਾ ਹੋਇਆ ਅੱਲ੍ਹਾ ਤਾਲਾ ਤੋਂ ਦੋਵਾਂ ਮੁਲਕਾਂ ਦੀ ਖੈਰੀਅਤ ਮੰਗਣ ਲੱਗ ਪਿਆ। ਮਾਹੌਲ ਹੋਰ ਵੀ ਭਾਵੁਕ ਹੁੰਦਾ ਜਾ ਰਿਹਾ ਸੀ। ਸਿਰ ਦੇ ਸਾਫ਼ੇ ਨਾਲ ਬਜ਼ੁਰਗ ਨੇ ਅੱਖਾਂ ਪੂੰਝਦੇ ਹੋਏ ਦੱਸਿਆ ਕਿ ਉਸ ਨੂੰ ਚੌਂਹਟ ਸਾਲ ਹੋ ਗਏ ਪਾਕਿਸਤਾਨ ਵਿਚ ਰਹਿੰਦਿਆਂ। ਬਾਲ ਬੱਚੇ, ਜ਼ਮੀਨ ਜਾਇਦਾਦ ਸਾਰਾ ਕੁਝ ਉਸ ਕੋਲ ਹੈ। ਪਰਿਵਾਰਿਕ ਤੌਰ 'ਤੇ ਬੜਾ ਸੌਖਾ ਹੈ। ਸਰਕਾਰੇ-ਦਰਬਾਰੇ ਬੱਚਿਆਂ ਦੀ ਪਹੁੰਚ ਵੀ ਚੰਗੀ ਹੈ। ਪਰ ਅਫਸੋਸ ਉਹ ਅਜੇ ਤੱਕ ਵੀ ਪਾਕਿਸਾਤਨ ਨੂੰ ਆਪਣਾ ਦੇਸ਼ ਅਤੇ ਚੱਕ ਨੰਬਰ 113 ਨੂੰ ਆਪਣਾ ਪਿੰਡ ਨਹੀਂ ਮੰਨ ਸਕਿਆ ਸਗੋਂ ਅੱਜ ਵੀ ਉਹ ਗੁਰਦਾਸਪੁਰ ਨੂੰ ਹੀ ਆਪਣਾ ਜ਼ਿਲ੍ਹਾ ਤੇ ਭਾਗੋਵਾਲ ਨੂੰ ਹੀ ਆਪਣਾ ਪਿੰਡ ਮੰਨਦਾ ਹੈ। ਬਜ਼ੁਰਗ ਦੀਆਂ ਇਨ੍ਹਾਂ ਗੱਲਾਂ ਨੇ ਸਾਡੇ ਮਨਾਂ ਵਿਚ ਹੋਰ ਹੀ ਉਥਲ-ਪੁਥਲ ਮਚਾ ਦਿੱਤੀ। ਸਾਡੇ ਮਨਾਂ ਦੀ ਤ੍ਰਿਸ਼ਨਾ ਸੀ ਕਿ ਬਜ਼ੁਰਗ ਸ਼ਾਲਮ ਖਾਨ ਤੋਂ ਹੋਰ ਵੀ ਕੁਝ ਜਾਣਿਆ ਜਾ ਸਕੇ। ਬਜ਼ੁਰਗ ਵੀ ਜਿਵੇਂ ਮਨ ਹੌਲਾ ਕਰਨ ਦਾ ਬਹਾਨਾ ਹੀ ਭਾਲਦਾ ਸੀ। ਬਜ਼ੁਰਗ ਆਪਣੀਆਂ ਯਾਦਾਂ ਤਾਜ਼ਾ ਕਰਦਾ ਗਿਆ ਤੇ ਵਾਰ-ਵਾਰ ਐਨਕਾਂ ਉਤਾਰ ਕੇ ਗਿੱਲੀਆਂ ਅੱਖਾਂ ਪਰਨੇ ਦੇ ਲੜ ਨਾਲ ਸਾਫ ਕਰਦਾ ਰਿਹਾ। ਸਾਡੇ ਕਹਿਣ 'ਤੇ ਕਿ, 'ਬਾਬਾ ਜੀ ਤੁਸੀਂ ਆਪਣਾ ਪਾਸਪੋਰਟ ਬਣਾ ਕੇ ਆਪਣਾ ਪਿੰਡ ਵੇਖ ਕਿਉਂ ਨਹੀਂ ਆਉਂਦੇ?' ਤਾਂ ਬਜ਼ੁਰਗ ਦੇ ਸੀਨੇ ਵਿਚੋਂ ਜਿਵੇਂ ਕਿਸੇ ਨੇ ਰੁੱਗ ਭਰ ਲਿਆ ਹੋਵੇ। ਬਜ਼ੁਰਗ ਨੇ ਸਿਰਫ ਧਾਹ ਨਹੀਂ ਮਾਰੀ, ਕੰਬਦੇ ਚਿਹਰੇ ਨਾਲ ਦੱਸਿਆ ਕਿ, 'ਪੁੱਤਰੋ ਕੀ ਕਰਾਂ, ਬੜੀ ਵਾਰ ਕੋਸ਼ਿਸ਼ ਕੀਤੀ, ਪਰ ਵੀਜ਼ਾ ਨਹੀਂ ਮਿਲ ਸਕਿਆ'। ਉਹ ਚੰਦਰੇ ਵੇਲਿਆਂ ਨੂੰ ਕੋਸਦਾ ਹੋਇਆ ਆਖ ਰਿਹਾ ਸੀ ਕਿ, 'ਜਿੱਥੇ ਜੰਮੇ, ਪਲੇ ਤੇ ਖੇਡੇ ਉਨ੍ਹਾਂ ਥਾਂਵਾਂ ਨੂੰ ਵੇਖਣ ਲਈ ਵੀ ਵੀਜ਼ੇ ਚਾਹੀਦੇ ਨੇ। ਕਿੱਡਾ ਅਨਰਥ ਹੋ ਗਿਆ ਹੈ ਇਸ ਦੁਨੀਆ ਤੇ।' ਫਿਰ ਗੱਲ ਉੱਥੇ ਹੀ ਲਿਆਉਣ ਦੇ ਮਨਸ਼ੇ ਨਾਲ ਅਸੀਂ ਪੁੱਛਿਆ, 'ਫਿਰ ਬਾਬਾ ਜੀ ਤੁਸੀਂ ਇੱਥੇ ਯਾਤਰੂਆਂ ਤੋਂ ਉਨ੍ਹਾਂ ਦਾ ਪਿੰਡ ਤੇ ਜ਼ਿਲ੍ਹਾ ਪੁੱਛ ਕੇ ਕੀ ਕਰ ਲਵੋਂਗੇ? ਬੱਸ ਅੱਲ੍ਹਾ ਦੀ ਮੌਜ ਸਮਝ ਕੇ ਸਬਰ ਹੀ ਕਰ ਲਵੋ'। ਬਜ਼ੁਰਗ ਨੂੰ ਜਿਵੇਂ ਕੋਈ ਗੱਲ ਚੁੱਭ ਗਈ ਹੋਵੇ। ਉਸ ਨੇ ਸੋਟੀ ਦੇ ਸਹਾਰੇ ਨਾਲ ਸਿੱਧਾ ਹੋਣ ਦੀ ਕੋਸ਼ਿਸ਼ ਕਰਦਿਆਂ ਕਿਹਾ, 'ਮੇਰੀ ਜਨਮ ਭੋਇੰ ਵੱਲ ਤੋਂ ਆਏ ਹੋਏ ਜਵਾਨੋ ਮੈਨੂੰ ਪਤਾ ਹੈ ਕਿ ਮੈਂ ਉਹ ਥਾਂ ਜਿੱਥੇ ਮੈਂ ਜੰਮਿਆ ਸੀ, ਆੜੀਆਂ ਨਾਲ ਖੇਡਿਆ ਤੇ ਬਾਲ ਵਰੇਸੇ ਕਈਆਂ ਨਾਲ ਲੜਿਆ ਸੀ, ਮੱਝਾਂ ਚਾਰੀਆਂ ਸੀ। ਉਨ੍ਹਾਂ ਥਾਂਵਾਂ ਨੂੰ ਤਾਂ ਮੈਂ ਨਹੀਂ ਵੇਖ ਸਕਦਾ ਪਰ ਹੁਣ ਐਨਾ ਕੁ ਜ਼ਰੂਰ ਚਾਹੁੰਦਾ ਹਾਂ ਕਿ ਮੈਂ ਆਪਣੇ ਲੰਗੋਟੀਏ ਯਾਰ ਨੂੰ ਤਾਂ ਮਿਲ ਲਵਾਂ ਜੀਹਦੇ ਬਿਨਾਂ ਮੈਂ ਇਕ ਪਲ ਨਹੀਂ ਸੀ ਸਾਰਦਾ ਤੇ ਉਹ ਮੇਰੇ ਬਿਨਾਂ। ਅਸੀਂ ਇਕੱਠੇ ਖੇਡਦੇ, ਮੱਝਾਂ ਚਾਰਦੇ ਤੇ ਸ਼ਾਮ ਨੂੰ ਜ਼ੋਰ ਕਰਨ ਲਈ ਕੁਸ਼ਤੀਆਂ ਕਰਦੇ। ਮੈਨੂੰ ਮੇਰੇ ਉਸ ਯਾਰ ਦਾ ਹਾਲ ਪੁੱਛਣ ਦੀ ਉਡੀਕ ਹਰ ਛੇ ਮਹੀਨੇ ਬਾਅਦ ਉਧਰਲੇ ਪੰਜਾਬ 'ਚੋਂ ਆਉਂਦੇ ਲੋਕਾਂ ਵਿਚੋਂ ਕਿਸੇ ਗੁਰਦਾਸਪੁਰੀਏ ਨੂੰ ਮਿਲਣ ਲਈ ਇੱਥੇ ਲੈ ਆਉਂਦੀ ਹੈ'। ਜਜ਼ਬਾਤੀ ਹੋ ਜਾਣ ਕਰਕੇ ਸਾਡੇ ਕੋਲੋਂ ਰਹਿ ਨਾ ਹੋਇਆ ਤੇ ਕਿਹਾ ਕਿ, 'ਬਾਬਾ ਕੀ ਪਤਾ ਹੁਣ ਉਹ ਤੁਹਾਡਾ ਲੰਗੋਟੀਆ ਯਾਰ ਇਸ ਦੁਨੀਆ 'ਤੇ ਹੈ ਵੀ ਜਾਂ...?'। ਹੁਣ ਬਜ਼ੁਰਗ ਨੇ ਇਕ ਹੋਰ ਲੰਬਾ ਜਿਹਾ ਹਾਓਕਾ ਭਰਦਿਆਂ ਫਿਰ ਉੱਪਰ ਵੱਲ ਨੂੰ ਹੱਥ ਚੁੱਕਦਿਆਂ ਕਿਹਾ ਕਿ, 'ਯਾ ਅੱਲ੍ਹਾ ਤੇਰੀ ਰਹਿਮਤ...।' ਫਿਰ ਬਜ਼ੁਰਗ ਆਪਣੇ ਆਪ ਹੀ ਕਹਿਣ ਲੱਗ ਪਿਆ ਕਿ, 'ਚਲੋ ਮੇਰੇ ਬਚਪਨ ਦੇ ਯਾਰ ਦਾ ਕੋਈ ਪੁੱਤ ਪੋਤਾ ਹੀ ਕਦੇ ਮਿਲ ਪਵੇ, ਤੇ ਮੈਂ ਉਸ ਕੋਲੋਂ ਪੁੱਛ ਲਵਾਂ ਕਿ ਮੇਰਾ ਭਰਾਵਾਂ ਵਰਗਾ ਯਾਰ ਇਸ ਜਹਾਨ 'ਤੇ ਹੈ ਵੀ ਜਾਂ...?। ਪੁੱਛ ਲਵਾਂ ਕਿ ਮੇਰੇ ਤੇ ਮੇਰੇ ਵਰਗੇ ਹੋਰ ਯਾਰਾਂ ਬਿਨਾਂ ਕਿਵੇਂ ਲੰਘੀ ਉਸ ਦੀ ਪਹਾੜ ਵਰਗੀ ਜ਼ਿੰਦਗੀ, ਤੇ ਫਿਰ ਭਾਵੇਂ ਮੈਂ ਵੀ ਫੌਤ ਹੀ ਹੋ ਜਾਵਾਂ'। ਬਜ਼ੁਰਗ ਦੇ ਇਸ ਅਖੀਰਲੇ ਫਿਕਰੇ ਨੇ ਸਾਡੀਆਂ ਵੀ ਅੱਖਾਂ ਨਮ ਕਰ ਦਿੱਤੀਆਂ। ਹੁਣ ਮੈਂ ਮਨ ਹੀ ਮਨ ਦੋਵਾਂ ਦੇਸ਼ਾਂ ਦੀਆਂ ਹਕੂਮਤਾਂ ਦੇ ਚਾਲੇ, ਪਾਕਿਸਤਾਨ ਦੀ ਸੰਸਾਰ ਭਰ 'ਚ ਸਥਿਤੀ, ਬਜ਼ੁਰਗ ਦੀ ਉਮਰ ਦੇ ਤਕਾਜ਼ੇ ਬਾਰੇ ਸੋਚ ਰਿਹਾ ਸੀ ਕਿ ਬਜ਼ੁਰਗ ਮੁਸਲਮਾਨ ਸ਼ਾਲਮ ਖਾਨ ਅੰਦਰ ਭੜਥੂ ਪਾਉਂਦੀ ਆਪਣੇ ਲੰਗੋਟੀਏ ਯਾਰ ਭਗਵਾਨ ਸਿੰਘ ਨੂੰ ਮਿਲਣ ਦੀ ਉਡੀਕ ਖ਼ਤਮ ਹੋਵੇ ਜਾਂ ਨਾ ਪਰ ਉਸ ਦੀ ਉਡੀਕ 'ਚ ਉਸ ਦੀ ਜ਼ਿੰਦਗੀ ਜ਼ਰੂਰ ਖ਼ਤਮ ਹੋ ਜਾਵੇਗੀ।

-ਮਨਜੀਤ ਸਿੰਘ

# ਕਾਵਿ ਰਚਨਾਵਾਂ



### ਦੋ ਪਲ

ਕਿਸ ਉਂਗਲੀ ਫੜਾਈ, ਅਸੀਂ ਤੁਰੀ ਗਏ ਨਾਲ
ਉਹਨੇ ਉਂਗਲੀ ਛੁਡਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਇਕ ਰਾਹਾਂ ਅਣਜਾਣ, ਦੂਜੇ ਪੰਧ ਦੁਸ਼ਵਾਰ,
ਦਿਸਹੱਦਿਆਂ ਤੋਂ ਸੀ, ਤੀਜੇ ਦੂਰ ਮੰਜ਼ਲਾਂ।
ਚੌਥੇ ਪੈਰਾਂ ਵਿਚ ਛਾਲੇ, ਪੰਜ ਤੱਪਦੇ ਸੀ ਰੇਤੇ,
ਛੇਵੇਂ ਦੰਦੀਆਂ ਚਿੜਾਉਣ, ਮਗਰੂਰ ਮਜ਼ਲਾਂ।
ਸੱਤ ਦੁਨੀਆਂ ਦੀ ਭੀੜ, ਬਾਕੀ ਗਰਜ਼ਾਂ ਦਾ ਸ਼ੋਰ,
ਸੁਣੇ ਕੰਨ 'ਚ ਨਾ ਪਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਹੁੰਦਾ ਕਿਸ ਕੋਲ ਸਮਾਂ, ਕੌਣ ਸੁਣਦਾ ਹੈ ਗੱਲ,
ਆਪੋ-ਧਾਪੀ ਵਿਚ ਦੁਨੀਆਂ ਹੈ ਦੌੜੀ ਫਿਰਦੀ।
ਉਹ ਵੀ ਚਾਹੁੰਦਾ ਸੀ ਨਿਭਾਵਾਂ, ਵੰਡਾਂ ਮੀਤ ਨੂੰ ਵਫਾਵਾਂ,
ਧੁੰਦ ਬੰਧਨਾਂ ਦੀ ਸਭ ਕੁਝ ਕੱਜੀ ਜਾਂਵਦੀ।
ਉਹਨੇ ਭੋਲਾ ਜਿਹਾ ਬਣ, ਦੱਸੀ ਸਾਰੀ ਮਜਬੂਰੀ,
ਇਉਂ ਕੀਤੀ ਚਤੁਰਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਉਹਨੇ ਚੜ੍ਹ ਲਿਆ ਸਾਲੂ, ਫੁਲਕਾਰੀਆਂ ਦੀ ਛਾਵੇਂ,
ਸਾਡੇ ਹੌਕੇ ਸ਼ਹਿਨਾਈ ਬਣ, ਕੂਕਦੇ ਰਹੇ।
ਕੁਝ ਹਿਜਰਾਂ ਦੀ ਅੱਗ, ਕੁਝ ਹੌਕਿਆਂ ਦੇ ਲਾਂਬੂ,
ਇਉਂ ਜੱਗ ਵਾਲੇ ਭੈੜੇ, ਸਾਨੂੰ ਫੂਕਦੇ ਰਹੇ।
ਐਵੇਂ ਪਲ ਦੋ ਪਲ ਸੀ ਖੁਸ਼ੀ ਦਾ ਲਿਸ਼ਕਾਰਾ,
ਉਸ ਅਉਧ ਨਾ ਹੰਢਾਈ, ਅਸੀਂ ਵੇਖਦੇ ਰਹੇ।

### ਮੇਰੀ ਮਾਂ

ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ,
ਤੇਰੇ ਜਿਹਾ ਨਾ ਕੋਈ ਵਿਚ ਜਹਾਂ।
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।
ਨਵਾਵੇਂ, ਧੁਆਵੇਂ, ਸੋਹਣੇ ਕੱਪੜੇ ਪਾਵੇਂ,
ਜਿਊਣ ਜਾਚ ਦੇ ਢੰਗ ਸਿਖਾਵੇਂ।
ਪਿਆਰ ਨਾਲ ਦੱਸੇਂ ਇਕ-ਇਕ ਨਾਂਅ,
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।
ਤੇਰੀ ਗੋਦ ਜਿਹੀ ਨਾ ਠੰਢ ਕਿਤੇ,
ਤੇਰੇ ਜਿਹਾ ਨਾ ਜੱਗ 'ਚ ਹੋਰ ਦਿਸੇ।
ਤੂੰ ਜਿੰਦ ਲਗਾਈ ਬੱਚਿਆਂ ਨਾਂਅ,
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।
ਮਾਂ ਮੇਰੀ ਘਣਛਾਵਾਂ ਰੁੱਖ,
ਜਿਸ ਨੇ ਵੰਡੇ ਮੇਰੇ ਦੁੱਖ।
ਕਿੰਜ ਅਦਾ ਮੈਂ ਕਰਜ਼ ਕਰਾਂ?
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।

-ਪ੍ਰੋ: ਨਵ ਸੰਗੀਤ ਸਿੰਘ

### ਏਹੋ ਗੱਲ ਸਮਝੋ

ਨਸ਼ਿਆਂ ਬਦਲੇ ਵੋਟ ਕਦੇ ਨਹੀਂ ਪਾਵਾਂਗੇ,
ਹੋਰਾਂ ਨੂੰ ਵੀ ਏਹੋ ਗੱਲ ਸਮਝਾਵਾਂਗੇ।
ਨਸ਼ੇ ਵੰਡਣ ਦਾ ਕੰਮ ਜੋ ਨੇਤਾ ਕਰਦੇ ਨੇ,
ਆਪਣੀ ਮੌਤੇ ਖ਼ੁਦ ਇਕ ਦਿਨ ਉਹ ਮਰਦੇ ਨੇ।
ਵੰਡਦਾ ਪੋਸਤ, ਡੋਡੇ, 'ਫੀਮ, ਕੋਈ ਦਾਰੂ
ਐਸਾ ਨੇਤਾ ਕਿਸ ਬਿਧ ਜਨਤਾ ਨੂੰ ਤਾਰੂ।
ਤਨ, ਮਨ ਨਸ਼ੇ ਦੇ ਹੇਠ ਜਦੋਂ ਹੈ ਆ ਜਾਵੇ
ਸੋਚਣ ਦੀ ਸਮਰੱਥਾ ਸਾਡੀ ਮਿਟ ਜਾਵੇ।
ਚੰਗਾ ਕਿਹੜਾ ਨੇਤਾ, ਕਿਹੜਾ ਮਾੜਾ ਹੈ,
ਨਸ਼ਾ ਮਿਟਾ ਕੇ ਰੱਖ ਦਿੰਦਾ ਇਹ ਪਾੜਾ ਹੈ।
ਨਸ਼ਾ, ਡੋਬਦਾ ਜਿਸਮ, ਜਵਾਨੀ ਤੇ ਪੈਸਾ
ਰਾਜਨੀਤੀ ਨੇ ਕੀਤਾ ਕੋਝਾ ਕੰਮ ਐਸਾ।
ਵੋਟ ਕੀਮਤੀ ਸਾਡੀ, ਕਦੇ ਨਾ ਵੇਚਾਂਗੇ,
ਨਸ਼ਿਆਂ ਸਾਹਵੇਂ ਗੋਡੇ ਮੂਲ ਨਾ ਟੇਕਾਂਗੇ।
ਰਲ ਮਿਲ ਕੇ ਅਸੀਂ ਵੀ ਸਾਰੇ ਪ੍ਰਣ ਕਰੀਏ,
ਨਸ਼ਿਆਂ ਵਾਲੇ ਬੰਦਿਆਂ ਦਾ ਨਾ ਦਮ ਭਰੀਏ।

-ਪ੍ਰੋ: ਨਵ ਸੰਗੀਤ ਸਿੰਘ

## ਕਾਵਿ ਕਿਆਰੀ

### ਪਰਦੇਸੀ

ਸਭ ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਲੈ ਕੇ ਇਸ
ਮਿੱਟੀ ਤੋਂ, ਇਸ ਮਿੱਟੀ ਕਰਮਾ ਪਿੱਟੀ
ਤੋਂ, ਕਿਰਤੀ ਅਤੇ
ਤਮੀਜ਼ਾਂ ਵਾਲੇ,
ਭਾਰਤ ਮਾਂ ਦੇ ਰਾਜ ਦੁਲਾਰੇ,
ਲੇਖਾਂ ਨੂੰ ਚਮਕਾਉਣ ਦੀ ਖਾਤਿਰ,
ਸੋਨਾ ਨਿਰਾ ਕਮਾਉਣ
ਦੀ ਖਾਤਿਰ, ਸਭ ਪਰਦੇਸ਼ੀਂ ਤੁਰ ਚੱਲੇ
ਨੇ। ਸੁੱਖਾਂ ਸੁੱਖ
ਜਵਾਨੀ ਆਈ, ਜਵਾਨੀ
ਵੀ ਨਾਲ ਲਿਆਈ,
ਭੁੱਖਾਂ ਦੇ ਸੰਤਾਪ ਬੁਰੇ ਨੇ,
ਥੋੜਾਂ ਦੇ ਅਹਿਸਾਸ
ਬੁਰੇ ਨੇ, ਬੜੀ ਉਚੇਰੀ ਸਿੱਖਿਆ ਪਾ ਕੇ,
ਆਪਣੇ ਦੇਸ਼ ਵਿਚੋਂ
ਹੁਨਰ ਕਮਾ ਕੇ, ਸਭ ਪਰਦੇਸੀਂ ਤੁਰ ਚੱਲੇ
ਨੇ। ਉਤੋਂ ਉਤੋਂ ਹੱਸਣ ਮਾਵਾਂ
ਹੰਝੂ ਕਿੱਦਾਂ
ਛੱਕਣ ਮਾਵਾਂ, ਮੱਚਦੇ ਹੋਏ
ਅੰਗਿਆਰ ਤੁਰੇ ਨੇ,
ਸੱਤ ਸਮੁੰਦਰੋਂ ਪਾਰ ਤੁਰੇ ਨੇ,
ਇਕ ਸੁਨਹਿਰੀ ਆਸ ਜਗਾ ਕੇ,
ਪਰ ਮਮਾ ਨੂੰ ਲਾਂਬੂ
ਲਾ ਕੇ, ਸਭ ਪਰਦੇਸੀਂ ਤੁਰ ਚੱਲੇ ਨੇ,
ਸੱਖਣੇ ਸੱਖਣੇ
ਵਿਹੜੇ ਹੋ ਗਏ, ਰਹਿੰਦ ਖੂਹੰਦ
ਹੀ ਪਿੱਛੇ ਰਹਿ ਗਏ,
ਹੁਨਰ ਦੇਸ਼ ਦਾ ਮੰਡੀ ਵਿਕਿਆ
ਅਕਲਾਂ ਉਤੇ
ਪਹਿਰਾ ਲੱਗਿਆ, ਭੈਣ ਸਾਕ
ਬਚਾਉਣ ਦੀ ਖਾਤਿਰ,
ਆਪਣਾ ਕੱਲ੍ਹ ਰੁਸ਼ਨਾਉਣ
ਦੀ ਖਾਤਿਰ, ਸਭ
ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਦੀ ਇਸ ਮੰਡੀ ਅੰਦਰ,
ਆਪਾਂ ਵੀ ਕੁਝ ਬੋਲੀ
ਲਾਈਏ, ਆਪਣੇ ਇਲਮ
ਦੀ ਕੀਮਤ ਪਾਈਏ,
ਤੁਰਿਆ ਜਾਂਦਾ ਪੂਰ ਬਚਾਈਏ,
ਮਨ ਅੰਦਰ ਸ਼ੰਕਾਵਾਂ ਲੈ ਕੇ,
ਅੱਖਾਂ ਵਿਚ ਆਸ਼ਾਵਾਂ
ਲੈ ਕੇ, ਸਭ ਪਰਦੇਸੀਂ ਤੁਰ ਚੱਲੇ ਨੇ
ਲੇਖਾਂ ਨੂੰ ਚਮਕਾਉਣ
ਦੀ ਖਾਤਿਰ
ਸੋਨਾ ਨਿਰਾ ਕਮਾਉਣ ਦੀ ਖਾਤਿਰ
ਸਭ ਪਰਦੇਸੀਂ ਤੁਰ ਚੱਲੇ ਨੇ।

## ਬੇਗਾਨੇ ਧਨ ਦਾ ਅਹਿਸਾਸ

ਕਾਲਜ ਦੀ ਪੜ੍ਹਾਈ ਦੌਰਾਨ ਹੀ ਵਿਆਹ ਦੀਆਂ ਤਿਆਰੀਆਂ, ਖਰੀਦੋ-ਫ਼ਰੋਖਤ, ਸੱਦਾ-ਪੱਤਰ ਛਪਵਾਉਣ, ਖਾਣ-ਪੀਣ, ਪਹਿਨਣ ਲਈ ਅਗਾਊਂ ਬੁਕਿੰਗਾਂ ਸਭ ਕੁਝ ਵੇਖ ਰਹੀ ਸਾਂ ਮੈਂ। ਦਿਨ ਇਕ-ਇਕ ਕਰਕੇ ਨੇੜੇ ਆ ਰਹੇ ਸਨ। ਉਂਝ ਵੀ ਸਿਆਣਿਆਂ ਦਾ ਕਥਨ ਸੱਚ ਹੈ ਕਿ 'ਬੰਨ੍ਹੇ ਦਿਨਾਂ ਦਾ ਕੀ ਏ-ਆਏ ਕਿ ਆਏ'। 'ਮੇਰੇ ਚੇਤਿਆਂ ਵਿਚੋਂ ਬਚਪਨ ਦੀਆ ਯਾਦਾਂ ਨਹੀਂ ਸੀ ਵਿਸਰ ਰਹੀਆਂ। ਮੰਮੀ ਹੌਲੀ ਦੇਣੇ ਆਖ ਦਿੰਦੀ ਮੇਰੀ ਰਾਣੀ ਧੀ ਪੜ੍ਹਿਆ ਕਰ, ਗੁੱਡੀਆਂ-ਪਟੋਲੇ ਇਹ ਬਚਪਨ ਦੀਆਂ ਖੇਡਾਂ ਸਭ ਇਥੇ ਇਸ ਘਰ ਵਿਚ ਰਹਿ ਜਾਣੀਆਂ ਨੇ। ਹਾਲੇ ਕੱਲ੍ਹ ਦੀ ਤਾਂ ਗੱਲ ਏ ਛੋਟੀਆਂ-ਛੋਟੀਆਂ ਨੱਤੀਆਂ, ਚੂੜੀਆਂ, ਗਜਰੇ, ਕਲਿੱਪ, ਗੁੱਤ ਬਟਨ, ਪਤਾ ਨੀ ਕਿ ਕੁਝ ਖਿਲਾਰਾ ਪਿਆ ਰਹਿੰਦਾ ਮੇਰੇ ਸਾਹਮਣੇ, ਮਾਮੂਲੀ ਠੋਕਰ ਵੀ ਵੱਜ ਜਾਣੀ ਰੋਂਦਿਆਂ ਭੱਜ ਕੇ ਮੰਮੀ ਦੇ ਗਲ੍ਹੇ ਨੂੰ ਚਿੰਬੜ ਜਾਣਾ। ਚੰਦਾ ਮਾਮਾ ਡੋਰੀਆ, ਚੱਲ ਮੇਰੀ ਠੁਮਕੀ, ਗਿੱਦੜ-ਗਿੱਦੜੀ, ਰਾਜੇ-ਰਾਣੀਆਂ ਤੇ ਰਜਨੀ ਦੀਆਂ ਕਹਾਣੀਆਂ ਕਵਿਤਾਵਾਂ ਅੱਜ ਵੀ ਮੇਰੀਆਂ ਯਾਦਾਂ ਦਾ ਅਨਮੋਲ ਖ਼ਜ਼ਾਨਾ ਬਣੀਆਂ ਪਈਆਂ ਨੇ ਤੇ ਵਿਆਹ ਦੀਆਂ ਤਿਆਰੀਆਂ, ਮਾਨੋ ਚਿੱਤ ਨੂੰ ਕੁਝ ਨਾ ਕੁਝ ਹੋਈ ਜਾਂਦਾ। ਕੰਪਿਊਟਰ ਯੁੱਗ ਨੇ ਵੀ ਮੇਰੀ ਮਾਨਸਿਕਤਾ ਨਾ ਬਦਲੀ ਤੇ ਮੈਂ ਅਕਸਰ ਸੋਚਾਂ ਵਿਚ ਡੁੱਬੀ ਰਹਿੰਦੀ ਆਹ ਚਾਚੇ- ਤਾਏ ਜਿਹੜੇ ਮੈਨੂੰ ਘਰੋਂ ਤੋਰਨ ਵਿਚ ਬੜੇ ਕਾਹਲੇ ਨੇ, ਛੋਟੀ ਹੁੰਦੀ ਤਾਂ ਮਿੰਟ ਵੀ ਇੱਧਰ-ਉੱਧਰ ਨਾ ਜਾਣ ਦਿੰਦੇ। ਕੋਈ ਆਹਦਾਂ ਮੇਰਾ ਲੋਗੜ, ਕੋਈ ਮਾਣੋ-ਬਿੱਲੀ, ਕੋਈ ਕਾਟੋ ਤੇ ਕਦੇ-ਕਦੇ ਪਾਪਾ ਮੈਨੂੰ ਕਰਮਾਂ ਵਾਲਾ ਪੁੱਤ ਕਹਿਕੇ ਮਾਣ ਦਿੰਦੇ। ਆਂਢਣਾਂ-ਗੁਆਂਢਣਾਂ ਵੀ ਕਦੇ ਕਦਾਈਂ ਸਿਫ਼ਤ ਕਰ ਜਾਂਦੀਆਂ, ਅਖੇ ਧੀ ਹੋਵੇ ਇਹੋ ਜਿਹੀ ਲਾਇਕ, ਨਾਲੇ ਧੀਆਂ ਤਾਂ ਆਪਣੀ ਕਿਸਮਤ ਆਪ ਲਿਖਦੀਆਂ ਨੇ। ਦਿਨ ਆਖ਼ਰਕਾਰ ਆਉਣਾ ਹੀ ਸੀ, ਘਰੋਂ ਆਖ਼ਰਕਾਰ ਤੁਰਨਾ ਹੀ ਸੀ। ਮੈਂ ਸੋਚਦੀ ਸਕੂਲੋਂ ਘਰ ਵੜਨ ਸਮੇਂ ਬਾਹਾਂ ਉਲਾਰ ਕੇ ਖੜ੍ਹੀ ਹੁੰਦੀ ਮੰਮੀ ਆਉਂਦਿਆਂ ਹੀ ਬੁੱਕਲ ਵਿਚ ਲੈਣਾ ਲੋਚਦੀ ਤੇ ਹੁਣ ਉਨ੍ਹਾਂ ਹੀ ਹੱਥਾਂ ਨਾਲ ਘਰੋਂ ਸ਼ਗਨ ਦੇ ਕੇ ਵਿਦਾ ਕਰੇਗੀ। ਛੋਟੀ ਜਿਹੀ ਫਰਾਕ ਪਾਈ



ਹੁੰਦੀ ਤੇ ਪਾਪਾ ਵੇਖ ਕੇ ਖੁਸ਼ ਹੋ ਜਾਂਦੇ ਤੇ ਹੁਣ ਲਹਿੰਗੇ ਵਿਚ ਲਿਪਟੀ ਧੀ ਨੂੰ ਵੇਖ ਕੇ ਖੁਸ਼ ਹੋਣ ਦੀ ਥਾਂ ਉਦਾਸ ਮੁਦਰਾ ਵਿਚ ਘਰੋਂ ਤੋਰ ਦੇਣਗੇ। ਸਾਰੇ ਜੀਅ ਮੈਨੂੰ ਘਰੋਂ ਤੋਰਨ ਲਈ ਬੜੀ ਸ਼ਿੱਦਤ ਨਾਲ ਕੰਮ ਕਰ ਰਹੇ ਸਨ। ਸੋਚਾਂ ਵਿਚ ਡੁੱਬੀ ਦੇ ਬਚਪਨ ਵਿਚ ਦਾਦੀ ਵਲੋਂ ਕਹੇ ਸ਼ਬਦ ਯਾਦ ਆਏ। 'ਪੁੱਤ ਧਿਆਨ ਨਾਲ ਤੁਰਿਆ ਕਰ, ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ਨੇ।' ਦਿਲ ਕਰੇ ਕਿ ਮੈਂ ਭੱਜ ਕੇ ਆਪਣੇ ਪਾਪਾ ਨਾਲ ਚਿੰਬੜ ਜਾਵਾਂ ਕਿਉਂਕਿ ਥੋੜ੍ਹਾ ਸਮਾਂ ਬਾਕੀ ਸੀ ਤੇ ਪਾਪਾ ਵਲੋਂ ਸਾਂਭ ਕੇ ਰੱਖੇ ਧਨ ਦੀ ਤਜੌਰੀ ਖਾਲੀ ਹੋਣ ਹੀ ਵਾਲੀ ਸੀ, ਇਸੇ ਅਹਿਸਾਸ ਨੂੰ ਲੈ ਕੇ ਮੈਂ ਅੱਖਾਂ ਪੂੰਝੀਆਂ ਅਤੇ ਵਿਆਹ ਦੀਆਂ ਤਿਆਰੀਆਂ ਵਿਚ ਸ਼ਾਮਿਲ ਹੋ ਗਈ।

# ਗੋਪਾਲ ਕਲੋਨੀ ਵਿਵਾਦ ਵਿੱਚ ਮੁੱਖ ਮੁਲਜ਼ਮ ਨੂੰ ਨਹੀਂ ਮਿਲੀ ਅਗਾਊਂ ਜ਼ਮਾਨਤ




**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੀ ਗੋਪਾਲ ਕਲੋਨੀ ਵਿੱਚ ਵਾਲਮੀਕੀ ਪਰਿਵਾਰ ਅਤੇ ਮੁਸਲਿਮ ਭਾਈਚਾਰੇ ਵਿਚਕਾਰ ਹੋਏ ਵਿਵਾਦ ਨਾਲ ਜੁੜੇ ਮਾਮਲੇ ਵਿੱਚ ਸ਼ੁੱਕਰਵਾਰ ਨੂੰ ਨਵਾਂ ਮੋੜ ਉਸ ਸਮੇਂ ਆਇਆ, ਜਦੋਂ ਜ਼ਿਲ੍ਹਾ ਅਦਾਲਤ ਨੇ ਕੇਸ ਦੇ ਇੱਕ ਮੁੱਖ ਮੁਲਜ਼ਮ ਦੀ ਅਗਾਊਂ ਜ਼ਮਾਨਤ (ਅੰਤਰਿਮ ਜ਼ਮਾਨਤ) ਦੀ ਅਰਜ਼ੀ ਰੱਦ ਕਰ ਦਿੱਤੀ। ਇਸ ਮਾਮਲੇ ਵਿੱਚ ਪਹਿਲਾਂ ਹੀ ਦੋਵਾਂ ਧਿਰਾਂ ਖ਼ਿਲਾਫ਼ ਕਰਾਸ ਐੱਫਆਈਆਰ ਦਰਜ ਕੀਤੀ ਜਾ ਚੁੱਕੀ ਹੈ।

ਅਦਾਲਤੀ ਕਾਰਵਾਈ ਤੋਂ ਬਾਅਦ ਪੀੜਤ ਵਾਲਮੀਕੀ ਪਰਿਵਾਰ ਦੇ ਵਕੀਲ ਐਡਵੋਕੇਟ ਦਵਿੰਦਰ ਰਾਜਪੂਤ ਨੇ ਕਿਹਾ ਕਿ ਉਨ੍ਹਾਂ ਵੱਲੋਂ ਅਦਾਲਤ ਅੱਗੇ ਪੇਸ਼ ਕੀਤੀਆਂ ਗਈਆਂ ਦਲੀਲਾਂ ਅਤੇ ਸਬੂਤਾਂ ਦੇ ਆਧਾਰ 'ਤੇ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋਈ ਹੈ।

ਐਡਵੋਕੇਟ ਰਾਜਪੂਤ ਨੇ ਦੋਸ਼ ਲਗਾਇਆ ਕਿ ਹਮਲੇ ਦੌਰਾਨ ਘਰ ਵਿੱਚ ਦਾਖ਼ਲ ਹੋ ਕੇ ਧਾਰਮਿਕ ਮੂਰਤੀਆਂ ਦੀ ਭੰਨਤੋੜ ਕੀਤੀ ਗਈ, ਪਰ ਇਸ ਦੇ ਬਾਵਜੂਦ ਪੁਲਿਸ ਨੇ ਮਾਮਲੇ ਵਿੱਚ ਸਿਰਫ਼ ਆਮ ਧਾਰਾਵਾਂ ਹੀ ਲਗਾਈਆਂ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਘਟਨਾ ਦੀ ਗੰਭੀਰਤਾ ਦੇ ਅਨੁਕੂਲ ਨਹੀਂ ਸੀ।

ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਕੁਝ ਵੀਡੀਓ ਅਤੇ ਤਸਵੀਰਾਂ ਮੌਜੂਦ ਹਨ, ਜੋ ਕਥਿਤ ਤੌਰ 'ਤੇ ਘਟਨਾ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਮਾਮਲੇ ਵਿੱਚ ਧਾਰਮਿਕ ਬੇਅਦਬੀ ਨਾਲ ਸਬੰਧਤ ਸਖ਼ਤ ਧਾਰਾਵਾਂ ਸ਼ਾਮਲ ਕਰਨ ਲਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਵਕੀਲ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣਾ ਹੈ ਅਤੇ ਉਹ ਕਾਨੂੰਨੀ ਪ੍ਰਕਿਰਿਆ ਰਾਹੀਂ ਮਾਮਲੇ ਨੂੰ ਅੱਗੇ ਵਧਾਉਣਗੇ।

# 'ਸੇਫ ਪੰਜਾਬ' ਗੁਪਤ ਵਟਸਐਪ ਹੈਲਪਲਾਈਨ ਰਾਹੀਂ ਭਗਵੰਤ ਮਾਨ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 21900 ਤੋਂ ਵੱਧ ਗ੍ਰਿਫ਼ਤਾਰ

## ਨਸ਼ਿਆਂ ਵਿਰੁੱਧ ਸਥਾਈ ਸਫ਼ਲਤਾ ਲਈ ਲੋਕਾਂ ਦਾ ਨਿਰੰਤਰ ਸਹਿਯੋਗ ਜ਼ਰੂਰੀ: ਡਾ. ਬਲਬੀਰ ਸਿੰਘ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਚੱਲ ਰਹੀ ਲੜਾਈ ਹੁਣ ਲੋਕ- ਲਹਿਰ ਬਣਦੀ ਜਾ ਰਹੀ ਹੈ, ਜਿਸ ਤਹਿਤ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਦੇ ਲੋਕ ਵੱਡੀ ਗਿਣਤੀ ਵਿੱਚ ਅੱਗੇ ਆ ਕੇ 'ਸੇਫ ਪੰਜਾਬ' ਵਟਸਐਪ ਹੈਲਪਲਾਈਨ 97791-00200 'ਤੇ ਨਸ਼ਾ ਤਸਕਰਾਂ ਅਤੇ ਸਪਲਾਇਰਾਂ ਬਾਰੇ ਗੁਪਤ ਰੂਪ ਵਿੱਚ ਜਾਣਕਾਰੀ ਸਾਂਝੀ ਕਰ ਰਹੇ ਹਨ। ਜ਼ਿਕਰਯੋਗ ਹੈ ਕਿ 'ਸੇਫ ਪੰਜਾਬ' ਹੈਲਪਲਾਈਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੇ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਦਾ ਹਿੱਸਾ ਹੈ।

ਲੋਕਾਂ ਦੀ ਵਧਦੀ ਭਾਗੀਦਾਰੀ ਨਾਲ ਨਾ ਸਿਰਫ਼ ਪੁਲਿਸ ਨੂੰ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਵਿੱਚ ਮਦਦ ਮਿਲ ਰਹੀ ਹੈ, ਸਗੋਂ ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਲੋਕਾਂ ਦਾ ਸਰਕਾਰ 'ਤੇ ਭਰੋਸਾ ਵਧਿਆ ਹੈ। ਉਨ੍ਹਾਂ ਨੂੰ ਯਕੀਨ ਹੈ ਕਿ ਉਨ੍ਹਾਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ ਅਤੇ ਉਨ੍ਹਾਂ ਵੱਲੋਂ ਦਿੱਤੀ ਇਤਲਾਹ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਇਸੇ ਲਈ ਇਹ ਪਹਿਲ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੇ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਦਾ ਮਜ਼ਬੂਤ ਅਧਾਰ ਬਣ ਕੇ ਉੱਭਰੀ ਹੈ, ਜਿਸ ਤਹਿਤ ਲੋਕਾਂ ਦੀ ਭਾਗੀਦਾਰੀ ਅਤੇ ਸਖ਼ਤ ਕਾਨੂੰਨੀ ਕਾਰਵਾਈ ਨਾਲ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਰਿਹਾ ਹੈ। ਆਧਿਕਾਰਿਕ ਅੰਕੜਿਆਂ ਅਨੁਸਾਰ, ਹੁਣ ਤੱਕ ਪੰਜਾਬ ਭਰ ਵਿੱਚੋਂ 43,520 ਗੁਪਤ ਸੂਚਨਾਵਾਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਸੂਹਾਂ ਅਤੇ ਅਗਲੇਰੀ ਜਾਂਚ ਦੇ ਆਧਾਰ 'ਤੇ 17,120 ਕੇਸ ਦਰਜ ਕੀਤੇ ਗਏ ਅਤੇ 21,962 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਪਹਿਲ ਦਾ ਉਦੇਸ਼ ਨਾਗਰਿਕਾਂ ਨੂੰ ਅਭਿਆਨ ਦਾ ਹਿੱਸਾ ਬਣਾਉਣਾ ਹੈ ਤਾਂ ਜੋ ਉਹ ਬਿਨਾਂ ਕਿਸੇ ਡਰ ਤੋਂ ਨਸ਼ੇ ਖ਼ਿਲਾਫ਼ ਜਾਣਕਾਰੀ ਸਾਂਝੀ ਕਰ ਸਕਣ। ਸ਼ਿਕਾਇਤਕਰਤਾਵਾਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ ਅਤੇ ਪ੍ਰਾਪਤ ਇਤਲਹਾ 'ਤੇ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ। ਇਸੇ ਕਾਰਨ 'ਸੇਫ ਪੰਜਾਬ ' ਵਟਸਐਪ ਹੈਲਪਲਾਈਨ ਰਾਹੀਂ ਸਮਾਜ ਦੇ ਹਰ ਵਰਗ ਦੇ ਲੋਕ ਸ਼ੱਕੀ ਗਤੀਵਿਧੀਆਂ ਅਤੇ ਨਸ਼ਾ ਵਿਕਰੀ ਬਾਰੇ ਰਿਪੋਰਟ ਕਰਨ ਲਈ ਅੱਗੇ ਆ ਰਹੇ ਹਨ। ਵਟਸਐਪ ਹੈਲਪਲਾਈਨ ਤੋਂ ਇਲਾਵਾ ਪੰਜਾਬ ਵਿੱਚ ਚੱਲ ਰਹੀਆਂ ਈ-ਰਿਕਸ਼ਾਵਾਂ ਰਾਹੀਂ ਵੀ ਗੁਪਤ ਰੂਪ ਵਿੱਚ ਜਾਣਕਾਰੀ ਸਾਂਝੀ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਨ੍ਹਾਂ ਈ-ਰਿਕਸ਼ਾਵਾਂ ਰਾਹੀਂ ਹੁਣ ਤੱਕ ਲਗਭਗ 3440 ਪਿੰਡਾਂ ਤੱਕ ਪਹੁੰਚ ਬਣਾਈ ਜਾ ਚੁੱਕੀ ਹੈ, ਜੋ ਰਾਜ ਦੇ ਕਰੀਬ ਇੱਕ-ਤਿਹਾਈ ਪਿੰਡਾਂ ਦੇ ਬਰਾਬਰ ਹੈ। ਇਹ ਦੋਵੇਂ ਤਰੀਕੇ ਨਸ਼ਾ ਤਸਕਰਾਂ ਅਤੇ ਨਸ਼ਾ ਕਾਰੋਬਾਰੀਆਂ ਤੱਕ ਪਹੁੰਚਣ ਵਿੱਚ ਅਹਿਮ ਜਾਣਕਾਰੀ ਸਰੋਤ ਬਣ ਕੇ ਉੱਭਰੇ ਹਨ।

ਇਸ ਪਹਿਲ ਤਹਿਤ ਪ੍ਰਾਪਤ ਹੋਈ ਹਰ ਸ਼ਿਕਾਇਤ ਦੀ ਪਹਿਲਾਂ ਪੂਰੀ ਤਫ਼ਤੀਸ਼ ਕੀਤੀ ਜਾਂਦੀ ਹੈ। ਜਾਣਕਾਰੀ ਸਹੀ ਪਾਈ ਜਾਣ 'ਤੇ ਉਸ ਨੂੰ ਤੁਰੰਤ ਸਬੰਧਿਤ ਜ਼ਿਲ੍ਹਾ ਪੁਲਿਸ ਇਕਾਈ ਨੂੰ ਕਾਰਵਾਈ ਲਈ ਭੇਜਿਆ ਜਾਂਦਾ ਹੈ ਤਾਂ ਜੋ ਲੋਕਾਂ ਵੱਲੋਂ ਦਿੱਤੀ ਗਈ ਪੁਖ਼ਤਾ ਇਤਲਾਹ ਦੇ ਆਧਾਰ 'ਤੇ ਨਸ਼ਾ ਤਸਕਰਾਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਈ ਜਾ ਸਕੇ।

ਇਸ ਸਬੰਧ ਵਿੱਚ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ, 'ਸੇਫ ਪੰਜਾਬ' ਪਹਿਲ 'ਤੇ ਲੋਕਾਂ ਦੀ ਪ੍ਰਤੀਕਿਰਿਆ ਦਰਸਾਉਂਦੀ ਹੈ ਕਿ ਉਹ ਨਸ਼ਾ ਮੁਕਤ ਮਾਹੌਲ ਵਿੱਚ ਰਹਿਣਾ ਚਾਹੁੰਦੇ ਹਨ ਅਤੇ ਜੇ ਉਨ੍ਹਾਂ ਦੀ ਪਛਾਣ ਗੁਪਤ ਰੱਖੇ ਜਾਣ ਦਾ ਭਰੋਸਾ ਮਿਲਦਾ ਹੈ ਤਾਂ ਉਹ ਕਾਨੂੰਨੀ ਕਾਰਵਾਈ ਵਿੱਚ ਪੂਰਾ ਸਹਿਯੋਗ ਦੇਣ ਲਈ ਤਿਆਰ ਹਨ। ਲੋਕਾਂ ਨੇ ਇਸ ਪਹਿਲ ਵਿੱਚ ਵੱਡੀ ਗਿਣਤੀ ਵਿੱਚ ਸਰਗਰਮੀ ਦਿਖਾਈ ਹੈ ਅਤੇ ਪੁਲਿਸ ਨੇ ਵੀ ਪੂਰੀ ਮੁਸਤੈਦੀ ਤੇ ਸੁਹਿਰਦਤਾ ਨਾਲ ਕਾਰਵਾਈ ਕੀਤੀ ਹੈ। ਸ਼ਿਕਾਇਤਾਂ ਦੀ ਵਧਦੀ ਗਿਣਤੀ ਨੂੰ ਪੁਲਿਸ 'ਤੇ ਜਨਤਾ ਦੇ ਵਧਦੇ ਭਰੋਸੇ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਹੁਣ ਲੋਕ ਮੂਕ ਦਰਸ਼ਕ ਬਣੇ ਰਹਿਣ ਦੀ ਬਜਾਏ ਨਸ਼ਾ ਤਸਕਰੀ ਨਾਲ ਜੁੜੀਆਂ ਘਟਨਾਵਾਂ ਦੀ ਜਾਣਕਾਰੀ ਪੁਲਿਸ ਨੂੰ ਦੇ ਰਹੇ ਹਨ, ਜਿਸ ਨਾਲ ਸਮੇਂ ਸਿਰ ਕਾਰਵਾਈ ਕਰਨ ਵਿੱਚ ਮਦਦ ਮਿਲ ਰਹੀ ਹੈ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਇਸ ਪਹਿਲ ਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੇ 'ਯੁੱਧ ਨ ਸ਼ਿਆਂ ਵਿਰੁੱਧ' ਅਭਿਆਨ ਨੂੰ ਹੋਰ ਮਜ਼ਬੂਤ ਕੀਤਾ ਹੈ, ਜਿਸ ਵਿੱਚ ਕਾਰਵਾਈ, ਜਨ-ਭਾਗੀਦਾਰੀ, ਜਾਗਰੂਕਤਾ ਅਤੇ ਮੁੜ-ਵਸੇਬਾ ਸ਼ਾਮਲ ਹਨ। ਨਸ਼ੇ ਖ਼ਿਲਾਫ਼ ਸਖ਼ਤ ਪੁਲਿਸ ਕਾਰਵਾਈ ਬਹੁਤ ਅਹਿਮ ਹੈ, ਪਰ ਇਸ ਲੜਾਈ ਵਿੱਚ ਸਥਾਈ ਸਫ਼ਲਤਾ ਲਈ ਜਨਤਾ ਦਾ ਨਿਰੰਤਰ ਸਹਿਯੋਗ ਬਹੁਤ ਜ਼ਰੂਰੀ ਹੈ।" ਇਸ ਪਲੇਟਫਾਰਮ 'ਤੇ ਪ੍ਰਾਪਤ ਸਾਰੀਆਂ ਸ਼ਿਕਾਇਤਾਂ ਪੂਰੀ ਤਰ੍ਹਾਂ ਗੁਪਤ ਹੁੰਦੀਆਂ ਹਨ ਅਤੇ ਜਾਣਕਾਰੀ ਦੇਣ ਵਾਲਿਆਂ ਦੀ ਪਛਾਣ ਵੀ ਗੁਪਤ ਰੱਖੀ ਜਾਂਦੀ ਹੈ। ਨਾਗਰਿਕਾਂ ਨੂੰ ਨਸ਼ਾ ਤਸਕਰਾਂ ਅਤੇ ਨਸ਼ੇ ਦੇ ਕਾਰੋਬਾਰੀਆਂ ਬਾਰੇ ਜਾਣਕਾਰੀ ਬਿਨਾਂ ਕਿਸੇ ਡਰ ਦੇ ਸਾਂਝੀ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਇਨ੍ਹਾਂ ਗੁਪਤ ਸੂਚਨਾਵਾਂ ਦੇ ਆਧਾਰ 'ਤੇ 17,000 ਤੋਂ ਵੱਧ ਕੇਸਾਂ ਵਿੱਚ ਕਾਰਵਾਈ ਹੋਈ ਹੈ, ਜੋ ਦਰਸਾਉਂਦਾ ਹੈ ਕਿ ਲਗਭਗ 40 ਫ਼ੀਸਦੀ ਸ਼ਿਕਾਇਤਾਂ ਦੇ ਆਧਾਰ 'ਤੇ ਗ੍ਰਿਫ਼ਤਾਰੀਆਂ ਹੋਈਆਂ ਹਨ। ਇਸ ਤੋਂ ਸਪੱਸ਼ਟ ਹੈ ਕਿ 'ਸੇਫ ਪੰਜਾਬ' ਵਟਸਐਪ ਹੈਲਪਲਾਈਨ ਰਾਜ ਦੇ ਨਸ਼ਾ ਵਿਰੋਧੀ ਅਭਿਆਨ ਵਿੱਚ ਇੱਕ ਪ੍ਰਭਾਵੀ ਸਾਧਨ ਵਜੋਂ ਉੱਭਰ ਰਹੀ ਹੈ। ਅਧਿਕਾਰੀਆਂ ਨੇ ਭਰੋਸਾ ਜਤਾਇਆ ਹੈ ਕਿ ਲੋਕਾਂ ਦੀ ਨਿਰੰਤਰ ਭਾਗੀਦਾਰੀ ਅਤੇ ਪੁਲਿਸ ਦੀ ਫੌਰੀ ਕਾਰਵਾਈ ਨਾਲ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਸੰਕਲਪ ਹੋਰ ਮਜ਼ਬੂਤ ਹੋਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਮਾਹੌਲ ਤਿਆਰ ਕੀਤਾ ਜਾ ਸਕੇਗਾ।

# ਵਿਧਾਇਕ ਕੋਹਲੀ ਨੇ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ

**➢ ਪਟਿਆਲਾ ਸ਼ਹਿਰ ਦੀ ਰਾਜਸੀ ਸਥਿਤੀ ਬਾਰੇ ਹੋਈ ਚਰਚਾ 8 ਜੁਲਾਈ ਮਹੀਨੇ ਪਟਿਆਲਾ ਆਉਣਗੇ ਕੇਜਰੀਵਾਲ, ਸ਼ਹਿਰ ਨੂੰ ਦੇਣਗੇ ਵੱਡੇ ਤੋਹਫ਼ੇ: ਕੋਹਲੀ**

**ਪਟਿਆਲਾ, 8 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਇੱਕ ਅਹਿਮ ਮੁਲਾਕਾਤ ਕੀਤੀ। ਇਸ ਬੈਠਕ ਦੌਰਾਨ ਪਟਿਆਲਾ ਸ਼ਹਿਰ ਦੀ ਮੌਜੂਦਾ ਰਾਜਸੀ ਸਥਿਤੀ ਅਤੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਸਥਾਰਪੂਰਵਕ ਚਰਚਾ ਹੋਈ। ਵਿਧਾਇਕ ਕੋਹਲੀ ਨੇ ਪਾਰਟੀ ਸੁਪਰੀਮੋ ਨੂੰ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਹਲਕੇ ਵਿੱਚ ਹੋਏ ਕੰਮਾਂ ਅਤੇ ਵੱਖ-ਵੱਖ ਮੁੱਦਿਆਂ 'ਤੇ ਆਧਾਰਿਤ ਇੱਕ ਵਿਸ਼ੇਸ਼ ਰਿਪੋਰਟ ਸੌਂਪੀ। ਅਰਵਿੰਦ ਕੇਜਰੀਵਾਲ ਜੁਲਾਈ ਮਹੀਨੇ ਵਿਚ ਪਟਿਆਲਾ ਆਉਣਗੇ ਅਤੇ ਸ਼ਹਿਰ ਨੂੰ ਵੱਡੇ ਤੋਹਫ਼ੇ ਵੀ ਦੇ ਕੇ ਜਾਣਗੇ।

ਇਸ ਮੁਲਾਕਾਤ ਦੌਰਾਨ ਵਿਧਾਇਕ ਕੋਹਲੀ ਨੇ ਦੱਸਿਆ ਕਿ ਉਨ੍ਹਾਂ ਨੇ ਪਟਿਆਲਾ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਕੀਤੇ ਗਏ ਕੰਮਾਂ ਬਾਰੇ ਬਰੀਕੀ ਨਾਲ ਜਾਣਕਾਰੀ ਸਾਂਝੀ ਕੀਤੀ। ਅਰਵਿੰਦ ਕੇਜਰੀਵਾਲ ਨੇ ਪਟਿਆਲਾ ਵਿੱਚ ਚੱਲ ਰਹੇ ਵਿਕਾਸ ਕਾਰਜਾਂ 'ਤੇ ਪੂਰਨ ਸੰਤੁਸ਼ਟੀ ਪ੍ਰਗਟਾਈ।



ਪਟਿਆਲਾ ਵਿੱਚ ਇਸ ਸਮੇਂ ਰਾਜਸੀ ਸਰਗਰਮੀਆਂ ਕਾਫੀ ਤੇਜ਼ ਹਨ ਅਤੇ 'ਆਪ' ਸਰਕਾਰ ਸ਼ਹਿਰ ਦੇ ਸੁੰਦਰੀਕਰਨ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਵਿਧਾਇਕ ਕੋਹਲੀ ਨੇ ਖ਼ਾਸ ਤੌਰ 'ਤੇ ਇਤਿਹਾਸਕ ਸ੍ਰੀ ਕਾਲੀ ਦੇਵੀ ਮੰਦਿਰ ਦੇ ਚੱਲ ਰਹੇ ਨਵੀਨੀਕਰਨ ਦੇ ਪ੍ਰੋਜੈਕਟ ਬਾਰੇ ਕੇਜਰੀਵਾਲ ਨੂੰ ਵਿਸਥਾਰ ਵਿੱਚ ਦੱਸਿਆ। ਇਸ ਦੇ ਨਾਲ ਹੀ ਨਗਰ ਨਿਗਮ ਅਤੇ ਹੋਰਨਾਂ ਸਰਕਾਰੀ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਲੇਖਾ-ਜੋਖਾ ਵੀ ਪਾਰਟੀ ਸੁਪਰੀਮੋ ਦੇ ਸਾਹਮਣੇ ਰੱਖਿਆ ਗਿਆ।

**ਸਾਢੇ ਚਾਰ ਸਾਲਾਂ ਵਿੱਚ ਵਧਿਆ ਪਾਰਟੀ ਦਾ ਗ੍ਰਾਫ਼, ਮੁੜ ਬਣੇਗੀ ਸਰਕਾਰ: ਕੋਹਲੀ**

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪਾਰਟੀ ਦਾ ਗ੍ਰਾਫ਼ ਬਹੁਤ ਉੱਚਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਆਪਣੇ ਕੀਤੇ ਹੋਏ ਸਾਰੇ ਵੱਡੇ ਵਾਅਦੇ ਪੂਰੇ ਕਰ ਚੁੱਕੀ ਹੈ ਅਤੇ ਮਹਿਲਾਵਾਂ ਨੂੰ ਮਹੀਨਾਵਾਰ ਰਾਸ਼ੀ ਦਾ ਵਾਅਦਾ ਵੀ ਪੂਰਾ ਕਰ ਦਿੱਤਾ ਹੈ। ਵਿਧਾਇਕ ਕੋਹਲੀ ਨੇ ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ÷ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪਾਰਟੀਆਂ ਹੁਣ ਸਿਆਸੀ ਲੀਹ ਤੋਂ ਲੱਥ ਚੁੱਕੀਆਂ ਹਨ।

ਪੰਜਾਬ ਦੇ ਲੋਕ ਇਹ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਸਿਰਫ਼ ਆਮ ਆਦਮੀ ਪਾਰਟੀ ਹੀ ਸੂਬੇ ਦਾ ਅਸਲ ਵਿਕਾਸ ਕਰ ਸਕਦੀ ਹੈ।÷

ਉਨ੍ਹਾਂ ਅੱਗੇ ਕਿਹਾ ਕਿ ਇਸ ਸਮੇਂ ਪਟਿਆਲਾ ਸ਼ਹਿਰ ਅੰਦਰ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟ ਚੱਲ ਰਹੇ ਹਨ, ਜਿਨ੍ਹਾਂ ਨਾਲ ਸ਼ਹਿਰ ਦੀ ਨੁਹਾਰ ਬਦਲ ਰਹੀ ਹੈ। ਅਗਲੇ ਚਾਰ ਮਹੀਨਿਆਂ ਦੇ ਅੰਦਰ-ਅੰਦਰ ਸਾਰੇ ਅਧੂਰੇ ਅਤੇ ਪੈਂਡਿੰਗ ਪਏ ਪ੍ਰੋਜੈਕਟਾਂ ਨੂੰ ਮੁਕੰਮਲ ਕਰਕੇ ਜਨਤਾ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

# ਸਿਹਤ ਮੰਤਰੀ ਨੇ ਪਟਿਆਲਾ 'ਚ ਰੋਬੋਟਿਕ-ਅਸਿਸਟਡ ਆਰਥੋਪੈਡਿਕ ਸਰਜਰੀ ਤਕਨਾਲੋਜੀ ਦੀ ਕੀਤੀ ਸ਼ੁਰੂਆਤ

**ਪਟਿਆਲਾ, 8 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਵਿੱਚ ਆਰਥੋਪੈਡਿਕ ਇਲਾਜ ਲਈ ਅਤਿ ਆਧੁਨਿਕ ਰੋਬੋਟਿਕ-ਅਸਿਸਟਡ ਸਰਜਰੀ ਤਕਨਾਲੋਜੀ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਿਵਲ ਸਰਜਨ ਪਟਿਆਲਾ ਡਾ. ਸ਼ੈਲੀ ਜੇਟਲੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਆਧੁਨਿਕ, ਗੁਣਵੱਤਾ-ਯੁਕਤ ਅਤੇ ਕਿਫਾਇਤੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਵਿੱਚ ਨਵੀਂ ਤਕਨਾਲੋਜੀ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ ਅਤੇ ਰੋਬੋਟਿਕ-ਅਸਿਸਟਡ ਸਰਜਰੀ ਇਸ ਦਿਸ਼ਾ ਵਿੱਚ ਇੱਕ ਵੱਡੀ ਉਪਲਬਧੀ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਰੋਬੋਟਿਕ ਤਕਨਾਲੋਜੀ ਦੀ ਮਦਦ ਨਾਲ ਕੀਤੀਆਂ ਜਾਣ ਵਾਲੀਆਂ ਆਰਥੋਪੈਡਿਕ ਸਰਜਰੀਆਂ ਪਹਿਲਾਂ ਨਾਲੋਂ ਵਧੇਰੇ ਸ਼ੁੱਧਤਾ, ਸੁਰੱਖਿਆ ਅਤੇ ਸਫਲਤਾ ਨਾਲ ਕੀਤੀਆਂ ਜਾ ਸਕਦੀਆਂ ਹਨ। ਇਸ ਤਕਨਾਲੋਜੀ ਨਾਲ ਮਰੀਜ਼ ਨੂੰ ਆਪਰੇਸ਼ਨ ਤੋਂ ਬਾਅਦ ਦਰਦ ਵੀ ਘੱਟ ਰਹਿੰਦਾ ਹੈ। ਇਸ ਦੇ ਨਾਲ ਹੀ ਮਰੀਜ਼ ਦੀ ਰਿਕਵਰੀ ਤੇਜ਼ੀ ਨਾਲ ਹੁੰਦੀ ਹੈ, ਜਿਸ ਕਾਰਨ ਉਹ ਆਮ ਜ਼ਿੰਦਗੀ ਵੱਲ ਜਲਦੀ ਵਾਪਸੀ ਕਰ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਲੋਕਾਂ ਵਿੱਚ ਇਹ ਧਾਰਨਾ ਬਣੀ ਹੋਈ ਹੈ ਕਿ ਰੋਬੋਟਿਕ ਸਰਜਰੀ ਬਹੁਤ ਮਹਿੰਗੀ ਹੁੰਦੀ ਹੈ, ਪਰ ਇਹ ਲਾਜ਼ਮੀ ਨਹੀਂ। ਇਸ ਤਕਨਾਲੋਜੀ ਦਾ ਉਦੇਸ਼ ਮਰੀਜ਼ਾਂ ਨੂੰ ਬਿਹਤਰ ਇਲਾਜ ਅਤੇ ਤੇਜ਼ ਸਿਹਤਯਾਬੀ ਪ੍ਰਦਾਨ ਕਰਨਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਸ ਸਹੂਲਤ ਨਾਲ ਪਟਿਆਲਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ ਅਤੇ ਉਨ੍ਹਾਂ ਨੂੰ ਅਜਿਹੇ ਇਲਾਜ ਲਈ ਦੂਜੇ ਮਹਾਂਨਗਰਾਂ ਦਾ ਰੁਖ ਨਹੀਂ ਕਰਨਾ ਪਵੇਗਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਸਿਹਤ ਸੇਵਾਵਾਂ ਦਾ ਇੱਕ ਮਹੱਤਵਪੂਰਨ ਕੇਂਦਰ ਬਣਦਾ ਜਾ ਰਿਹਾ ਹੈ ਅਤੇ ਇਸ ਨਵੀਂ ਸਹੂਲਤ ਨਾਲ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਹੋਰ ਨੇੜਲੇ ਰਾਜਾਂ ਦੇ ਮਰੀਜ਼ਾਂ ਨੂੰ ਵੀ ਉੱਚ ਪੱਧਰੀ ਇਲਾਜ ਦਾ ਲਾਭ ਮਿਲੇਗਾ। ਇਸ ਨਾਲ ਨਾ ਸਿਰਫ਼ ਖੇਤਰੀ ਸਿਹਤ ਢਾਂਚਾ ਮਜ਼ਬੂਤ ਹੋਵੇਗਾ, ਸਗੋਂ ਪੰਜਾਬ ਆਧੁਨਿਕ ਮੈਡੀਕਲ ਤਕਨਾਲੋਜੀ ਦੇ ਖੇਤਰ ਵਿੱਚ ਵੀ ਆਪਣੀ ਵੱਖਰੀ ਪਹਿਚਾਣ ਬਣਾਏਗਾ।



ਇਸ ਮੌਕੇ ਸਿਵਲ ਸਰਜਨ ਡਾ. ਸ਼ੈਲੀ ਜੇਟਲੀ ਨੇ ਕਿਹਾ ਕਿ ਰੋਬੋਟਿਕ-ਅਸਿਸਟਡ ਸਰਜਰੀ ਤਕਨਾਲੋਜੀ ਸਿਹਤ ਖੇਤਰ ਵਿੱਚ ਇੱਕ ਨਵਾਂ ਅਧਿਆਇ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਮਰੀਜ਼ਾਂ ਨੂੰ ਸੁਰੱਖਿਅਤ, ਭਰੋਸੇਯੋਗ ਅਤੇ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਸਮਾਗਮ ਦੌਰਾਨ ਸਿਹਤ ਵਿਭਾਗ ਦੇ ਅਧਿਕਾਰੀਆਂ, ਡਾਕਟਰਾਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸ਼ਿਰਕਤ ਕੀਤੀ। ਹਾਜ਼ਰ ਮਹਿਮਾਨਾਂ ਨੇ ਇਸ ਪਹਿਲ ਨੂੰ ਪੰਜਾਬ ਦੀ ਸਿਹਤ ਸੇਵਾਵਾਂ ਵਿੱਚ ਇੱਕ ਇਤਿਹਾਸਕ ਅਤੇ ਮੀਲ ਪੱਥਰ ਵਾਲਾ ਕਦਮ ਕਰਾਰ ਦਿੰਦਿਆਂ ਕਿਹਾ ਕਿ ਅਜਿਹੀਆਂ ਆਧੁਨਿਕ ਸਹੂਲਤਾਂ ਨਾਲ ਲੋਕਾਂ ਦਾ ਇਲਾਜ ਹੋਰ ਪ੍ਰਭਾਵਸ਼ਾਲੀ ਅਤੇ ਸੁਗਮ ਬਣੇਗਾ।

# ਐੱਚ.ਪੀ.ਵੀ.ਟੀਕੇ ਸੰਬੰਧੀ ਜਾਗਰੂਕਤਾ ਜਾਰੀ



**ਮਾਛੀਵਾੜਾ ਸਾਹਿਬ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਚ. ਪੀ. ਵੀ. ਟੀਕੇ ਸਬੰਧੀ ਜਾਗਰੂਕਤਾ ਨਿਰੰਤਰ ਜਾਰੀ ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਲਖਵਿੰਦਰ ਸਿੰਘ ਦੀ ਅਗਵਾਈ ਹੇਠ ਐਚ.ਪੀ.ਵੀ.ਟੀਕੇ ਸਬੰਧੀ ਜਾਗਰੂਕਤਾ ਨਿਰੰਤਰ ਜਾਰੀ ਹੈ। ਇਸ ਹੀ ਲੜੀ ਤਹਿਤ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਲੜਕੀਆਂ ਮਾਛੀਵਾੜਾ ਸਾਹਿਬ ਵਿਚ ਜਾਗਰੂਕਤਾ ਦਿੱਤੀ ਗਈ ।

ਐਸ. ਐਮ. ਓ. ਡਾ. ਲਖਵਿੰਦਰ ਸਿੰਘ ਨੇ ਸਕੂਲੀ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਐਚ.ਪੀ. ਵੀ. ਟੀਕਾ ਔਰਤਾਂ ਨੂੰ ਕੈਂਸਰ ਤੋਂ ਸੁਰੱਖਿਅਤ ਕਰਦਾ ਹੈ। ਗੁਰਜੀਤ ਕੌਰ ਏ.ਐਨ.ਐਮ. ਨੇ ਕਿਹਾ ਕਿ ਇਹ ਟੀਕਾ ਲੱਗਣ ਨਾਲ ਬੱਚੇਦਾਨੀ ਦੇ ਕੈਂਸਰ ਤੋਂ ਬਚਾਅ ਹੁੰਦਾ ਹੈ।ਪਰਦੀਪ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਐਚ. ਪੀ. ਵੀ. ਟੀਕਾ ਲੜਕੀਆਂ ਨੂੰ ਭੱਵਿਖ ਵਿਚ ਵੀ ਤੰਦਰੁਸਤ ਰੱਖਣ ਵਿਚ ਸਹਾਈ ਹੁੰਦਾ ਹੈ।

# 'ਮਾਵਾਂ ਧੀਆਂ' ਯੋਜਨਾ ਦੇ ਫਾਰਮ ਭਰਨ ਦੌਰਾਨ ਆਂਗਣਵਾੜੀ ਵਰਕਰ 'ਤੇ ਹਮਲਾ, ਮਾਂ-ਪੁੱਤ ਜ਼ਖ਼ਮੀ

**ਲਾਲੜੂ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨਜ਼ਦੀਕੀ ਪਿੰਡ ਬੜਾਣਾ ਦੀ ਆਂਗਣਵਾੜੀ ਵਰਕਰ ਗੁਰਦੀਪ ਕੌਰ ਨੇ ਦੋਸ਼ ਲਗਾਇਆ ਹੈ ਕਿ ਪੰਜਾਬ ਸਰਕਾਰ ਦੀ 'ਮਾਵਾਂ ਧੀਆਂ' ਸਕੀਮ ਤਹਿਤ ਪਿੰਡ ਵਾਸੀਆਂ ਦੇ ਫਾਰਮ ਔਨਲਾਈਨ ਅਪਲੋਡ ਕਰਨ ਦੌਰਾਨ ਕੁਝ ਲੋਕਾਂ ਵੱਲੋਂ ਉਸ ਅਤੇ ਉਸ ਦੇ ਪੁੱਤਰ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਪੀੜਤ ਵਰਕਰ ਮੁਤਾਬਕ, ਮੋਬਾਈਲ ਐਪ ਦੀ ਗਤੀ ਧੀਮੀ ਹੋਣ ਕਾਰਨ ਜਦੋਂ ਉਸ ਨੇ ਬਿਨੈਕਾਰਾਂ ਨੂੰ ਕੁਝ ਸਮਾਂ ਉਡੀਕ ਕਰਨ ਲਈ ਕਿਹਾ, ਤਾਂ ਇਸੇ ਗੱਲ ਤੋਂ ਖ਼ਫ਼ਾ ਹੋ ਕੇ ਕੁਝ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਦੇ ਅੰਦਰ ਵੜ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ।

**ਘਰ ਆ ਕੇ ਬੇਰਹਿਮੀ ਨਾਲ ਕੀਤੀ ਕੁੱਟਮਾਰ**

ਪ੍ਰਾਪਤ ਜਾਣਕਾਰੀ ਅਨੁਸਾਰ ਵਿਧਵਾ ਗੁਰਦੀਪ ਕੌਰ ਨੇ ਦੱਸਿਆ ਕਿ ਪਿੰਡ ਦੇ ਹੀ ਕੁਲਦੀਪ ਸਿੰਘ, ਉਸ ਦੀ ਪਤਨੀ ਬਲਜਿੰਦਰ ਕੌਰ, ਪੁੱਤਰ ਰਵਿੰਦਰ ਸਿੰਘ ਅਤੇ ਨੂੰਹ ਰਾਜਵਿੰਦਰ ਕੌਰ ਨੇ ਕਥਿਤ ਤੌਰ 'ਤੇ ਉਨ੍ਹਾਂ ਦੇ ਘਰ ਆ ਕੇ ਉਨ੍ਹਾਂ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ। ਇਸ ਅਚਨਚੇਤ ਹੋਏ ਹਮਲੇ ਵਿੱਚ ਉਹ ਅਤੇ ਉਸ ਦਾ ਪੁੱਤਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਹ ਜ਼ੇਰੇ-ਇਲਾਜ ਹਨ। ਗੁਰਦੀਪ ਕੌਰ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਤੁਰੰਤ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਘਟਨਾ ਦੀ ਵੀਡੀਓ ਅਤੇ ਸੀ.ਡੀ.ਪੀ.ਓ. ਦਫ਼ਤਰ ਨਾਲ ਸੰਬੰਧਿਤ ਵੀਡੀਓ ਵੀ ਸਬੂਤ ਵਜੋਂ ਪੁਲੀਸ ਨੂੰ ਸੌਂਪ ਦਿੱਤੀ ਗਈ ਹੈ।



**ਜਾਂਚ ਦੇ ਆਧਾਰ 'ਤੇ ਕੀਤੀ ਜਾਵੇਗੀ ਸਖ਼ਤ ਕਾਨੂੰਨੀ ਕਾਰਵਾਈ**

ਉਧਰ, ਖ਼ਬਰ ਲਿਖੇ ਜਾਣ ਤੱਕ ਪੁਲੀਸ ਵੱਲੋਂ ਇਸ ਸ਼ਿਕਾਇਤ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਸੀ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਪੜਤਾਲ ਦੇ ਆਧਾਰ 'ਤੇ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਦੂਜੇ ਪਾਸੇ, ਘਟਨਾ ਦੀ ਸੂਚਨਾ ਮਿਲਦੇ ਹੀ ਸੀ.ਡੀ.ਪੀ.ਓ. ਡੇਰਾਬੱਸੀ ਸੁਮਨ ਲਤਾ ਤੁਰੰਤ ਹਸਪਤਾਲ ਪੁੱਜੇ ਅਤੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ। ਉਨ੍ਹਾਂ ਨੇ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਸਾਰਾ ਮਾਮਲਾ ਲਿਆ ਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਅਤੇ ਬਣਦੀ ਕਾਰਵਾਈ ਕਰਨ ਦਾ ਪੂਰਾ ਭਰੋਸਾ ਦਿੱਤਾ।

# ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਲੋਕ ਭਲਾਈ ਲਈ ਇਤਿਹਾਸਕ ਫ਼ੈਸਲੇ ਲੈ ਰਹੀ ਹੈ : ਸੰਘੇੜਾ

**ਸਨੌਰ,8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਚ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਮਰ ਸੰਘੇੜਾ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮਾਤਾ-ਧੀਆਂ ਸਤਿਕਾਰ ਯੋਜਨਾ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਲੋਕ ਭਲਾਈ ਲਈ ਇਤਿਹਾਸਕ ਫ਼ੈਸਲੇ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਯੋਗ ਮਹਿਲਾਵਾਂ ਨੂੰ 3000 ਰੁਪਏ ਅਤੇ 4500 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਸਮਾਜ ਦੇ ਕਮਜ਼ੋਰ ਅਤੇ ਲੋੜਵੰਦ ਵਰਗ ਲਈ ਵੱਡੀ ਰਾਹਤ ਸਾਬਤ ਹੋਵੇਗੀ।

ਅਮਰ ਸੰਘੇੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾ ਮਹਿਲਾਵਾਂ ਦੇ ਸਸ਼ਕਤੀਕਰਨ, ਸਨਮਾਨ ਅਤੇ ਆਰਥਿਕ ਮਜ਼ਬੂਤੀ ਲਈ ਵਚਨਬੱਧ ਰਹੀ ਹੈ।

ਉਨ੍ਹਾਂ ਕਿਹਾ ਕਿ ਇਹ ਯੋਜਨਾ ਹਜ਼ਾਰਾਂ ਪਰਿਵਾਰਾਂ ਨੂੰ ਆਰਥਿਕ ਸਹਾਰਾ ਦੇਵੇਗੀ ਅਤੇ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਸਮਾਜਿਕ ਭਲਾਈ ਦੇ ਖੇਤਰਾਂ ਵਿੱਚ ਲਗਾਤਾਰ ਲੋਕ-ਪੱਖੀ ਫ਼ੈਸਲੇ ਲੈ ਰਹੀ ਹੈ, ਜਿਸ ਕਾਰਨ ਆਮ ਲੋਕਾਂ ਦਾ ਸਰਕਾਰ 'ਤੇ ਵਿਸ਼ਵਾਸ ਹੋਰ ਮਜ਼ਬੂਤ ਹੋਇਆ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਯੋਜਨਾ ਦੀਆਂ ਸ਼ਰਤਾਂ ਅਨੁਸਾਰ ਵੱਧ ਤੋਂ ਵੱਧ ਯੋਗ ਲਾਭਪਾਤਰੀ ਇਸ ਦਾ ਲਾਭ ਜ਼ਰੂਰ ਪ੍ਰਾਪਤ ਕਰਨ।

# ਪਾਕਿਸਤਾਨ 'ਚ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਢਾਹੁਣ ਦੀ ਘਟਨਾ ਦੀ ਭਾਜਪਾ ਵੱਲੋਂ ਸਖ਼ਤ ਨਿੰਦਾ



**ਲੁਧਿਆਣਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪਾਕਿਸਤਾਨ ਦੇ ਸ਼ੇਖੂਪੁਰਾ ਜ਼ਿਲ੍ਹੇ ਦੇ ਫਾਰੂਕਾਬਾਦ ਵਿਖੇ ਸਥਿਤ ਕਰੀਬ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਢਾਹੇ ਜਾਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਧਾਰਮਿਕ ਅਸਥਾਨ 'ਤੇ ਹਮਲਾ ਨਹੀਂ, ਸਗੋਂ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਮਿਟਾਉਣ ਦੀ ਕੋਸ਼ਿਸ਼ ਹੈ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪਾਕਿਸਤਾਨ ਕੋਲ ਸਖ਼ਤ ਕੂਟਨੀਤਿਕ ਵਿਰੋਧ ਦਰਜ ਕਰਵਾਇਆ ਹੈ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ, ਗੁਰਦੁਆਰੇ ਦੇ ਮੁੜ ਨਿਰਮਾਣ ਅਤੇ ਉੱਥੇ ਮੌਜੂਦ ਸਾਰੇ ਸਿੱਖ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਰਜਨੀਸ਼ ਧੀਮਾਨ ਨੇ ਕਿਹਾ ਕਿ ਭਾਜਪਾ ਵਿਸ਼ਵ ਭਰ ਵਿੱਚ ਸਿੱਖ ਅਤੇ ਹਿੰਦੂ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਅਤੇ ਸਨਮਾਨ ਲਈ ਵਚਨਬੱਧ ਹੈ। ਉਨ੍ਹਾਂ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਵੀ ਇਸ ਮਾਮਲੇ ਦਾ ਨੋਟਿਸ ਲੈ ਕੇ ਪਾਕਿਸਤਾਨ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕਦਮ ਚੁੱਕਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਮਹਾਂਮੰਤਰੀ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ, ਮਹੇਸ਼ ਸ਼ਰਮਾ, ਡਾ. ਨਿਰਮਲ ਨੱਯਰ, ਡਾ. ਸਤੀਸ਼ ਕੁਮਾਰ, ਸਰਦਾਰ ਤਰਨਜੀਤ ਸਿੰਘ ਅਤੇ ਹੋਰ ਭਾਜਪਾ ਆਗੂ ਹਾਜ਼ਰ ਸਨ।

# 30 ਸਤੰਬਰ ਤੱਕ ਕਈ ਨਾਗਰਿਕ ਸੇਵਾਵਾਂ ਦੀ ਫੀਸ ਮੁਆਫ਼, ਵੋਟਰ ਰਿਵੀਜ਼ਨ ਪ੍ਰਕਿਰਿਆ ਹੋਵੇਗੀ ਹੋਰ ਸੁਖਾਲੀ : ਡਿਪਟੀ ਕਮਿਸ਼ਨਰ

**ਲੁਧਿਆਣਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਮੁਹਿੰਮ ਨੂੰ ਆਸਾਨ ਬਣਾਉਣ ਲਈ 30 ਸਤੰਬਰ, 2026 ਤੱਕ ਜਾਤੀ, ਰਿਹਾਇਸ਼ ਅਤੇ ਜਨਮ ਸਰਟੀਫਿਕੇਟਾਂ ਸਮੇਤ ਦਸਵੀਂ ਅਤੇ ਬਾਰ੍ਹਵੀਂ ਦੇ ਡੁਪਲੀਕੇਟ ਸਰਟੀਫਿਕੇਟ ਜਾਰੀ ਕਰਨ ਵਰਗੀਆਂ ਕਈ ਨਾਗਰਿਕ ਸੇਵਾਵਾਂ 'ਤੇ ਸਰਕਾਰੀ ਫੀਸ ਅਤੇ ਸੁਵਿਧਾ ਖਰਚੇ ਮੁਆਫ਼ ਕਰ ਦਿੱਤੇ ਹਨ।




ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਸੇਵਾ ਕੇਂਦਰਾਂ, ਘਰ ਦੇ ਨੇੜੇ ਉਪਲਬਧ ਨਾਗਰਿਕ ਸੇਵਾਵਾਂ ਅਤੇ ਆਨਲਾਈਨ ਪੋਰਟਲ ਰਾਹੀਂ ਬਿਨਾਂ ਕਿਸੇ ਵਾਧੂ ਫੀਸ ਦੇ ਮਿਲਣਗੀਆਂ। ਉਨ੍ਹਾਂ ਕਿਹਾ ਕਿ ਇਹ ਫੈਸਲਾ ਨਾਗਰਿਕਾਂ ਲਈ ਵੱਡੀ ਰਾਹਤ ਸਾਬਤ ਹੋਵੇਗਾ ਅਤੇ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਸੁਖਾਲਾ ਬਣਾਏਗਾ।

# ਮਗਨਰੇਗਾ ਨੂੰ ਬਚਾਉਣ ਲਈ ਅੰਦੋਲਨ ਦੀ ਤਿਆਰੀ ਲਈ ਸਿਆਸੀ ਪਾਰਟੀਆਂ ਹੋਈਆਂ ਇਕਜੁੱਟ; ਮਗਨਰੇਗਾ ਨੂੰ ਬਚਾਉਣ ਲਈ ਕਿਸਾਨੀ ਅੰਦੋਲਨ ਵਾਂਗ ਹੋਵੇ ਅੰਦੋਲਨ

**ਪਟਿਆਲਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਗੰਭੀਰ ਮੁੱਦਿਆਂ 'ਤੇ ਲਗਾਤਾਰ ਸੰਘਰਸ਼ ਕਰ ਰਹੀ ਜਥੇਬੰਦੀ 'ਪਿੰਡ ਬਚਾਓ, ਪੰਜਾਬ ਬਚਾਓ' ਵੱਲੋਂ ਅੱਜ ਪਟਿਆਲਾ ਦੇ ਪ੍ਰਭਾਤ ਪਰਵਾਨਾ ਭਵਨ ਵਿਖੇ ÷ਮਨਰੇਗਾ ਦੇ ਸੰਦਰਭ ਵਿੱਚ ਕਿਰਤ ਤੇ ਸਮਾਜਿਕ ਸੁਰੱਖਿਆ÷ ਵਿਸ਼ੇ 'ਤੇ ਵਿਸ਼ਾਲ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ, ਸਮਾਜਿਕ ਜਥੇਬੰਦੀਆਂ, ਮਜ਼ਦੂਰ ਸੰਗਠਨਾਂ, ਬੁੱਧੀਜੀਵੀਆਂ ਅਤੇ ਵੱਡੀ ਗਿਣਤੀ ਵਿੱਚ ਮਨਰੇਗਾ ਮਜ਼ਦੂਰਾਂ ਨੇ ਹਿੱਸਾ ਲਿਆ।



ਸੈਮੀਨਾਰ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਡਾ. ਅਮਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਇਆਲੀ, ਸੀਪੀਆਈ ਦੇ ਸੀਨੀਅਰ ਆਗੂ ਕਾਮਰੇਡ ਹਰਦੇਵ ਅਰਸ਼ੀ, ਸਾਬਕਾ ਵਿਧਾਇਕ ਤਰਸੇਮ ਜੋਧਾਂ, ਸੀਨੀਅਰ ਪੱਤਰਕਾਰ ਹਮੀਰ ਸਿੰਘ, ਡਾ. ਪਿਆਰਾ ਲਾਲ ਗਰਗ, ਡਾਕਟਰ ਖੁਸ਼ਹਾਲ ਸਿੰਘ, ਅਬਦੁਲ ਸਕੂਰ ਮਲੇਰਕੋਟਲਾ , ਜਗਦੀਸ਼ ਰਾਮ ਰੋਪੜ, ਮਨਪ੍ਰੀਤ ਕੌਰ ਰਾਜਪੁਰਾ, ਡੈਮੋਕ੍ਰੇਟਿਕ ਮਨਰੇਗਾ ਫਰੰਟ ਦੀ ਆਗੂ ਸੂਬਾ ਪ੍ਰਧਾਨ ਰਾਜ ਕੁਮਾਰ , ਹਰਪਾਲ ਕੌਰ ਟਿੱਬੀ ਸਮੇਤ ਕਈ ਆਗੂਆਂ ਨੇ ਆਪਣੇ ਵਿਚਾਰ ਰੱਖੇ।

ਸੈਮੀਨਾਰ ਵਿੱਚ ਵੱਖ-ਵੱਖ ਵਿਚਾਰਧਾਰਾਵਾਂ ਨਾਲ ਸੰਬੰਧਿਤ ਆਗੂਆਂ ਨੇ ਇੱਕ ਸੁਰ ਵਿੱਚ ਕਿਹਾ ਕਿ ਮਨਰੇਗਾ ਕਾਨੂੰਨ ਵਿੱਚ ਕੀਤੀਆਂ ਤਬਦੀਲੀਆਂ ਸਿਰਫ਼ ਮਜ਼ਦੂਰਾਂ 'ਤੇ ਹਮਲਾ ਨਹੀਂ, ਸਗੋਂ ਭਾਰਤ ਦੇ ਸੰਘੀ ਢਾਂਚੇ, ਪੰਚਾਇਤੀ ਰਾਜ ਪ੍ਰਣਾਲੀ ਅਤੇ ਪਿੰਡਾਂ ਦੀ ਖੁਦਮੁਖਤਿਆਰੀ 'ਤੇ ਵੀ ਗੰਭੀਰ ਹਮਲਾ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਦੀ ਬਹਾਲੀ ਲਈ ਕਿਸਾਨ ਅੰਦੋਲਨ ਵਰਗਾ ਵਿਆਪਕ ਅਤੇ ਸਾਂਝਾ ਲੋਕ ਅੰਦੋਲਨ ਖੜ੍ਹਾ ਕਰਨ ਦੀ ਲੋੜ ਹੈ।

ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਮਨਰੇਗਾ ਸਿਰਫ਼ ਰੁਜ਼ਗਾਰ ਦੀ ਸਕੀਮ ਨਹੀਂ ਸੀ, ਸਗੋਂ ਇਸ ਰਾਹੀਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਨੂੰ ਵਿਕਾਸ ਯੋਜਨਾਵਾਂ ਤਿਆਰ ਕਰਨ ਦਾ ਅਧਿਕਾਰ ਮਿਲਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਨਵੇਂ ਪ੍ਰਬੰਧਾਂ ਤਹਿਤ ਇਹ ਅਧਿਕਾਰ ਕੇਂਦਰ ਕੋਲ ਚਲਾ ਗਿਆ ਹੈ, ਜਿਸ ਨਾਲ ਸਥਾਨਕ ਲੋਕਤੰਤਰ ਕਮਜ਼ੋਰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਨੇ ਪਿੰਡਾਂ ਦੀਆਂ ਔਰਤਾਂ ਨੂੰ ਸਵੈਮਾਣ ਨਾਲ ਜੀਵਨ ਜਿਊਣ ਦਾ ਮੌਕਾ ਦਿੱਤਾ ਸੀ, ਪਰ ਹੁਣ ਉਹ ਹੱਕ ਵੀ ਖੋਹਿਆ ਜਾ ਰਿਹਾ ਹੈ।

ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਮਨਰੇਗਾ ਨੇ ਪੰਜਾਬ ਦੀਆਂ ਲੱਖਾਂ ਔਰਤਾਂ ਨੂੰ ਰੁਜ਼ਗਾਰ ਦੇ ਕੇ ਆਰਥਿਕ ਤੌਰ 'ਤੇ ਖੁਦਮੁਖਤਿਆਰ ਬਣਾਇਆ। ਉਨ੍ਹਾਂ ਇਲਜ਼ਾਮ ਲਾਇਆ ਕਿ ਕੇਂਦਰ ਸਰਕਾਰ ਨੇ ਇਸ ਯੋਜਨਾ ਨੂੰ ਬੋਝ ਸਮਝ ਕੇ ਇਸ ਦਾ ਸਰੂਪ ਹੀ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪ੍ਰਬੰਧਕੀ ਖਰਚਾ ਕੇਂਦਰ ਸਰਕਾਰ ਪੂਰਾ ਕਰਦੀ ਸੀ ਪਰ ਹੁਣ 60:40 ਦੇ ਅਨੁਪਾਤ ਨਾਲ ਸੂਬਿਆਂ 'ਤੇ ਵੱਡਾ ਵਿੱਤੀ ਬੋਝ ਪਾ ਦਿੱਤਾ ਗਿਆ ਹੈ, ਜਿਸ ਕਾਰਨ ਇਹ ਸਕੀਮ ਹੌਲੀ-ਹੌਲੀ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੀਆਂ ਵਿਰੋਧੀ ਧਿਰਾਂ ਨੂੰ ਇਕੱਠੇ ਹੋ ਕੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਸੀਪੀਆਈ ਦੇ ਸੀਨੀਅਰ ਆਗੂ ਕਾਮਰੇਡ ਹਰਦੇਵ ਅਰਸ਼ੀ ਨੇ ਕਿਹਾ ਕਿ ਮਨਰੇਗਾ ਦੁਨੀਆ ਦੀ ਸਭ ਤੋਂ ਵੱਡੀ ਰੁਜ਼ਗਾਰ ਗਾਰੰਟੀ ਯੋਜਨਾ ਰਹੀ ਹੈ ਅਤੇ ਇਸ ਦੀ ਸਿਰਜਣਾ ਵਿੱਚ ਖੱਬੇਪੱਖੀ ਧਿਰਾਂ ਦੀ ਮਹੱਤਵਪੂਰਨ ਭੂਮਿਕਾ ਰਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਲੋਕ ਭਲਾਈ ਵਾਲੇ ਕਾਨੂੰਨਾਂ ਨੂੰ ਬਦਲ ਕੇ ਕਾਰਪੋਰੇਟ ਹਿੱਤਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮਨਰੇਗਾ ਤਹਿਤ ਔਸਤਨ 38 ਦਿਨ ਦਾ ਰੁਜ਼ਗਾਰ ਮਿਲ ਰਿਹਾ ਹੈ, ਜਦਕਿ ਦੇਸ਼ ਦੀ ਔਸਤ 50 ਦਿਨ ਅਤੇ ਕੇਰਲ ਵਿੱਚ 66 ਦਿਨ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਲੋੜ ਹੈ, ਨਾ ਕਿ ਪੂਰੀ ਸਕੀਮ ਨੂੰ ਹੀ ਖਤਮ ਕਰਨ ਦੀ।

ਸਾਬਕਾ ਵਿਧਾਇਕ ਤਰਸੇਮ ਜੋਧਾਂ ਨੇ ਕਿਹਾ ਕਿ ਮਨਰੇਗਾ ਦੀ ਲੜਾਈ ਸਿਰਫ਼ ਮਜ਼ਦੂਰਾਂ ਦੀ ਨਹੀਂ, ਸਗੋਂ ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਪੂਰੇ ਪੰਜਾਬ ਦੀ ਲੜਾਈ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਗੈਰਹਾਜ਼ਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਲੋਕਾਂ ਦੇ ਹੱਕਾਂ ਦੀ ਲੜਾਈ ਵਿੱਚ ਸਾਰੀਆਂ ਧਿਰਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕੋਈ ਸਿਆਸੀ ਆਗੂ ਨਹੀਂ, ਸਗੋਂ ਪੰਜਾਬ ਦੇ ਲੋਕ ਹੀ ਬਚਾ ਸਕਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਰੁਜ਼ਗਾਰ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਅਤੇ ਖੁਰਾਕ ਸੁਰੱਖਿਆ ਵਰਗੇ ਕਾਨੂੰਨ ਲੋਕਾਂ ਦੇ ਸੰਵਿਧਾਨਕ ਹੱਕਾਂ ਦੀ ਨੀਂਹ ਹਨ। ਉਨ੍ਹਾਂ ਕਿਹਾ ਕਿ ਜੀਐਸਟੀ ਤੋਂ ਬਾਅਦ ਸੂਬਿਆਂ ਦੀ ਵਿੱਤੀ ਖੁਦਮੁਖਤਿਆਰੀ ਕਮਜ਼ੋਰ ਹੋ ਗਈ ਹੈ ਅਤੇ ਕੇਂਦਰ ਸੂਬਿਆਂ ਨੂੰ ਸਿਰਫ਼ ਯੋਜਨਾਵਾਂ ਲਾਗੂ ਕਰਨ ਵਾਲੀ ਏਜੰਸੀ ਬਣਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਕੀਮ ਵਿੱਚ ਤਬਦੀਲੀ ਕਰਨੀ ਸੀ ਤਾਂ ਪਹਿਲਾਂ ਸਾਰੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਮੌਜੂਦਾ ਪ੍ਰਬੰਧਾਂ ਨਾਲ ਪੰਜਾਬ ਵਿੱਚ ਮਨਰੇਗਾ ਪੂਰੀ ਤਰ੍ਹਾਂ ਬੰਦ ਹੋ ਸਕਦੀ ਹੈ।

ਪਿੰਡ ਬਚਾਓ ਪੰਜਾਬ ਬਚਾਓ ਦੇ ਆਗੂ ਮਨਪ੍ਰੀਤ ਕੌਰ ਰਾਜਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪਹਿਲਾਂ ਪਿੰਡ-ਪਿੰਡ ਜਾ ਕੇ ਮਨਰੇਗਾ ਦੇ ਹੱਕ ਵਿੱਚ ਦਸਤਖ਼ਤ ਕਰਵਾਏ ਪਰ ਬਾਅਦ ਵਿੱਚ ਖੁਦ ਹੀ ਇਸ ਦੀਆਂ ਤਬਦੀਲੀਆਂ ਨੂੰ ਲਾਗੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਦੀ ਯੋਜਨਾ ਬਣਾਉਣ ਦਾ ਅਧਿਕਾਰ ਕੇਂਦਰ ਕੋਲ ਚਲਾ ਜਾਣਾ ਪਿੰਡਾਂ ਦੀ ਖੁਦਮੁਖਤਿਆਰੀ ਲਈ ਘਾਤਕ ਹੈ।

ਡੈਮੋਕ੍ਰੇਟਿਕ ਮਨਰੇਗਾ ਫਰੰਟ ਦੀ ਆਗੂ ਹਰਪਾਲ ਕੌਰ ਟਿੱਬੀ ਨੇ ਕਿਹਾ ਕਿ ਪੰਜਾਬ ਵਿੱਚ ਹਾਲੇ ਲੋਕ ਮਨਰੇਗਾ ਕਾਨੂੰਨ ਬਾਰੇ ਜਾਗਰੂਕ ਹੋ ਹੀ ਰਹੇ ਸਨ ਕਿ ਇਸ ਦਾ ਸਰੂਪ ਹੀ ਬਦਲ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਨਵੇਂ ਕਾਨੂੰਨ ਨੂੰ ਰੱਦ ਕਰਕੇ ਮਨਰੇਗਾ ਕਾਨੂੰਨ ਨੂੰ ਪਹਿਲਾਂ ਵਾਲੇ ਰੂਪ ਵਿੱਚ ਬਹਾਲ ਕੀਤਾ ਜਾਵੇ। ਕਾਂਗਰਸ ਦੇ ਸੰਸਦ ਮੈਂਬਰ ਡਾ.ਅਮਰ ਸਿੰਘ ਨੇ ਕਿਹਾ ਕਿ ਮਨਰੇਗਾ ਕਾਨੂੰਨ ਉਨ੍ਹਾਂ ਦੇ ਦਿਲ ਦੇ ਬਹੁਤ ਨੇੜੇ ਹੈ ਕਿਉਂਕਿ ਉਨ੍ਹਾਂ ਦਾ ਆਪਣਾ ਪਰਿਵਾਰ ਵੀ ਮਜ਼ਦੂਰੀ ਨਾਲ ਜੁੜਿਆ ਰਿਹਾ ਹੈ।

# ਸਤਲੁਜ ਫ਼ਿਲਮ ਨੂੰ OTT ਤੋਂ ਹਟਾਉਣ ਪਿੱਛੇ ਰਵਨੀਤ ਬਿੱਟੂ ਦਾ ਹੱਥ: ਆਪ ਦਾ ਵੱਡਾ ਇਲਜ਼ਾਮ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ Satluj ਨੂੰ OTT ਪਲੇਟਫਾਰਮ ZEEE ਤੋਂ ਹਟਾਏ ਜਾਣ ਦੇ ਤਿੰਨ ਦਿਨਾਂ ਬਾਅਦ, ਆਮ ਆਦਮੀ ਪਾਰਟੀ (AAP) ਨੇ ਇੱਕ ਵੱਡਾ ਦਾਅਵਾ ਕੀਤਾ ਹੈ। 'ਆਪ' ਦਾ ਆਰੋਪ ਹੈ ਕਿ ਇਸ ਫ਼ਿਲਮ ਨੂੰ ਹਟਵਾਉਣ ਦੇ ਪਿੱਛੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਹੱਥ ਹੈ।

ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ, ਦੀਪਕ ਬਾਲੀ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਫ਼ਿਲਮ ਦੇਖੀ ਹੈ ਅਤੇ ਇਸ ਵਿੱਚ ਭਾਰਤੀ ਜਨਤਾ ਪਾਰਟੀ (BJP) ਦੇ ਖ਼ਿਲਾਫ਼ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ, ÷ਅਸਲ ਵਿੱਚ ਇਸ ਫ਼ਿਲਮ ਵਿੱਚ ਕਾਂਗਰਸ ਦੀ ਮਾੜੀ ਤਸਵੀਰ ਦਿਖਾਈ ਗਈ ਹੈ, ਇਸ ਲਈ ਫ਼ਿਲਮ ਨੂੰ ਰੋਕਣ ਦਾ ਕੋਈ ਕਾਰਨ ਨਹੀਂ ਬਣਦਾ ਸੀ। ਇਸ ਤੋਂ ਮੈਂ ਦੋ ਨਤੀਜਿਆਂ 'ਤੇ ਪਹੁੰਚਦਾ ਹਾਂ।

ਨਿਊਯਾਰਕ ਵਿੱਚ ਮੌਜੂਦ ਦੀਪਕ ਬਾਲੀ ਨੇ ਆਰੋਪ ਲਾਇਆ, ਫ਼ਿਲਮ ਖ਼ਿਲਾਫ਼ ਕੇਂਦਰ ਦੀ ਇਹ ਕਾਰਵਾਈ ਸਾਫ਼ ਇਸ਼ਾਰਾ ਕਰਦੀ ਹੈ ਕਿ ਕਾਂਗਰਸ ਅਤੇ ਭਾਜਪਾ ਕਈ ਮੁੱਦਿਆਂ 'ਤੇ ਮਿਲ ਕੇ ਕੰਮ ਕਰ ਰਹੀਆਂ ਹਨ। ਮੇਰਾ ਦੂਜਾ ਅਤੇ ਸਭ ਤੋਂ ਵੱਡਾ ਨਤੀਜਾ ਇਹ ਹੈ ਕਿ ਬਿੱਟੂ ਨੇ ਕੇਂਦਰ ਸਰਕਾਰ ਰਾਹੀਂ ਇਸ ਫ਼ਿਲਮ ਨੂੰ ਰੁਕਵਾਇਆ ਹੈ। ਫ਼ਿਲਮ ਵਿੱਚ ਪੰਜਾਬ ਦੇ ਅਤਿਵਾਦ ਦੇ ਕਾਲੇ ਦੌਰ ਦੌਰਾਨ ਉਨ੍ਹਾਂ ਦੇ ਦਾਦਾ ਅਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਭੂਮਿਕਾ ਨੂੰ ਦਿਖਾਇਆ ਗਿਆ ਹੈ, ਜੋ ਸ਼ਾਇਦ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ।÷ ਦੱਸ ਦੇਈਏ ਕਿ ਫ਼ਿਲਮ ਵਿੱਚ ਬੇਅੰਤ ਸਿੰਘ ਦੇ ਕਤਲ ਦਾ ਦ੍ਰਿਸ਼ ਵੀ ਦਿਖਾਇਆ ਗਿਆ ਹੈ, ਜਿਸ ਬਾਰੇ ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਇਸ ਕਤਲ ਦੀ ਵਡਿਆਈ (ਗਲੋਰੀਫਾਈ) ਕਰਦਾ ਪ੍ਰਤੀਤ ਹੁੰਦਾ ਹੈ।

# ਚੰਪਤ ਰਾਏ ਅਤੇ ਅਨਿਲ ਮਿਸ਼ਰਾ ਹੁਣ ਟਰੱਸਟੀ ਨਹੀਂ: ਰਾਮ ਮੰਦਰ ਟਰੱਸਟ

**ਅਯੁੱਧਿਆ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਚੰਪਤ ਰਾਏ ਅਤੇ ਅਨਿਲ ਮਿਸ਼ਰਾ ਦੇ ਅਸਤੀਫ਼ੇ ਸੋਮਵਾਰ ਨੂੰ ਮਨਜ਼ੂਰ ਹੋਣ ਤੋਂ ਬਾਅਦ ਉਹ ਹੁਣ ਟਰੱਸਟ ਦੇ ਮੈਂਬਰ ਨਹੀਂ ਰਹੇ।

ਟਰੱਸਟ ਨੇ ਦੱਸਿਆ ਕਿ ਸੇਵਾਮੁਕਤ ਆਈਐੱਫਓਐੱਸ ਅਧਿਕਾਰੀ ਕ੍ਰਿਸ਼ਨਾ ਮੋਹਨ ਨੂੰ ਫਿਲਹਾਲ ਅੰਤਰਿਮ ਮਹਾਂ ਸਕੱਤਰ ਨਿਯੁਕਤ ਕੀਤਾ ਗਿਆ ਹੈ। 22 ਜੁਲਾਈ ਦੀ ਬੈਠਕ ਵਿੱਚ ਉਨ੍ਹਾਂ ਨੂੰ ਸਥਾਈ ਮਹਾਂ ਸਕੱਤਰ ਬਣਾਉਣ ਅਤੇ ਹੋਰ ਖਾਲੀ ਅਹੁਦਿਆਂ 'ਤੇ ਨਿਯੁਕਤੀਆਂ ਬਾਰੇ ਫੈਸਲਾ ਲਿਆ ਜਾ ਸਕਦਾ ਹੈ।



ਜ਼ਿਕਰਯੋਗ ਹੈ ਕਿ ਟਰੱਸਟ ਨੇ ਦਾਨ ਰਾਸ਼ੀ ਵਿੱਚ ਕਥਿਤ ਗਬਨ ਦੇ ਦੋਸ਼ਾਂ ਦਰਮਿਆਨ ਚੰਪਤ ਰਾਏ ਅਤੇ ਅਨਿਲ ਮਿਸ਼ਰਾ ਦੇ ਅਸਤੀਫ਼ੇ ਮਨਜ਼ੂਰ ਕੀਤੇ ਸਨ। ਨਾਲ ਹੀ ਪ੍ਰਸ਼ਾਸਨਿਕ ਅਤੇ ਵਿੱਤੀ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਦੀ ਨਿਯੁਕਤੀ ਅਤੇ ਦਾਨ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ।

# ਕੇਂਦਰ ਸਰਕਾਰ ਕਰੇਗੀ ਫ਼ਿਲਮ ਸਤਲੁਜ ਦੀ ਸਮੀਖਿਆ ਕੇਂਦਰ ਵੱਲੋਂ ਅੰਤਰ ਵਿਭਾਗੀ ਕਮੇਟੀ ਦਾ ਗਠਨ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੀ ਇੱਕ ਉੱਚ-ਪੱਧਰੀ ਅੰਤਰ-ਵਿਭਾਗੀ ਕਮੇਟੀ ਵੱਲੋਂ ਦਿਲਜੀਤ ਦੋਸਾਂਝ ਦੀ ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਅਧਾਰਿਤ ਬਣੀ ਫ਼ਿਲਮ 'ਸਤਲੁਜ' ਦੀ ਸਮੀਖਿਆ ਕਰੇਗੀ। ਪੰਜਾਬ ਚੋਂ ਇਸ ਫ਼ਿਲਮ 'ਤੇ ਪਾਬੰਦੀ ਨੂੰ ਲੈ ਕੇ ਉੱਠੇ ਰੋਹ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਆਪਣੇ ਫ਼ੈਸਲੇ 'ਤੇ ਮੁੜ ਗ਼ੌਰ ਕਰਨ ਲਈ ਕਦਮ ਉਠਾਏ ਹਨ। ਅੰਤਰ ਵਿਭਾਗੀ ਕਮੇਟੀ ਹੁਣ ਇਨਫਰਮੇਸ਼ਨ ਟੈਕਨਾਲੋਜੀ ਐਕਟ ਦੀ ਧਾਰਾ 69ਏ ਤਹਿਤ ਸਮੀਖਿਆ ਕਰੇਗੀ।






ਯਾਦ ਰਹੇ ਕਿ ਫ਼ਿਲਮ ਸਤਲੁਜ ਨੂੰ ਓਟੀਟੀ ਪਲੇਟਫ਼ਾਰਮ ਤੋਂ ਐਤਵਾਰ ਦੀ ਰਾਤ ਨੂੰ ਹਟਾ ਦਿੱਤਾ ਗਿਆ ਸੀ ਜਿਸ ਮਗਰੋਂ ਪੰਜਾਬ 'ਚ ਸਿਆਸੀ ਮਾਹੌਲ ਵੀ ਗਰਮਾ ਗਿਆ ਸੀ। ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਦੀਆਂ ਜ਼ਮੀਨੀ ਪ੍ਰਸਥਿਤੀਆਂ ਨੂੰ ਦੇਖਦਿਆਂ ਕੇਂਦਰ ਸਰਕਾਰ ਤੱਕ ਪਹੁੰਚ ਬਣਾਈ ਸੀ ਅਤੇ ਇਸ ਫ਼ਿਲਮ ਦੇ ਮਾਮਲੇ 'ਤੇ ਮੁੜ ਗ਼ੌਰ ਕਰਨ ਲਈ ਕਿਹਾ ਸੀ। ਆਗਾਮੀ ਪੰਜਾਬ ਚੋਣਾਂ ਦੇ ਮੱਦੇਨਜ਼ਰ ਭਾਜਪਾ ਹੁਣ ਪੰਜਾਬ ਦੀ ਬਹੁਤੀ ਨਰਾਜ਼ਗੀ ਝੱਲਣ ਦੇ ਰੌਅ 'ਚ ਨਹੀਂ ਹੈ।

ਕੇਂਦਰ ਸਰਕਾਰ ਦੇ ਨਵੇਂ ਫ਼ੈਸਲੇ ਮਗਰੋਂ ਹੁਣ ਇਸ ਫ਼ਿਲਮ ਤੋਂ ਪਾਬੰਦੀ ਹਟਣ ਦੀ ਸੰਭਾਵਨਾ ਵੀ ਬਣ ਸਕਦੀ ਹੈ। ਇਸ ਤੋਂ ਪਹਿਲਾਂ ਭਾਜਪਾ ਦੇ ਬੁਲਾਰੇ ਆਰ ਪੀ ਸਿੰਘ ਨੇ ਵੀ ਫ਼ਿਲਮ 'ਤੇ ਪਾਬੰਦੀ ਲਗਾਏ ਜਾਣ ਦੀ ਸਮੀਖਿਆ ਕੀਤੇ ਜਾਣ ਦੀ ਗੱਲ ਕਹੀ ਸੀ। ਦੱਸਣਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਵੱਲੋਂ 1980-90 ਦੇ ਦਹਾਕੇ ਵਿੱਚ ਪੰਜਾਬ ਦੇ ਕਾਲੇ ਦੌਰ ਦੌਰਾਨ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਗੈਰ-ਕਾਨੂੰਨੀ ਸੰਸਕਾਰ ਦਾ ਮੁੱਦਾ ਚੁੱਕਿਆ ਸੀ।

# ਜਕਾਰਤਾ ਨੂੰ 'ਬ੍ਰਹਮੋਸ ਮਿਜ਼ਾਈਲਾਂ' ਸਪਲਾਈ ਕਰੇਗਾ ਭਾਰਤ




**ਨਵੀਂ ਦਿੱਲੀ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਤੇ ਇੰਡੋਨੇਸ਼ੀਆ ਵਿਚਾਲੇ ਦੁਵੱਲੇ ਅਤੇ ਰੱਖਿਆ ਸਬੰਧਾਂ ਨੂੰ ਹੋਰ ਮਜ਼ਬੂਤ ਕਰਦਿਆਂ ਅੱਜ ਇੱਕ ਵੱਡਾ ਫੈਸਲਾ ਲਿਆ ਗਿਆ ਹੈ, ਜਿਸ ਤਹਿਤ ਭਾਰਤ ਹੁਣ ਇੰਡੋਨੇਸ਼ੀਆਈ ਫੌਜ ਨੂੰ ਸੁਪਰਸੋਨਿਕ 'ਬ੍ਰਹਮੋਸ ਮਿਜ਼ਾਈਲਾਂ' ਸਪਲਾਈ ਕਰੇਗਾ। ਮੰਗਲਵਾਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਾਬੋਵੋ ਸੁਬੀਆਨਤੋ ਵਿਚਾਲੇ ਜਕਾਰਤਾ ਵਿਖੇ ਹੋਈ ਇੱਕ ਉੱਚ-ਪੱਧਰੀ ਬੈਠਕ ਦੌਰਾਨ ਇਹ ਅਹਿਮ ਸਹਿਮਤੀ ਬਣੀ। ਇਸ ਦੇ ਨਾਲ ਹੀ ਦੋਵਾਂ ਦੇਸ਼ਾਂ ਨੇ ਸਮੁੰਦਰੀ ਸੁਰੱਖਿਆ ਨੂੰ ਹੁਲਾਰਾ ਦੇਣ ਅਤੇ ਮਹੱਤਵਪੂਰਨ ਖਣਿਜਾਂ (ਕ੍ਰਿਟੀਕਲ ਮਿਨਰਲਜ਼) ਦੀ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਵਰਗੇ ਅਹਿਮ ਫੈਸਲਿਆਂ 'ਤੇ ਮੋਹਰ ਲਗਾਈ।

ਦੋਵਾਂ ਨੇਤਾਵਾਂ ਦੀ ਮੌਜੂਦਗੀ ਵਿੱਚ ਵੱਖ-ਵੱਖ ਖੇਤਰਾਂ ਜਿਵੇਂ ਕਿ ਤਕਨਾਲੋਜੀ, ਖੁਰਾਕ ਸੁਰੱਖਿਆ, ਦਵਾਈਆਂ, ਸਮੁੰਦਰੀ ਵਪਾਰ ਅਤੇ ਅਹਿਮ ਖਣਿਜਾਂ ਬਾਰੇ ਲਗਭਗ ਇੱਕ ਦਰਜਨ ਅਹਿਮ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ। ਪ੍ਰਧਾਨ ਮੰਤਰੀ ਮੋਦੀ ਸੋਮਵਾਰ ਨੂੰ ਆਪਣੇ ਤਿੰਨ ਦੇਸ਼ਾਂ ਦੇ ਦੌਰੇ ਦੇ ਪਹਿਲੇ ਪੜਾਅ ਤਹਿਤ ਜਕਾਰਤਾ ਪਹੁੰਚੇ ਸਨ, ਜਿੱਥੇ ਉਨ੍ਹਾਂ ਦਾ ਰੈੱਡ-ਕਾਰਪੇਟ ਵਿਛਾ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਹ ਦੌਰਾ ਸਾਲ 2018 ਵਿੱਚ ਦੋਵਾਂ ਦੇਸ਼ਾਂ ਵਿਚਾਲੇ ਹੋਈ 'ਵਿਆਪਕ ਰਣਨੀਤਕ ਭਾਈਵਾਲੀ' (Comprehensive Strategic Partnership) ਦੇ ਤਹਿਤ ਸੁਰੱਖਿਆ ਅਤੇ ਵਪਾਰਕ ਸਹਿਯੋਗ ਨੂੰ ਵਧਾਉਣ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

# ਬਜ਼ੁਰਗਾਂ ਦੇ ਮਾਣ-ਸਤਿਕਾਰ ਅਤੇ ਸੁਰੱਖਿਆ ਲਈ ਮੋਹਾਲੀ 'ਚ ਬਣੇਗਾ ਆਧੁਨਿਕ ਬਿਰਧ ਆਸ਼ਰਮ: ਡਾ. ਬਲਜੀਤ ਕੌਰ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਜ਼ੁਰਗਾਂ ਨੂੰ ਸੁਰੱਖਿਅਤ ਅਤੇ ਸਨਮਾਨਜਨਕ ਜੀਵਨ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਪੁੱਟਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਇੱਕ ਆਧੁਨਿਕ ਬਿਰਧ ਆਸ਼ਰਮ (ਸੀਨੀਅਰ ਸਿਟੀਜ਼ਨ ਹੋਮ) ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਸਰਕਾਰੀ ਮਲਕੀਅਤ ਅਤੇ ਪ੍ਰਬੰਧਨ ਅਧੀਨ ਬਣਨ ਵਾਲੇ ਇਸ ਆਸ਼ਰਮ ਲਈ ਗਮਾਡਾ ਵੱਲੋਂ ਸੈਕਟਰ-78 ਵਿਖੇ 2.92 ਏਕੜ ਜ਼ਮੀਨ ਅਲਾਟ ਕਰ ਦਿੱਤੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਅਤੇ ਉਨ੍ਹਾਂ ਦੇ ਸਤਿਕਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਾਡੇ ਬਜ਼ੁਰਗ ਸਾਡਾ ਸਰਮਾਇਆ ਅਤੇ ਮਾਰਗਦਰਸ਼ਕ ਹਨ, ਅਤੇ ਜ਼ਿੰਦਗੀ ਦੇ ਇਸ ਪੜਾਅ 'ਤੇ ਉਨ੍ਹਾਂ ਦੀ ਦੇਖਭਾਲ ਕਰਨਾ ਸਰਕਾਰ ਦਾ ਸਭ ਤੋਂ ਪਹਿਲਾ ਫ਼ਰਜ਼ ਹੈ।

ਸੂਬੇ ਦੇ ਮੁਖੀ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਦਿਆਂ ਡਾ. ਬਲਜੀਤ ਕੌਰ ਨੇ ਭਾਵੁਕ ਹੋ ਕੇ ਕਿਹਾ: ਸਾਡੀ ਸਰਕਾਰ ਸਿਰਫ਼ ਇੱਟ-ਪੱਥਰ ਦੀਆਂ ਇਮਾਰਤਾਂ ਨਹੀਂ ਬਣਾ ਰਹੀ, ਸਗੋਂ ਇੱਕ ਅਜਿਹਾ 'ਸੁਰੱਖਿਅਤ ਘਰ' ਤਿਆਰ ਕਰ ਰਹੀ ਹੈ ਜਿੱਥੇ ਬੇਸਹਾਰਾ ਬਜ਼ੁਰਗਾਂ ਨੂੰ ਆਪਣਾਪਨ, ਮਾਣ-ਸਤਿਕਾਰ ਅਤੇ ਪਰਿਵਾਰ ਵਰਗਾ ਨਿੱਘ ਮਿਲ ਸਕੇ।ਮੁੱਖ ਮੰਤਰੀ ਦਾ ਸਪੱਸ਼ਟ ਪ੍ਰਣ ਹੈ ਕਿ ਪੰਜਾਬ ਦੇ ਕਿਸੇ ਵੀ ਬਜ਼ੁਰਗ ਨੂੰ ਉਮਰ ਦੇ ਇਸ ਪੜਾਅ 'ਤੇ ਇਕੱਲਾਪਣ ਜਾਂ ਲਾਚਾਰੀ ਦੇ ਹੰਝੂ ਨਾ ਬਹਾਉਣੇ ਪੈਣ, ਬਲਕਿ ਉਨ੍ਹਾਂ ਦੇ ਚਿਹਰੇ 'ਤੇ ਮੁਸਕਾਨ ਲਿਆਉਣਾ ਸਾਡਾ ਮੁੱਖ ਫ਼ਰਜ਼ ਹੈ। ਇਹ ਆਸ਼ਰਮ ਉਨ੍ਹਾਂ ਲਈ ਇੱਕ ਮਜ਼ਬੂਤ ਸਹਾਰਾ ਬਣੇਗਾ।



ਕੰਮ ਦੀ ਪ੍ਰਗਤੀ ਬਾਰੇ ਦੱਸਦਿਆਂ ਮੰਤਰੀ ਨੇ ਅੱਗੇ ਕਿਹਾ ਕਿ ਪ੍ਰੋਜੈਕਟ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ ਲਈ ਐਸਟੇਟ ਅਫਸਰ (ਪਲਾਟਸ), ਗਮਾਡਾ, ਪੂਡਾ ਭਵਨ, ਮੋਹਾਲੀ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ।

# ਸਤਲੁਜ ਫ਼ਿਲਮ 'ਤੇ ਪਾਬੰਦੀ ਲਗਾਉਣਾ ਸੱਚ ਅਤੇ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ 'ਤੇ ਹਮਲਾ: ਜਥੇਦਾਰ ਗੜਗੱਜ

**ਅੰਮ੍ਰਿਤਸਰ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਉੱਤੇ ਬਣੀ ਫ਼ਿਲਮ ਸਤਲੁਜ ਦਾ ਪ੍ਰਸਾਰਣ ਭਾਰਤ ਅੰਦਰ ਰੋਕਣ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ ਵਿਚਾਰਾਂ ਦੀ ਅਜ਼ਾਦੀ ਨੂੰ ਦਬਾਉਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸੰਸਾਰ ਵਿੱਚ ਵਿਚਾਰ ਦੇਣ ਦੀ ਖੁੱਲ੍ਹ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੀ ਗੱਲ ਵੀ ਵੱਡੇ ਪੱਧਰ ਉੱਤੇ ਹੁੰਦੀ ਹੈ ਤਾਂ ਦੇਸ਼ ਅੰਦਰ ਘੱਟ-ਗਿਣਤੀ ਸਿੱਖਾਂ ਵਿਰੁੱਧ ਕੀਤੇ ਗਏ ਤਸ਼ੱਦਦ ਨੂੰ ਦੁਨੀਆ ਦੇ ਸਾਹਮਣੇ ਆਉਣ ਤੋਂ ਰੋਕਣਾ ਗ਼ੈਰ-ਸੰਵਿਧਾਨਕ ਅਤੇ ਧੱਕੇ ਵਾਲੀ ਕਾਰਵਾਈ ਹੈ।



ਜਥੇਦਾਰ ਗੜਗੱਜ ਨੇ ਕਿਹਾ ਕਿ 1990 ਦੇ ਦਹਾਕੇ ਅੰਦਰ ਜਦੋਂ ਸਿੱਖ ਨੌਜਵਾਨਾਂ ਦਾ ਕਤਲੇਆਮ ਅਤੇ ਝੂਠੇ ਪੁਲੀਸ ਮੁਕਾਬਲੇ ਕੀਤੇ ਗਏ ਤਾਂ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਨੇ ਸੰਘਰਸ਼ ਅਤੇ ਮਿਹਨਤ ਨਾਲ ਕਤਲ ਕੀਤੇ ਨੌਜਵਾਨਾਂ ਦੇ ਵੇਰਵੇ ਇਕੱਤਰ ਕਰਕੇ ਦੁਨੀਆ ਦੇ ਸਾਹਮਣੇ ਰੱਖੇ। ਉਨ੍ਹਾਂ ਕਿਹਾ ਕਿ ਭਾਈ ਖਾਲੜਾ ਦੀ ਕਹਾਣੀ ਮਨੁੱਖੀ ਅਧਿਕਾਰਾਂ ਦੀ ਹੋਈ ਵੱਡੀ ਉਲੰਘਣਾ ਨੂੰ ਉਜਾਗਰ ਕਰਦੀ ਹੈ ਅਤੇ ਸੱਚ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ, ਉਹ ਹਮੇਸ਼ਾ ਸਾਹਮਣੇ ਆ ਕੇ ਹੀ ਰਹਿੰਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਅੱਜ ਜਦੋਂ ਦੇਸ਼ ਅੰਦਰ ਵੱਖ-ਵੱਖ ਭਾਈਚਾਰਿਆਂ ਖ਼ਾਸਕਰ ਬਹੁ-ਗਿਣਤੀ ਉੱਤੇ ਹੋਏ ਤਸ਼ੱਦਦ ਬਾਰੇ ਫ਼ਿਲਮਾਂ ਅਜ਼ਾਦੀ ਨਾਲ ਦਿਖਾਈਆਂ ਜਾ ਸਕਦੀਆਂ ਹਨ ਤਾਂ ਘੱਟ-ਗਿਣਤੀ ਸਿੱਖਾਂ ਉੱਤੇ ਹੋਏ ਤਸ਼ੱਦਦ ਬਾਰੇ ਫ਼ਿਲਮ ਦੀ ਅਵਾਜ਼ ਦਬਾਉਣਾ ਬਿਲਕੁਲ ਉਚਿਤ ਨਹੀਂ।

ਜਥੇਦਾਰ ਨੇ ਕਿਹਾ ਕਿ ਸਰਕਾਰ ਨੂੰ ਦਿਲ ਵੱਡਾ ਕਰਦਿਆਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਉਜਾਗਰ ਕੀਤਾ ਸੱਚ ਦੇਸ਼ ਵਾਸੀਆਂ ਦੇ ਸਾਹਮਣੇ ਆਉਣ ਦੇਣਾ ਚਾਹੀਦਾ ਹੈ ਅਤੇ ਸਤਲੁਜ ਫ਼ਿਲਮ ਦਾ ਪ੍ਰਸਾਰਣ ਹੋਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੱਚ ਤੋਂ ਜਿੰਨਾ ਦੂਰ ਭੱਜਿਆ ਜਾਵੇ, ਸੱਚ ਓਨੇ ਹੀ ਜ਼ੋਰ ਨਾਲ ਦੁਨੀਆ ਦੇ ਸਾਹਮਣੇ ਪ੍ਰਤੱਖ ਹੁੰਦਾ ਹੈ। ਲੋਕਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਜੁਰਮ ਕਰਨ ਵਾਲਾ ਕਦੇ ਵੀ ਬਚ ਨਹੀਂ ਸਕਦਾ। ਜਥੇਦਾਰ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੇ ਝੂਠੇ ਪੁਲੀਸ ਮੁਕਾਬਲਿਆਂ ਦਾ ਸੱਚ ਹੌਲੀ ਹੌਲੀ ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਰਾਹੀਂ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ ਅਦਾਲਤ ਵੱਲੋਂ ਹੁਣ ਤੱਕ ਬਹੁਤ ਸਾਰੇ ਪੰਜਾਬ ਪੁਲੀਸ ਦੇ ਅਧਿਕਾਰੀਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਦੇ ਕੇਸਾਂ ਵਿੱਚ ਦੋਸ਼ੀ ਠਹਿਰਾ ਕੇ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਹਨ, ਇਸ ਲਈ ਸਰਕਾਰ ਨੂੰ ਸਿੱਖਾਂ ਅਤੇ ਪੰਜਾਬ ਪ੍ਰਤੀ ਆਪਣੀ ਪਹੁੰਚ ਬਦਲਣ ਦੀ ਲੋੜ ਹੈ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਟਾਫ਼ ਦੇ ਬਕਾਇਆ ਹੱਕਾਂ ਦੇ ਨਿਪਟਾਰੇ ਨੂੰ ਅਦਾਲਤ ਦੀ ਮਨਜ਼ੂਰੀ, ਡੀਐਸਜੀਐਮਸੀ ਦੀ ਨੀਅਤ 'ਤੇ ਲੱਗੀ ਮੋਹਰ: ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਰਕਿੰਗ ਅਤੇ ਸੇਵਾਮੁਕਤ ਸਟਾਫ਼ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਤਨਖ਼ਾਹਾਂ, ਗ੍ਰੈਚੁਟੀ ਅਤੇ ਹੋਰ ਬਕਾਇਆ ਹੱਕਾਂ ਦੇ ਨਿਪਟਾਰੇ ਲਈ ਡੀਐਸਜੀਐਮਸੀ ਵੱਲੋਂ ਤਿਆਰ ਕੀਤੇ ਐਮਓਯੂ ($ੳ") ਨੂੰ ਅਦਾਲਤ ਨੇ ਸਵੀਕਾਰ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੀਅਤ ਅਤੇ ਵਚਨਬੱਧਤਾ 'ਤੇ ਭਰੋਸਾ ਜਤਾਇਆ ਹੈ।ਇਸ ਮੌਕੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਵੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਕਾਲਕਾ ਨੇ ਦੱਸਿਆ ਕਿ ਲਗਭਗ 92 ਤੋਂ 93 ਫ਼ੀਸਦੀ ਸਟਾਫ਼ ਨੇ ਡੀਐਸਜੀਐਮਸੀ ਨਾਲ ਐਮਓਯੂ 'ਤੇ ਦਸਤਖ਼ਤ ਕਰਕੇ ਕਮੇਟੀ ਵੱਲੋਂ ਤਿਆਰ ਕੀਤੇ ਭੁਗਤਾਨ ਸ਼ਡਿਊਲ ਨੂੰ ਮਨਜ਼ੂਰੀ ਦਿੱਤੀ ਹੈ। ਇਸ ਸ਼ਡਿਊਲ ਅਧੀਨ ਸਾਲ 2020, 2021 ਅਤੇ 2022 ਸਮੇਤ ਲੰਬੇ ਸਮੇਂ ਤੋਂ ਬਕਾਇਆ ਰਹੀਆਂ ਰਕਮਾਂ ਨੂੰ ਪੜਾਅਵਾਰ ਅਦਾ ਕੀਤਾ ਜਾਵੇਗਾ।

ਕਾਲਕਾ ਨੇ ਕਿਹਾ ਕਿ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਕਰਮਚਾਰੀਆਂ ਨੇ ਐਮਓਯੂ ਸਵੀਕਾਰ ਕੀਤਾ ਹੈ, ਉਨ੍ਹਾਂ ਨੂੰ ਡੀਐਸਜੀਐਮਸੀ ਵੱਲੋਂ ਦਿੱਤੇ ਗਏ ਭਰੋਸੇ ਅਤੇ ਨਿਰਧਾਰਤ ਸਮਾਂ-ਸਾਰਣੀ ਅਨੁਸਾਰ ਉਨ੍ਹਾਂ ਦੇ ਬਣਦੇ ਹੱਕ ਹਰ ਹਾਲਤ ਵਿੱਚ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਅਦਾਲਤ ਨੇ ਉਨ੍ਹਾਂ ਲੋਕਾਂ ਨੂੰ ਵੀ ਤਾੜਨਾ ਕੀਤੀ ਜੋ ਵਾਰ-ਵਾਰ ਅਦਾਲਤ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਗੁਰੂ ਘਰ ਦੀਆਂ ਜਾਇਦਾਦਾਂ ਨੂੰ ਸੁਰੱਖਿਆ ਵਜੋਂ ਰੱਖਣ ਜਾਂ ਉਨ੍ਹਾਂ ਦੀ ਕੀਮਤ ਲਗਾਉਣ ਦੀ ਮੰਗ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਦਾਲਤ ਨੇ ਸਪੱਸ਼ਟ ਕੀਤਾ ਕਿ ਗੁਰੂ ਘਰ ਦੀਆਂ ਜਾਇਦਾਦਾਂ ਨਾ ਵੇਚੀਆਂ ਜਾ ਸਕਦੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਮਾਰਟਗੇਜ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਕਿਹਾ ਹੈ ਕਿ ਪਹਿਲਾਂ ਦਾਇਰ ਕੀਤੇ ਹਲਫ਼ਨਾਮੇ ਤੋਂ ਇਲਾਵਾ ਕਿਸੇ ਹੋਰ ਹਲਫ਼ਨਾਮੇ ਦੀ ਲੋੜ ਨਹੀਂ ਹੈ।

ਡੀਐਸਜੀਐਮਸੀ ਪ੍ਰਧਾਨ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਕਮੇਟੀ ਨੂੰ ਵੱਡੀ ਰਾਹਤ ਮਿਲੀ ਹੈ ਅਤੇ ਹੁਣ ਸਕੂਲਾਂ ਦੇ ਵਿੱਤੀ ਪ੍ਰਬੰਧ, ਬਜਟ ਅਤੇ ਬਕਾਇਆ ਰਕਮਾਂ ਦੇ ਭੁਗਤਾਨ ਲਈ ਪੂਰੀ ਸਪੱਸ਼ਟਤਾ ਮਿਲ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਮੇਟੀ 'ਤੇ ਵੱਡਾ ਵਿੱਤੀ ਭਾਰ ਆਇਆ ਹੈ, ਪਰ ਡੀਐਸਜੀਐਮਸੀ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟੇਗੀ ਅਤੇ ਹਰ ਕਰਮਚਾਰੀ ਨੂੰ ਉਸਦਾ ਬਣਦਾ ਹੱਕ ਦਿੱਤਾ ਜਾਵੇਗਾ।

ਸਰਦਾਰ ਕਾਲਕਾ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਹੁਣ ਜਦੋਂ ਵਿੱਤੀ ਸਥਿਤੀ ਪੂਰੀ ਤਰ੍ਹਾਂ ਸਪੱਸ਼ਟ ਹੋ ਚੁੱਕੀ ਹੈ ਤਾਂ ਸਕੂਲਾਂ ਦੇ ਵਿਕਾਸ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਦਸਵੰਧ ਅਤੇ ਆਰਥਿਕ ਸਹਿਯੋਗ ਦੇਣ

# ਹਰਿਆਣਾ ਵਿੱਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਸਰਕਾਰ ਵਚਨਬੱਧ : ਮੁੱਖ ਮੰਤਰੀ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਡਾ ਟੀਚਾ ਸਿਰਫ਼ ਤਗਮੇ ਜਿੱਤਣਾ ਨਹੀਂ, ਸਗੋਂ ਇੱਕ ਅਜਿਹਾ ਮਜ਼ਬੂਤ ਖੇਡ ਸੱਭਿਆਚਾਰ ਪੈਦਾ ਕਰਨਾ ਹੈ ਜਿੱਥੇ ਪ੍ਰਤਿਭਾ ਨੂੰ ਮੌਕਾ ਮਿਲੇ, ਮਿਹਨਤ ਨੂੰ ਸਨਮਾਨ ਮਿਲੇ ਅਤੇ ਹਰ ਨੌਜਵਾਨ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਵਿਸ਼ਵਾਸ ਮਿਲੇ। ਉਨ੍ਹਾਂ ਕਿਹਾ ਕਿ ਸਰਕਾਰ ਸਿਰਫ਼ ਇਨਾਮ ਨਹੀਂ ਦੇ ਰਹੀ, ਸਗੋਂ ਵਿਕਸਤ ਭਾਰਤ ਲਈ ਖੇਡ ਸ਼ਕਤੀ ਦੀ ਮਜ਼ਬੂਤ ਨੀਂਹ ਤਿਆਰ ਕਰ ਰਹੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੰਗਲਵਾਰ ਨੂੰ ਪੀਡਬਲਯੂਡੀ ਰੈਸਟ ਹਾਊਸ, ਪੰਚਕੂਲਾ ਦੇ ਆਡੀਟੋਰੀਅਮ ਸੈਕਟਰ-1 ਵਿੱਚ ਰਾਜ ਦੇ ਉੱਤਮ ਖਿਡਾਰੀਆਂ ਦੇ ਸਨਮਾਨ ਵਿੱਚ ਆਯੋਜਿਤ ਨਕਦ ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਵੀ ਮੌਜੂਦ ਸਨ।



ਇਸ ਮੌਕੇ ਮੁੱਖ ਮੰਤਰੀ ਨੇ ਰਾਜ ਦੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਦੇ ਪ੍ਰਮੁੱਖ ਖੇਡ ਮੁਕਾਬਲਿਆਂ ਵਿੱਚ ਤਗਮੇ ਜਿੱਤਣ ਵਾਲੇ ਅਤੇ ਹਿੱਸਾ ਲੈਣ ਵਾਲੇ 198 ਖਿਡਾਰੀਆਂ ਨੂੰ 20.59 ਕਰੋੜ ਰੁਪਏ ਦੀ ਨਕਦ ਇਨਾਮੀ ਰਕਮ ਦੇ ਕੇ ਸਨਮਾਨਿਤ ਕੀਤਾ। ਇਸ ਵਿੱਚ ਵਿਸ਼ਵ ਪੱਧਰੀ ਮੁਕਾਬਲਿਆਂ ਦੇ 117 ਖਿਡਾਰੀਆਂ ਨੂੰ 13.75 ਕਰੋੜ ਰੁਪਏ, ਪੈਰਾ ਏਸ਼ੀਅਨ ਖੇਡਾਂ 2022 ਦੇ 3 ਖਿਡਾਰੀਆਂ ਨੂੰ 2.32 ਕਰੋੜ ਰੁਪਏ ਅਤੇ ਰਾਸ਼ਟਰੀ ਪੱਧਰ ਦੇ 78 ਖਿਡਾਰੀਆਂ ਨੂੰ 4.52 ਕਰੋੜ ਰੁਪਏ ਦੀ ਇਨਾਮੀ ਰਕਮ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲਗਭਗ 12 ਸਾਲਾਂ ਵਿੱਚ ਸੂਬੇ ਦੇ 16,984 ਖਿਡਾਰੀਆਂ ਨੂੰ 709 ਕਰੋੜ ਰੁਪਏ ਦੀ ਨਕਦ ਇਨਾਮੀ ਰਕਮ ਦਿੱਤੀ ਗਈ ਹੈ। ਅੱਜ ਦੀ ਰਕਮ ਜੋੜ ਕੇ ਇਹ ਲਗਭਗ 730 ਕਰੋੜ ਰੁਪਏ ਬਣ ਜਾਂਦੀ ਹੈ।

ਮੁੱਖ ਮੰਤਰੀ ਨੇ ਸਨਮਾਨਿਤ ਖਿਡਾਰੀਆਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਤਗਮਾ ਜਿੱਤਣ ਦਾ ਪਲ ਭਾਵੇਂ ਕੁਝ ਮਿੰਟਾਂ ਦਾ ਹੀ ਹੁੰਦਾ ਹੈ, ਪਰ ਉਸ ਪਲ ਤੱਕ ਪਹੁੰਚਣ ਦਾ ਸਫ਼ਰ ਕਈ ਸਾਲਾਂ ਦੀ ਤਪੱਸਿਆ ਵਿੱਚੋਂ ਗੁਜ਼ਰਦਾ ਹੈ।

ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੀ ਮਿੱਟੀ ਨੇ ਅਜਿਹੇ ਖਿਡਾਰੀ ਪੈਦਾ ਕੀਤੇ ਹਨ, ਜਿਨ੍ਹਾਂ ਨੇ ਪੂਰੀ ਦੁਨੀਆ ਨੂੰ ਸਿਖਾਇਆ ਕਿ ਹਾਲਾਤ ਭਾਵੇਂ ਕਿੰਨੇ ਵੀ ਔਖੇ ਕਿਉਂ ਨਾ ਹੋਣ, ਜੇਕਰ ਇਰਾਦੇ ਬੁਲੰਦ ਹੋਣ ਤਾਂ ਇਤਿਹਾਸ ਬਦਲਿਆ ਜਾ ਸਕਦਾ ਹੈ।

ਉਨ੍ਹਾਂ ਮਿਲਖਾ ਸਿੰਘ, ਜਿਨ੍ਹਾਂ ਨੂੰ 'ਫਲਾਇੰਗ ਸਿੱਖ' ਵਜੋਂ ਵੀ ਜਾਣਿਆ ਜਾਂਦਾ ਹੈ, ਮੁਰਲੀਕਾਂਤ ਪੇਟਕਰ ਅਤੇ ਮੈਰੀ ਕੌਮ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਇਨ੍ਹਾਂ ਤਿੰਨਾਂ ਦੀ ਜੀਵਨ-ਯਾਤਰਾ ਸਾਨੂੰ ਇੱਕ ਹੀ ਗੱਲ ਸਿਖਾਉਂਦੀ ਹੈ ਕਿ ਚੁਣੌਤੀਆਂ ਹਰ ਕਿਸੇ ਦੇ ਜੀਵਨ ਵਿੱਚ ਆਉਂਦੀਆਂ ਹਨ, ਪਰ ਜੇਤੂ ਉਹੀ ਬਣਦਾ ਹੈ ਜੋ ਚੁਣੌਤੀਆਂ ਦੇ ਸਾਹਮਣੇ ਝੁਕਦਾ ਨਹੀਂ, ਉਨ੍ਹਾਂ ਨਾਲ ਲੜਦਾ ਹੈ। ਇਨ੍ਹਾਂ ਨੇ ਵਿਰੋਧੀ ਹਾਲਾਤਾਂ ਨੂੰ ਆਪਣੀ ਮੰਜ਼ਿਲ ਦਾ ਅੰਤ ਨਹੀਂ ਬਣਨ ਦਿੱਤਾ, ਸਗੋਂ ਉਸੇ ਨੂੰ ਆਪਣੀ ਸਭ ਤੋਂ ਵੱਡੀ ਤਾਕਤ, ਆਪਣੀ ਸਭ ਤੋਂ ਵੱਡੀ ਪ੍ਰੇਰਨਾ ਅਤੇ ਆਪਣੀ ਸਭ ਤੋਂ ਵੱਡੀ ਜਿੱਤ ਦਾ ਆਧਾਰ ਬਣਾ ਲਿਆ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਹਰਿਆਣਾ ਨੇ ਹਮੇਸ਼ਾ ਦੇਸ਼ ਨੂੰ ਅਜਿਹੇ ਖਿਡਾਰੀ ਦਿੱਤੇ ਹਨ, ਜਿਨ੍ਹਾਂ ਨੇ ਭਾਰਤ ਦਾ ਸਿਰ ਦੁਨੀਆ ਸਾਹਮਣੇ ਉੱਚਾ ਕੀਤਾ ਹੈ। ਦੇਸ਼ ਦੀ ਆਬਾਦੀ ਵਿੱਚ ਸਾਡਾ ਹਿੱਸਾ ਭਾਵੇਂ ਲਗਭਗ ਦੋ ਫੀਸਦੀ ਹੈ, ਪਰ ਭਾਰਤ ਲਈ ਜਿੱਤੇ ਗਏ ਤਗਮਿਆਂ ਵਿੱਚ ਹਰਿਆਣਾ ਦਾ ਯੋਗਦਾਨ ਇੱਕ-ਤਿਹਾਈ ਤੋਂ ਵੀ ਵੱਧ ਹੈ। ਪੈਰਿਸ ਓਲੰਪਿਕ ਹੋਵੇ, ਪੈਰਾਲੰਪਿਕ ਹੋਵੇ, ਏਸ਼ੀਅਨ ਖੇਡਾਂ ਹੋਣ ਜਾਂ ਕਾਮਨਵੈਲਥ ਖੇਡਾਂ, ਹਰ ਮੰਚ 'ਤੇ ਹਰਿਆਣਾ ਦੇ ਖਿਡਾਰੀਆਂ ਨੇ ਭਾਰਤ ਦਾ ਮਾਣ ਵਧਾਇਆ ਹੈ।

# ਬ਼ਗਾਵਤ ਵਿਚਾਲੇ ਬਘੇਲ ਵੱਲੋਂ ਮੀਟਿੰਗਾਂ ਦਾ ਦੌਰ ਸ਼ੁਰੂ: ਚੰਨੀ ਖੇਮੇ ਨੇ ਬਘੇਲ ਨੂੰ ਮਿਲਣ ਤੋਂ ਵੱਟਿਆ ਪਾਸਾ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ 'ਚ ਬਗ਼ਾਵਤ ਦਰਮਿਆਨ ਕਾਂਗਰਸ ਦੇ ਪੰਜਾਬ ਇੰਚਾਰਜ ਭੁਪੇਸ਼ ਬਘੇਲ ਨੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਨਾਲ ਇੱਥੇ ਕਾਂਗਰਸ ਭਵਨ 'ਚ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਬਘੇਲ ਦੇ ਪੰਜਾਬ ਦੌਰੇ ਦੇ ਦੂਜੇ ਦਿਨ ਚੰਨੀ ਖੇਮੇ ਨੇ ਇੱਕ ਤਰੀਕੇ ਨਾਲ ਲਕੀਰ ਖਿੱਚ ਦਿੱਤੀ ਹੈ ਤੇ ਬਘੇਲ ਨਾਲੋਂ ਦੂਰੀ ਬਣਾ ਲਈ ਹੈ। ਅੱਜ ਭੁਪੇਸ਼ ਬਘੇਲ ਨੇ ਸੀਨੀਅਰ ਕਾਂਗਰਸੀ ਆਗੂ ਰਾਜ ਕੁਮਾਰ ਵੇਰਕਾ ਨਾਲ ਵੀ ਮੁਲਾਕਾਤ ਕੀਤੀ। ਉਸ ਮਗਰੋਂ ਵੇਰਕਾ ਨੇ ਵੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਖੜਨ ਦੀ ਗੱਲ ਕੀਤੀ। ਚਰਨਜੀਤ ਚੰਨੀ ਦੇ ਦਿੱਲੀ ਵਿਖੇ ਹੋਣ ਦੀਆਂ ਖ਼ਬਰਾਂ ਹਨ।

**ਚੰਨੀ ਧੜੇ ਨੇ ਭੁਪੇਸ਼ ਬਘੇਲ ਨੂੰ ਨਾ ਮਿਲਣ ਦਾ ਲਿਆ ਪੈਂਤੜਾ**

ਅਹਿਮ ਸੂਤਰਾਂ ਅਨੁਸਾਰ ਚੰਨੀ ਧੜੇ ਨੇ ਭੁਪੇਸ਼ ਬਘੇਲ ਨੂੰ ਨਾ ਮਿਲਣ ਦਾ ਪੈਂਤੜਾ ਲਿਆ ਹੈ ਕਿਉਂਕਿ ਇਸ ਧੜੇ ਦੇ ਆਗੂ ਇਸ ਕਰਕੇ ਵੀ ਬਘੇਲ ਨਾਲ ਨਾਰਾਜ਼ ਹਨ ਕਿ ਬਘੇਲ ਨੇ ਕਦੇ ਵੀ ਉਨ੍ਹਾਂ ਨਾਲ ਗੱਲ ਕਰਨ ਨੂੰ ਪਹਿਲਾਂ ਤਰਜੀਹ ਨਹੀਂ ਦਿੱਤੀ ਸੀ। ਅੱਜ ਇੱਥੇ ਕਾਂਗਰਸ ਭਵਨ 'ਚ ਬਘੇਲ ਨੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਨਾਲ ਮੀਟਿੰਗ ਕੀਤੀ। ਲੰਘੇ ਕੱਲ੍ਹ ਭੁਪੇਸ਼ ਬਘੇਲ ਨੇ ਅਗਾਮੀ ਪੰਜਾਬ ਚੋਣਾਂ ਦੇ ਮੱਦੇਨਜ਼ਰ ਗਠਿਤ ਕੀਤੀਆਂ ਨਵੀਆਂ ਚਾਰ ਕਮੇਟੀਆਂ ਦੇ ਚੇਅਰਮੈਨਾਂ ਨਾਲ ਮੀਟਿੰਗ ਤੈਅ ਕੀਤੀ ਸੀ ਪ੍ਰੰਤੂ ਦੋ ਚੇਅਰਮੈਨ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਮੀਟਿੰਗ 'ਚ ਸ਼ਾਮਲ ਨਹੀਂ ਹੋਏ ਸਨ।

**ਦੋਵੇਂ ਚੇਅਰਮੈਨ ਕਿਸੇ ਰੁਝੇਵੇਂ 'ਚ ਨਾ ਹੋਣ ਕਰਕੇ ਨਹੀਂ ਆ ਸਕੇ: ਰਾਜਾ ਵੜਿੰਗ**

ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਸੀ ਕਿ ਦੋਵੇਂ ਚੇਅਰਮੈਨ ਕਿਸੇ ਰੁਝੇਵੇਂ 'ਚ ਨਾ ਹੋਣ ਕਰਕੇ ਨਹੀਂ ਆ ਸਕੇ। ਅੱਜ ਭੁਪੇਸ਼ ਬਘੇਲ ਵੱਲੋਂ ਪ੍ਰਦੇਸ਼ ਕਾਂਗਰਸ ਦੀ ਮੀਟਿੰਗ ਵੀ ਰੱਖੀ ਹੋਈ ਹੈ। ਮੌਜੂਦਾ ਪ੍ਰਸਿਥਤੀਆਂ ਤੋਂ ਜਾਪਦਾ ਹੈ ਕਿ ਪੰਜਾਬ ਕਾਂਗਰਸ ਵਿਚਲਾ ਕਲੇਸ਼ ਸੌਖੇ ਹੀ ਨਿਪਟਣ ਵਾਲਾ ਨਹੀਂ। ਅੱਜ ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਵਿਦੇਸ਼ ਤੋਂ ਪਰਤ ਰਹੇ ਹਨ ਤੇ ਉਨ੍ਹਾਂ ਵੱਲੋਂ ਪੰਜਾਬ ਕਾਂਗਰਸ ਦੇ ਰੱਫੜ ਨੂੰ ਨਜਿੱਠਣ ਲਈ ਖ਼ੁਦ ਕਮਾਂਡ ਸੰਭਾਲੀ ਜਾ ਸਕਦੀ ਹੈ।



# ਹਾਈ ਕੋਰਟ ਨੇ ਮੰਤਰੀ ਸੰਜੀਵ ਅਰੋੜਾ ਦੇ ਮਾਮਲੇ 'ਤੇ ਈਡੀ ਤੋਂ ਮੰਗੀ 'ਸਟੇਟਸ ਰਿਪੋਰਟ'

## ਗੁਰੂਗ੍ਰਾਮ ਦੀ ਅਦਾਲਤ ਵਿੱਚ ਵੀ ਹੁਣ 10 ਜੁਲਾਈ ਨੂੰ ਹੋਵੇਗੀ ਅਗਲੀ ਸੁਣਵਾਈ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੀ ਲਾਂਡਰਿੰਗ ਅਤੇ ਕਥਿਤ ਜੀਐਸਟੀ ਧੋਖਾਧੜੀ ਦੇ ਮਾਮਲੇ ਵਿੱਚ ਘਿਰੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਸੰਜੀਵ ਅਰੋੜਾ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਮੌਜੂਦਾ ਸਥਿਤੀ ਬਾਰੇ ਕੇਂਦਰੀ ਜਾਂਚ ਏਜੰਸੀ ਤੋਂ 'ਸਟੇਟਸ ਰਿਪੋਰਟ' ਮੰਗ ਲਈ ਹੈ।

ਦੂਜੇ ਪਾਸੇ, ਸੰਜੀਵ ਅਰੋੜਾ ਨਾਲ ਜੁੜੇ ਇਸੇ ਮਾਮਲੇ ਦੀ ਰੈਗੂਲਰ ਸੁਣਵਾਈ ਗੁਰੂਗ੍ਰਾਮ ਦੀ ਵਿਸ਼ੇਸ਼ ਅਦਾਲਤ ਵਿੱਚ ਵੀ ਚੱਲ ਰਹੀ ਹੈ। ਗੁਰੂਗ੍ਰਾਮ ਅਦਾਲਤ ਨੇ ਕੇਸ ਦੀ ਅਗਲੀ ਕਾਰਵਾਈ ਅਤੇ ਸੁਣਵਾਈ ਲਈ 10 ਜੁਲਾਈ ਦੀ ਤਾਰੀਖ਼ ਤੈਅ ਕੀਤੀ ਹੈ। ਜ਼ਿਕਰਯੋਗ ਹੈ ਕਿ ਈਡੀ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਸੰਜੀਵ ਅਰੋੜਾ ਫਿਲਹਾਲ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਦੇ ਬਚਾਅ ਪੱਖ ਵੱਲੋਂ ਲਗਾਤਾਰ ਅਦਾਲਤੀ ਰਾਹਤ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਈ.ਡੀ. ਅਨੁਸਾਰ, ਮੈਸਰਜ਼ ਐਚ.ਐਸ.ਆਰ.ਐਲ.ਨੇ 12 ਮਈ 2023 ਤੋਂ 27 ਅਕਤੂਬਰ 2023 ਦਰਮਿਆਨ ਕਈ ਸਥਾਨਕ ਅਤੇ ਵਿਦੇਸ਼ੀ ਕੰਪਨੀਆਂ ਨੂੰ ਲਗਭਗ 157.12 ਕਰੋੜ ਰੁਪਏ ਦੇ ਮੋਬਾਈਲ ਫੋਨਾਂ ਦੀ ਵਿਕਰੀ ਦਿਖਾਈ ਸੀ। ਇਸ ਵਿੱਚੋਂ ਕਰੀਬ 102.50 ਕਰੋੜ ਰੁਪਏ ਦੇ ਮੋਬਾਈਲ ਯੂ.ਏ.ਈ. ("15) ਸਥਿਤ ਦੋ ਫਰਮਾਂ ਮੈਸਰਜ਼ ਫੋਰਟਬੈਲ ਟੈਲੀਕਾਮ 6➢3® ਅਤੇ ਮੈਸਰਜ਼ ਡਰੈਗਨ ਗਲੋਬਲ 6➢3® ਨੂੰ ਐਕਸਪੋਰਟ ਕੀਤੇ ਗਏ ਸਨ।



ਮੈਸਰਜ਼ ਫੋਰਟਬੈਲ ਟੈਲੀਕਾਮ ਅਸਲ ਵਿੱਚ ਲੁਧਿਆਣਾ ਦੇ ਕਾਰੋਬਾਰੀ ਹੇਮੰਤ ਸੂਦ ਅਤੇ ਚੰਦਰ ਸ਼ੇਖਰ ਦੀ ਮੈਸਰਜ਼ ਫੋਰਟਬੈਲ ਗੈਜੇਟ ਪ੍ਰਾਈਵੇਟ ਲਿਮਟਿਡ ਨਾਲ ਸਬੰਧਤ ਸੰਸਥਾ ਹੈ, ਜੋ ਕਿ ਮੈਸਰਜ਼ ਫਾਈਂਡੋਕ ਫਿਨਵੈਸਟ ਪ੍ਰਾਈਵੇਟ ਲਿਮਟਿਡ ਰਾਹੀਂ ਐਚ.ਐਸ.ਆਰ.ਐਲ. ਨਾਲ ਜੁੜੇ ਹੋਏ ਹਨ। 9 ਮਈ ਦੀ ਸੁਣਵਾਈ ਦੌਰਾਨ ਈ.ਡੀ. ਨੇ ਇਹ ਵੀ ਖ਼ੁਲਾਸਾ ਕੀਤਾ ਸੀ ਕਿ ਐਚ.ਐਸ.ਆਰ.ਐਲ. ਨੇ 27.73 ਕਰੋੜ ਰੁਪਏ ਦੀ ਰਕਮ ਇੱਕ ਅਜਿਹੀ ਫਰਮ ਨੂੰ ਟਰਾਂਸਫਰ ਕੀਤੀ, ਜੋ ਇੱਕ ਦਿਹਾੜੀਦਾਰ ਮਜ਼ਦੂਰ ਦੇ ਨਾਂ 'ਤੇ ਰਜਿਸਟਰਡ ਸੀ।

17 ਅਪਰੈਲ ਨੂੰ ਫੇਮਾ (65$1) ਤਹਿਤ ਹੋਈ ਛਾਪੇਮਾਰੀ ਤੋਂ ਬਾਅਦ, 18 ਅਪਰੈਲ ਨੂੰ ਗੁਰੂਗ੍ਰਾਮ ਦੇ ਉਦਯੋਗ ਵਿਹਾਰ ਥਾਣੇ ਵਿੱਚ ਸੰਜੀਵ ਅਰੋੜਾ, ਉਨ੍ਹਾਂ ਦੇ ਬੇਟੇ ਕਾਵਿਆ, ਹੇਮੰਤ ਸੂਦ, ਚੰਦਰ ਸ਼ੇਖਰ ਅਤੇ ਸਬੰਧਤ ਕੰਪਨੀਆਂ ਖ਼ਿਲਾਫ਼ ਧੋਖਾਧੜੀ, ਜਾਅਲਸਾਜ਼ੀ, ਅਪਰਾਧਿਕ ਸਾਜ਼ਿਸ਼ ਅਤੇ ਸਬੂਤ ਮਿਟਾਉਣ ਦੇ ਦੋਸ਼ਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਈ.ਡੀ. ਨੇ 5 ਮਈ ਨੂੰ ਆਪਣੀ ਰਿਪੋਰਟ ਦਰਜ ਕੀਤੀ ਸੀ।

ਇਸ ਦੌਰਾਨ, ਸੰਜੀਵ ਅਰੋੜਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਹੈ। ਉਨ੍ਹਾਂ ਨੇ ਆਪਣੀ ਗ੍ਰਿਫ਼ਤਾਰੀ ਨੂੰ 'ਗ਼ੈਰ-ਕਾਨੂੰਨੀ ਅਤੇ ਸੰਵਿਧਾਨਕ ਸੁਰੱਖਿਆ ਨਿਯਮਾਂ ਦੇ ਉਲਟ' ਦੱਸਦਿਆਂ ਗੁਰੂਗ੍ਰਾਮ ਅਦਾਲਤ ਦੇ ਰਿਮਾਂਡ ਦੇ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

# ਬਾਬਾ ਮੱਖਣ ਸ਼ਾਹ ਲਬਾਣਾ ਅਤੇ ਬਾਬਾ ਲੱਖੀ ਸ਼ਾਹ ਬਣਜਾਰਾ ਦਾ ਜੀਵਨ ਤਿਆਗ, ਸੇਵਾ ਅਤੇ ਸਮਰਪਣ ਦੀ ਅਮਰ ਗਾਥਾ - ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਾਬਾ ਮੱਖਣ ਸ਼ਾਹ ਲਬਾਣਾ ਅਤੇ ਬਾਬਾ ਲੱਖੀ ਸ਼ਾਹ ਬਣਜਾਰਾ ਸਿਰਫ਼ ਦੋ ਨਾਮ ਨਹੀਂ, ਸਗੋਂ ਸਿੱਖ ਇਤਿਹਾਸ ਅਤੇ ਭਾਰਤੀ ਇਤਿਹਾਸ ਦੇ ਦੋ ਅਮਰ ਅਧਿਆਏ ਹਨ। ਉਨ੍ਹਾਂ ਨੇ ਤਿਆਗ ਨੂੰ ਧਰਮ, ਸੇਵਾ ਨੂੰ ਸੰਸਕਾਰ ਅਤੇ ਬਲੀਦਾਨ ਨੂੰ ਆਪਣੀ ਪਛਾਣ ਬਣਾਇਆ। ਅਜਿਹੀਆਂ ਦੋਵੇਂ ਮਹਾਨ ਸ਼ਖ਼ਸੀਅਤਾਂ ਦੇ ਚਰਨਾਂ ਵਿੱਚ ਉਹ ਸ਼ਰਧਾਪੂਰਵਕ ਨਮਨ ਕਰਦੇ ਹਨ।

ਮੁੱਖ ਮੰਤਰੀ ਮੰਗਲਵਾਰ ਨੂੰ ਸੰਤ ਕਬੀਰ ਕੁਟੀਰ ਵਿੱਚ ਆਯੋਜਿਤ 'ਸੰਤ-ਮਹਾਂਪੁਰਸ਼ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ' ਤਹਿਤ ਬਾਬਾ ਮੱਖਣ ਸ਼ਾਹ ਲਬਾਣਾ ਜੀ ਅਤੇ ਬਾਬਾ ਲੱਖੀ ਸ਼ਾਹ ਬਣਜਾਰਾ ਜੀ ਦੇ ਰਾਜ ਪੱਧਰੀ ਜੈਅੰਤੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਸਮ੍ਰਿਤੀ ਚਿੰਨ੍ਹ ਅਤੇ ਸਰੋਪਾ ਭੇਟ ਕਰਕੇ ਸਮਾਜ ਦੇ ਬੁੱਧੀਜੀਵੀਆਂ ਨੇ ਸਵਾਗਤ ਵੀ ਕੀਤਾ। ਪ੍ਰੋਗਰਾਮ ਦੌਰਾਨ ਬਣਜਾਰਾ ਸਮਾਜ ਦੇ ਨੁਮਾਇੰਦਿਆਂ ਨੇ 6 ਮੰਗਾਂ ਨਾਲ ਸਬੰਧਤ ਮੰਗ ਪੱਤਰ ਵੀ ਸੌਂਪਿਆ, ਜਿਸ 'ਤੇ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ। ਨਾਲ ਹੀ, ਉਨ੍ਹਾਂ ਨੇ ਐਲਾਨ ਕਰਦਿਆਂ ਕਿਹਾ ਕਿ ਪਿਹੋਵਾ ਵਿੱਚ ਮੱਖਣ ਸ਼ਾਹ ਲਬਾਣਾ ਧਰਮਸ਼ਾਲਾ ਲਈ ਦਿੱਤੀ ਗਈ ਜ਼ਮੀਨ ਨਾਲ ਸਬੰਧਤ ਕਾਰਵਾਈ ਤੇਜ਼ੀ ਨਾਲ ਪੂਰੀ ਕੀਤੀ ਜਾਵੇਗੀ, ਉੱਥੇ ਨਿਰਮਾਣ ਆਦਿ ਲਈ ਵੀ ਮੁੱਖ ਮੰਤਰੀ ਨੇ 31 ਲੱਖ ਰੁਪਏ ਦੀ ਰਕਮ ਦਿੱਤੀ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਦਤੌਲੀ ਪਿੰਡ ਵਿੱਚ ਕਮਿਊਨਿਟੀ ਸੈਂਟਰ ਬਣਾਉਣ ਦਾ ਐਲਾਨ ਵੀ ਕੀਤਾ, ਜਿਸ ਲਈ 31 ਲੱਖ ਰੁਪਏ ਦਿੱਤੇ ਗਏ। ਉਨ੍ਹਾਂ ਨੇ ਬਾਬਾ ਮੱਖਣ ਸ਼ਾਹ ਲਬਾਣਾ ਦੇ ਨਾਮ 'ਤੇ ਕਿਸੇ ਸੰਸਥਾ ਦਾ ਨਾਮ ਰੱਖਣ ਬਾਰੇ ਵੀ ਗੱਲ ਕੀਤੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਦੌਰਾਨ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਹਾਂਪੁਰਸ਼ ਕਿਸੇ ਇੱਕ ਜਾਤੀ, ਪੰਥ ਜਾਂ ਸਮਾਜ ਦੇ ਨਹੀਂ ਹੁੰਦੇ, ਸਗੋਂ ਪੂਰੇ ਰਾਸ਼ਟਰ ਦੀ ਸਾਂਝੀ ਵਿਰਾਸਤ ਹੁੰਦੇ ਹਨ। ਉਨ੍ਹਾਂ ਦੇ ਵਿਚਾਰ, ਸੰਸਕਾਰ ਅਤੇ ਇਤਿਹਾਸ ਸਿਰਫ਼ ਅਤੀਤ ਦੀ ਵਿਰਾਸਤ ਨਹੀਂ, ਸਗੋਂ ਨਵੇਂ ਭਾਰਤ ਅਤੇ ਨਵੇਂ ਯੁੱਗ ਦੀ ਪ੍ਰੇਰਨਾ ਹਨ। ਇਸ ਸੋਚ ਨਾਲ ਸੂਬਾ ਸਰਕਾਰ ਨੇ 'ਸੰਤ-ਮਹਾਂਪੁਰਸ਼ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ' ਸ਼ੁਰੂ ਕੀਤੀ ਹੈ, ਤਾਂ ਜੋ ਉਨ੍ਹਾਂ ਦੇ ਆਦਰਸ਼ ਅਤੇ ਸੰਦੇਸ਼ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚ ਸਕਣ। ਉਨ੍ਹਾਂ ਨੇ ਕਿਹਾ ਕਿ ਲੰਬੇ ਸਮੇਂ ਬਾਅਦ ਹਰਿਆਣਾ ਵਿੱਚ ਅਜਿਹੀ ਸਰਕਾਰ ਬਣੀ ਹੈ, ਜਿਸ ਨੇ ਮਹਾਂਪੁਰਸ਼ਾਂ ਨੂੰ ਸਨਮਾਨ ਦੇਣ ਦਾ ਕੰਮ ਕੀਤਾ ਹੈ, ਤਾਂ ਜੋ ਨਵੀਂ ਪੀੜ੍ਹੀ ਉਨ੍ਹਾਂ ਦੇ ਤਿਆਗ, ਤਪੱਸਿਆ ਅਤੇ ਕੁਰਬਾਨੀਆਂ ਦੇ ਇਤਿਹਾਸ ਨੂੰ ਜਾਣ ਸਕੇ।

# ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਭਾਈ ਤਾਰੂ ਸਿੰਘ ਜੀ

**ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**





ਧਰਮਿੰਦਰ ਸਿੰਘ ਚੱਬਾ

ਅਠਾਰਵੀਂ ਸਦੀ ਦੇ ਮਹਾਨ ਗੁਰਸਿੱਖ ਭਾਈ ਤਾਰੂ ਸਿੰਘ ਜੀ ਨੇ ਸੰਸਾਰ ਭਰ ਵਿਚ ਸ਼ਹੀਦੀ ਦੀ ਇਕ ਵੱਖਰੀ ਤੇ ਅਨੋਖੀ ਮਿਸਾਲ ਕਾਇਮ ਕਰਦਿਆਂ ਸਿੱਖੀ ਦਾ ਜੋ ਪਰਚਮ ਲਹਿਰਾਇਆ ਉਹ ਸਦਾ-ਸਦਾ ਲਈ ਰਹਿੰਦੀ ਦੁਨੀਆ ਤਕ ਜੱਗ 'ਤੇ ਝੂਲਦਾ ਰਹੇਗਾ ਤੇ ਉਨ੍ਹਾਂ ਦੀ ਕੁਰਬਾਨੀ ਦੀ ਯਾਦ ਦਿਵਾਉਂਦਾ ਰਹੇਗਾ। ਜ਼ਾਲਮ ਹੁਕਮਰਾਨ ਕਈ ਸਦੀਆਂ ਭੋਲੀ-ਭਾਲੀ ਜਨਤਾ ਨੂੰ ਲੁੱਟਦੇ, ਕੁੱਟਦੇ ਤੇ ਡੰਡੇ ਦੇ ਜ਼ੋਰ ਨਾਲ ਰਾਜ ਕਰਦੇ ਰਹੇ। ਗੁਰੂ ਨਾਨਕ ਦੇਵ ਜੀ ਦੇ ਹੌਸਲੇ ਅਤੇ ਨਿਡਰਤਾ ਨੇ ਦੱਬੇ ਕੁਚਲੇ ਲੋਕਾਂ ਨੂੰ ਅਹਿਸਾਸ ਕਰਵਾ ਕੇ ਉਨ੍ਹਾਂ ਵਿਚ ਨਵੀਂ ਰੂਹ ਫੂਕੀ। ਫਿਰ ਦੱਸਵੀਂ ਜੋਤ ਦੇ ਰੂਪ ਵਿਚ 1699 ਈ: ਨੂੰ ਵਿਸਾਖੀ ਵਾਲੇ ਦਿਨ ਖ਼ਾਲਸਾ ਸਾਜ ਕੇ ਖ਼ਾਲਸਾ ਫ਼ੌਜ ਸਥਾਪਿਤ ਕੀਤੀ। ਅੰਮ੍ਰਿਤ ਦੀ ਪਵਿੱਤਰ ਦਾਤ ਦੀ ਬਖਸ਼ਿਸ਼ ਕਰ ਕੇ ਖ਼ਾਲਸੇ ਨੂੰ ਜ਼ਾਲਮ ਤੇ ਜ਼ੁਲਮ ਦੇ ਵਿਰੁੱਧ ਟਕਰਾ ਕੇ ਸਵੈਮਾਣ ਤੇ ਅਣਖ ਦੇ ਰੰਗ ਵਿਚ ਐਸਾ ਰੰਗਿਆ ਕਿ ਜਿਨ੍ਹਾਂ ਨੇ ਆਪਣੇ ਫਰਜ਼ ਲਈ ਹਰ ਕਸ਼ਟ ਹੱਸ ਕੇ ਸਹਿ ਲਿਆ। ਆਪਣੇ ਫਰਜ਼ ਲਈ ਚਾਹੇ ਚਰੱਖੜੀਆਂ 'ਤੇ ਚੜਨਾ ਪਿਆ, ਬੰਦ-ਬੰਦ ਕਟਵਾਉਣੇ ਪਏ, ਪੁੱਠੀਆਂ ਖੱਲਾਂ ਲਵਾਉਣੀਆਂ ਪਈਆਂ, ਆਰਿਆ ਨਾਲ ਚੀਰੇ ਗਏ, ਕੀਮਾਂ-ਕੀਮਾਂ ਕੀਤੇ ਗਏ, ਨੇਜ਼ਿਆਂ 'ਤੇ ਟੰਗੇ ਗਏ, ਦੇਗਾਂ ਵਿਚ ਪਾ ਕੇ ਉਬਾਲੇ ਗਏ ਜਾਂ ਰੰਬੀ ਨਾਲ ਖੋਪਰੀਆਂ ਉਤਰਵਾਉਣੀਆਂ ਪਈਆਂ ਪਰ ਸੀ ਤਕ ਨਾ ਉਚਾਰੀ। ਸਿੱਖੀ ਸਿਦਕ ਤੋੜ ਤਕ ਨਿਭਿਆ। ਐਸੇ ਸਿੱਖ ਕੌਮ ਦੇ ਅਨਮੋਲ ਹੀਰਿਆਂ ਵਿਚ ਇਕ ਹੀਰਾ ਭਾਈ ਤਾਰੂ ਸਿੰਘ ਜੀ ਸਨ।

ਭਾਈ ਤਾਰੂ ਸਿੰਘ ਪਿੰਡ ਪੂਹਲਾ ਦਾ ਰਹਿਣ ਵਾਲਾ ਗੁਰਸਿੱਖ ਸੀ। ਇਤਿਹਾਸ ਵਿਚ ਆਉਂਦਾ ਹੈ ਕਿ ਭਾਈ ਤਾਰੂ ਸਿੰਘ ਛੋਟੇ ਕਿਸਾਨ ਸਨ। ਇਨ੍ਹਾਂ ਦੇ ਪਿਤਾ ਵੀ ਗੁਰੂ ਘਰ ਦੇ ਪ੍ਰੇਮੀ ਸਨ। ਉਹ ਮੁਕਤਸਰ ਸਾਹਿਬ ਦੀ ਲੜਾਈ ਵਿਚ ਸੂਬਾ ਸਰਹੰਦ ਦੀ ਫ਼ੌਜ ਨਾਲ ਲੜਦੇ ਸ਼ਹੀਦੀ ਜਾਮ ਪੀ ਗਏ ਸਨ। ਘਰ ਵਿਚ ਮਾਤਾ ਤੇ ਇਕ ਭੈਣ ਸੀ ਜੋ ਵਿਆਹੀ ਹੋਈ ਸੀ, ਪਰ ਉਸਦਾ ਪਤੀ ਗੁਜ਼ਰ ਚੁੱਕਾ ਸੀ ਤੇ ਉਹ ਵੀ ਆਪਣੇ ਭਰਾ ਤੇ ਮਾਂ ਕੋਲ ਹੀ ਰਹਿੰਦੀ ਸੀ। ਭਾਈ ਸਾਹਿਬ ਸ਼ਾਂਤ ਸੁਭਾਅ ਦੇ ਮਾਲਕ ਸਨ। ਸਦਾ ਉਸ ਪਰਮਾਤਮਾ ਦੀ ਬੰਦਗੀ ਹੀ ਉਨ੍ਹਾਂ ਦਾ ਧਰਮ ਕਰਮ ਸੀ। ਖੇਤਾਂ ਵਿਚ ਜੋ ਵਾਹੁੰਦੇ ਬੀਜਦੇ ਸਨ। ਉਹ ਸਰਬੱਤ ਦੇ ਭਲੇ ਲਈ ਲੰਗਰ ਲਾ ਛੱਡਣੇ ਇਸ ਗੁਰਸਿੱਖ ਦਾ ਨਿੱਤ ਦਾ ਕਰਮ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਤੇ ਮਾੜੇ ਦਿਨਾਂ ਦਾ ਬੋਲ-ਬਾਲਾ ਸੀ। ਉਸ ਸਮੇਂ ਹਕੂਮਤ ਨੇ ਸਿੱਖਾਂ ਦੇ ਨੱਕ ਵਿਚ ਦਮ ਕਰ ਰੱਖਿਆ ਹੋਇਆ ਸੀ। ਸਿੱਖ ਜੰਗਲਾਂ ਵਿਚ ਜਾ ਛੁਪੇ ਸਨ। ਭਾਈ ਸਾਹਿਬ ਜੋ ਕੁਝ ਕਮਾਉਂਦੇ ਸਨ। ਸਿੱਖਾਂ ਨੂੰ ਜੰਗਲਾਂ ਬੇਲਿਆਂ ਵਿਚ ਜਾ ਕੇ ਲੰਗਰ ਪਾਣੀ ਛਕਾ ਆਉਂਦੇ ਸਨ। ਪਿੰਡ ਪੂਹਲੇ ਦੇ ਲਾਗੇ ਹੀ ਇਕ ਰੱਖ ਵਿਚ ਕਦੇ ਕਦਾਈ ਕੁਝ ਸਿੰਘ ਆ ਕੇ ਠਹਿਰ ਜਾਂਦੇ ਸਨ, ਜੋ ਹਕੂਮਤ ਨਾਲ ਗਾਹੇ-ਬਗਾਹੇ ਟੱਕਰ ਲੈ ਲੈਂਦੇ ਸਨ। ਭਾਈ ਸਾਹਿਬ ਲੰਗਰ ਤਿਆਰ ਕਰਕੇ ਉਸ ਰੱਖ ਵਿਚ ਰਾਤ ਨੂੰ ਉਨ੍ਹਾਂ ਸਿੱਖਾਂ ਨੂੰ ਛਕਾ ਆਉਂਦੇ ਤੇ ਨਾਲੇ ਹੋਰ ਵੀ ਕਈ ਪ੍ਰਕਾਰ ਦੀ ਮਦਦ (ਸੂਹ ਵਗੈਰਾ) ਦੇ ਆਉਂਦੇ ਸਨ। ਜਦ ਇਸ ਸਾਰੀ ਗੱਲ ਦਾ ਪਤਾ ਜ਼ਾਲਮ ਹਕੂਮਤ ਦੇ ਮੁਖਬਰ ਜੰਡਿਆਲਾ ਨਿਵਾਸੀ ਹਰਭਗਤ ਨਿਰੰਜਨੀਏ ਨੂੰ ਲੱਗਾ ਤਾਂ ਉਸ ਨੇ ਝੱਟ ਜਾ ਕੇ ਸੂਬੇਦਾਰ ਜਕਰੀਆਂ ਖ਼ਾਂ ਨੂੰ ਇਤਲਾਹ ਦਿੱਤੀ ਕਿ ਇਕ ਸਿੱਖ ਜਿਸਦਾ ਨਾਂ ਭਾਈ ਤਾਰੂ ਸਿੰਘ ਹੈ ਤੇ ਉਹ ਪਿੰਡ ਪੂਹਲਿਆਂ ਦਾ ਰਹਿਣ ਵਾਲਾ ਹੈ, ਹਕੂਮਤ ਦੇ ਵਿਰੋਧੀਆਂ ਨੂੰ ਆਪਣੇ ਘਰ ਵਿਚ ਪਨਾਹ ਦਿੰਦਾ ਹੈ ਤੇ ਲੰਗਰ ਪਾਣੀ ਵੀ ਛਕਾਉਂਦਾ ਹੈ। ਆਪ ਵੀ ਉਨ੍ਹਾਂ ਨਾਲ ਰਲ ਕੇ ਰਾਤ ਨੂੰ ਲੁੱਟਾਂ-ਖੋਹਾਂ ਕਰਦਾ ਤੇ ਸੰਨ੍ਹਾਂ ਲਾਉਂਦਾ ਹੈ। ਜਕਰੀਆਂ ਖਾਂ ਦੇ ਹੁਕਮ ਮੁਤਾਬਕ ਭਾਈ ਤਾਰੂ ਸਿੰਘ ਨੂੰ ਫੜ ਕੇ ਲਾਹੌਰ ਲਿਆਂਦਾ ਗਿਆ।

ਭਾਈ ਤਾਰੂ ਸਿੰਘ ਨੂੰ ਜਕਰੀਆ ਖ਼ਾਂ ਦੀ ਕਚਹਿਰੀ ਵਿਚ ਪੇਸ਼ ਕਰਨ ਉਪਰੰਤ ਹਕੂਮਤ ਨੇ ਬਾਗੀ ਸਿੰਘਾਂ ਨੂੰ ਆਪਣੇ ਕੋਲ ਪਨਾਹ ਦੇਣ, ਲੁੱਟਾਂ-ਖੋਹਾਂ ਕਰਨ, ਚੋਰੀਆਂ ਡਾਕੇ ਤੇ ਹੋਰ ਕਈ ਤਰ੍ਹਾਂ ਦੇ ਮਨਘੜਤ ਕੇਸ ਪਾ ਕੇ ਭਾਈ ਸਾਹਬ ਨੂੰ ਕੇਸ ਕਤਲ ਕਰਵਾ ਕੇ ਮੁਸਲਮਾਨ ਬਣ ਜਾਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਲਲਕਾਰ ਕੇ ਕਿਹਾ ਕਿ ਇਹ ਕਦੇ ਨਹੀਂ ਹੋ ਸਕਦਾ, ਇਸ ਸਿੱਖ ਦਾ ਸਿਦਕ ਕੇਸਾਂ, ਸੁਆਸਾਂ ਨਾਲ ਨਿਭੇਗਾ। ਭਾਈ ਸਾਹਿਬ ਦੇ ਨਾਂਹ ਕਰਨ ਤੇ ਅੰਤ ਵਿਚ ਫਤਵਾ ਦਿੱਤਾ ਗਿਆ ਕਿ ਇਸ ਦੀ ਖੋਪਰੀ ਉਤਾਰ ਦਿੱਤੀ ਜਾਵੇ। ਜ਼ਲਾਦਾਂ ਨੇ ਰੰਬੀ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦਿੱਤੀ। ਖ਼ੂਨ ਦੀਆਂ ਧਾਰਾਂ ਭਾਈ ਸਾਹਿਬ ਦੇ ਸਰੀਰ ਉੱਪਰ ਵਹਿ ਤੁਰੀਆਂ। ਆਪ ਅਡੋਲ ਚਿੱਤ ਜਪੁ ਜੀ ਸਾਹਬ ਜੀ ਦਾ ਪਾਠ ਕਰਦੇ ਰਹੇ। ਇਤਿਹਾਸ ਵਿਚ ਆਉਂਦਾ ਹੈ ਕਿ ਖੋਪਰੀ ਉਤਾਰਨ ਤੋਂ 22 ਦਿਨ ਬਾਅਦ 16 ਜੁਲਾਈ 1745 ਈ: ਨੂੰ ਭਾਈ ਤਾਰੂ ਸਿੰਘ ਜੀ ਸ਼ਹੀਦ ਹੋ ਗਏ। ਉਨ੍ਹਾਂ ਦਾ ਸੰਸਕਾਰ ਲਾਹੌਰ ਦੇ ਸ਼ਹੀਦ ਗੰਜ ਵਾਲੇ ਅਸਥਾਨ 'ਤੇ ਕੀਤਾ ਗਿਆ। ਭਾਈ ਸਾਹਿਬ ਜੀ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਕੇ ਇਸ ਸੰਸਾਰ ਵਿਚ ਇਕ ਵੱਖਰੀ ਮਿਸਾਲ ਕਾਇਮ ਕੀਤੀ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਲਾਮਿਸਾਲ ਹੈ। •

# ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ

ਕੁਲਦੀਪ ਸਿੰਘ ਬੰਗੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਮਦਮਾ ਸਾਹਿਬ ਜੀ ਦੇ ਸਥਾਨ ਉੱਤੇ ਠੀਕ ਤਰਤੀਬ ਅਤੇ ਵਾਧੂ ਬਾਣੀਆਂ ਤੋਂ ਰਹਿਤ ਇਕ ਸੰਪੂਰਨ ਤੇ ਪ੍ਰਮਾਣਿਕ ਬੀੜ ਤਿਆਰ ਕਰਵਾਈ ਗਈ। ਇਹ ਕਾਰਜ ਪੂਰਾ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾਇਆ ਗਿਆ ਸੀ। ਜਦੋਂ ਸਤਿਗੁਰੂ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਸਨ ਤਾਂ ਲਿਖਾਈ ਸਮੇਂ ਜਿਸ ਕਲਮ ਦਾ ਮੂੰਹ ਘਸ ਜਾਂਦਾ ਸੀ ਉਸ ਨੂੰ ਸੰਭਾਲ ਕੇ ਰੱਖ ਲਿਆ ਜਾਂਦਾ ਸੀ ਤੇ ਲਿਖਾਈ ਵਾਸਤੇ ਨਵੀਂ ਕਲਮ ਲਾਈ ਜਾਂਦੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਸਿਆਹੀ ਨੂੰ ਲਿਖਣਸਰ ਦੇ ਸਰੋਵਰ ਵਿਚ ਪ੍ਰਵਾਹ ਕਰ ਕੇ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ' ਦਾ ਵਰਦਾਨ ਦਿੱਤਾ ਤੇ ਕਿਹਾ ਕਿ ਇੱਥੇ ਮੰਦਬੁੱਧੀ ਵਾਲੇ ਵੀ ਪੜ੍ਹ ਕੇ ਮਹਾਨ ਵਿਦਵਾਨ ਬਣਨਗੇ। ਪੁਰਾਤਨ ਰਵਾਇਤ ਅਨੁਸਾਰ ਇੱਥੇ ਹਰ ਉਮਰ ਦੇ ਲੋਕ ਦੂਰ-ਨੇੜਿਓਂ ਆ ਕੇ ਗੁਰਮੁਖੀ ਦੇ ਪੈਂਤੀ ਅੱਖਰ ਲਿਖ ਕੇ ਵਿੱਦਿਆ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਕੀ ਕਾਸ਼ੀ ਦੇ ਦਿੱਤੇ ਵਰਦਾਨ ਅੱਜ ਸਾਕਾਰ ਹਨ। ਇਸ ਸਮੇਂ ਦਮਦਮਾ ਸਾਹਿਬ ਵਿਖੇ ਅਨੇਕਾਂ ਵਿੱਦਿਅਕ ਅਦਾਰੇ ਚਲ ਰਹੇ ਹਨ। ਜਿਵੇਂ ਕਿ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਇਸ ਸੰਸਥਾ ਵਿਚ (ਪ੍ਰਚਾਰਕ, ਗੁਰਮਤਿ ਸੰਗੀਤ ਤੇ ਤਬਲਾ ਕੋਰਸ ਤੋਂ ਇਲਾਵਾ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਸੰਪੂਰਨਤਾ ਦਿਵਸ ਮੌਕੇ ਐਮ. ਏ. ਇਨ ਸਿੱਖ ਸਟੱਡੀਜ਼ ਦੀ ਪੜ੍ਹਾਈ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਚਾਰ, ਪ੍ਰਸਾਰ ਅਤੇ ਖੋਜ ਕੇਂਦਰ ਸਥਾਪਤ ਕਰਨ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਇਹ ਕਾਲਜ ਇਸ ਪੱਛੜੇ ਇਲਾਕੇ ਵਿਚ ਲੜਕੀਆਂ ਦੀ ਵਿੱਦਿਆ ਦੀ ਲੋੜ ਨੂੰ ਮੁੱਖ ਰੱਖਦਿਆਂ 14 ਏਕੜ ਥਾਂ ਵਿਚ ਖੋਲ੍ਹਿਆ ਗਿਆ, ਜੋ ਬੀ. ਏ. , ਬੀ. ਸੀ. ਏ. , ਐਮ. ਏ. ਪੱਧਰ ਦੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ।

ਇਸ ਤੋਂ ਇਲਾਵਾ 100 ਏਕੜ ਜ਼ਮੀਨ 'ਤੇ ਖੁੱਲ੍ਹਿਆ ਗੁਰੂ ਕਾਸ਼ੀ ਕਾਲਜ, ਗੁਰੂ ਗੋਬਿੰਦ ਸਿੰਘ ਇੰਜੀਨੀਅਰਿੰਗ ਕਾਲਜ, ਯਾਦਵਿੰਦਰਾ ਇੰਜੀਨੀਅਰਿੰਗ ਕਾਲਜ, ਗੁਰੂ ਕਾਸ਼ੀ ਕੈਂਪਸ ਜਿਸ ਨੂੰ ਗੁਰੂ ਗੋਬਿੰਦ ਸਿੰਘ ਰੂਰਲ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸ ਤੋਂ ਇਲਾਵਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ, ਲੜਕੀਆਂ), ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਤੋਂ ਇਲਾਵਾ ਦਰਜਨਾਂ ਵਿੱਦਿਅਕ ਅਦਾਰੇ ਚੱਲ ਰਹੇ ਹਨ।

ਮੋਬਾਈਲ 94174-07778



# ਤਿਆਗ ਦੀ ਮੂਰਤ ਮਾਤਾ ਸਾਹਿਬ ਕੌਰ ਜੀ

ਪਰਮਜੀਤ ਕੌਰ ਸਰਹਿੰਦ

ਮਾਤਾ ਸਾਹਿਬ ਕੌਰ ਜੀ ਨੂੰ ਖ਼ਾਲਸਾ ਪੰਥ ਦੀ ਮਾਤਾ ਹੋਣ ਦਾ ਮਾਣ ਹਾਸਲ ਹੈ, ਉਸ ਖ਼ਾਲਸਾ ਪੰਥ ਦੀ ਮਾਤਾ ਜਿਸ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ "ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੈਂ ਹਉ ਕਰੂੰ ਨਿਵਾਸ " ਕਹਿ ਕੇ ਵਡਿਆਇਆ। ਮਾਤਾ ਜੀ ਦਾ ਬਚਪਨ ਦਾ ਨਾਂ ਸਾਹਿਬ ਦੇਵਾਂ ਸੀ। ਉਨ੍ਹਾਂ ਦਾ ਜਨਮ ਰੁਹਤਾਸ, ਜ਼ਿਲ੍ਹਾ ਜਿਹਲਮ (ਪਾਕਿ:) ਵਿਖੇ 18 ਕਤਕ, ਸੰਮਤ 1738 ਮੁਤਾਬਕ 1681 ਈ: ਨੂੰ ਪਿਤਾ, ਭਾਈ ਰਾਮੂ ਬੱਸੀ ਖੱਤਰੀ ਅਤੇ ਮਾਤਾ ਬੀਬੀ ਜਸਦੇਵੀ ਦੇ ਘਰ ਹੋਇਆ।

ਉਨ੍ਹਾਂ ਦਾ ਜਨਮ ਉਸ ਪਰਿਵਾਰ ਵਿਚ ਹੋਇਆ ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖੀ ਨਾਲ ਜੁੜਿਆ ਹੋਇਆ ਸੀ। ਰੁਹਤਾਸ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਸੀ। ਭਾਈ ਭਗਤੂ ਬੱਸੀ, ਗੁਰੂ ਜੀ ਦਾ ਅਨਿਨ ਸੇਵਕ ਸੀ। ਉਸ ਦੀ ਕੁੱਲ ਵਿੱਚੋਂ ਹੀ ਮਾਤਾ ਸਾਹਿਬ ਕੌਰ ਦੇ ਪਿਤਾ ਭਾਈ ਰਾਮੂ ਬੱਸੀ ਖੱਤਰੀ ਜੀ ਹੋਏ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਪਾਸੋਂ ਸਿੱਖੀ ਧਾਰਨ ਕੀਤੀ ਸੀ। ਗੁਰਾਂ ਦੇ ਵਰੋਸਾਏ ਹੋਏ ਪਰਿਵਾਰ ਵਿਚ ਜਨਮ ਲੈਣ ਵਾਲੀ ਬੀਬੀ ਸਾਹਿਬ ਦੇਵਾਂ ਬਚਪਨ ਤੋਂ ਹੀ ਸਬਰ-ਸੰਤੋਖ, ਸੇਵਾ ਭਾਵਨਾ ਅਤੇ ਨਿਰਮਤਾ ਵਰਗੇ ਗੁਣਾਂ ਨਾਲ ਭਰਪੂਰ ਸੀ। ਉਨ੍ਹਾਂ ਦੇ ਸੁਭਾਅ ਵਿਚਲੇ ਗੁਣਾਂ ਨੂੰ ਦੇਖਦਿਆਂ ਮਾਤਾ-ਪਿਤਾ ਨੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਪ੍ਰਨਾਉਣ ਦਾ ਫ਼ੈਸਲਾ ਕੀਤਾ ਜੋ ਸੰਗਤ ਦੀ ਵੀ ਇੱਛਾ ਸੀ ਕਿਉਂਕਿ ਸੰਗਤ ਮਾਤਾ ਜੀ ਤੋਂ ਗੁਰਬਾਣੀ ਸੁਣ ਕੇ ਮੰਤਰ ਮੁਗਧ ਹੋ ਜਾਂਦੀ ਸੀ। ਮਾਤਾ ਜੀ ਨੂੰ ਨਾਲ ਲੈ ਕੇ ਸਾਰੇ ਅਨੰਦਪੁਰ ਸਾਹਿਬ ਪੁੱਜੇ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਪਰ ਦਸਮ ਪਿਤਾ ਨੇ ਕਿਹਾ ਕਿ "ਅਸੀਂ ਗ੍ਰਹਿਸਥ ਜੀਵਨ ਦੀ ਮਰਿਆਦਾ ਪੂਰੀ ਕਰ ਚੁੱਕੇ ਹਾਂ।" ਸੁਣ ਕੇ ਸਾਰੇ ਨਿਰਾਸ਼ ਹੋਏ ਪਰ ਦੁਬਾਰਾ ਫਿਰ ਬੇਨਤੀ ਕੀਤੀ ਕਿ ਅਸੀਂ ਸਾਰੇ ਇਹ ਸੰਕਲਪ ਲੈ ਚੁੱਕੇ ਹਾਂ ਅਤੇ ਸਾਹਿਬ ਦੇਵਾਂ ਜੀ ਨੂੰ ਮਾਤਾ ਜੀ ਕਹਿ ਕੇ ਆਦਰ ਦਿੰਦੇ ਹਾਂ। ਸੰਗਤ ਦੀ ਪੁਰਜ਼ੋਰ ਤੇ ਪ੍ਰੇਮ ਭਰੀ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਹਾ ਕਿ " ਇਹ ਰਿਸ਼ਤਾ ਇਕੋ ਤਰ੍ਹਾਂ ਪ੍ਰਵਾਨ ਚੜ੍ਹ ਸਕਦਾ ਹੈ ਕਿ ਸਾਹਿਬ ਦੇਵਾਂ ਨਾਲ ਮੇਰਾ ਜਿਸਮਾਨੀ ਨਹੀਂ ਰੂਹਾਨੀ ਰਿਸ਼ਤਾ ਰਹੇਗਾ।" ਸੰਗਤ ਅਤੇ ਮਾਤਾ ਜੀ ਨੇ ਇਹ ਹੁਕਮ ਖਿੜੇ ਮੱਥੇ ਪ੍ਰਵਾਨ ਕੀਤਾ। ਇਸੇ ਲਈ ਇਤਿਹਾਸ ਵਿਚ ਮਾਤਾ ਜੀ ਨੂੰ 'ਕੁਆਰਾ' ਡੋਲਾ ਵੀ ਕਿਹਾ ਜਾਂਦਾ ਹੈ। ਗੁਰੂ ਜੀ ਨੇ ਕੁਆਰਾ ਡੋਲਾ ਪ੍ਰਵਾਨ ਕੀਤਾ।

ਇਤਿਹਾਸ ਵਿਚ ਜ਼ਿਕਰ ਹੈ "ਰਹੇ ਕੁਆਰੋ ਡੋਰਾ ਨਾਮੂ। ਕਰਹਿ ਸੇਵ ਬਾਸਹੁ ਹਮ ਧਾਮੂ॥ (ਬੰਸਾਵਲੀ ਨਾਮ ਕੇਸਰ ਸਿੰਘ ਪੰਨਾ 134)

ਮਾਤਾ ਜੀ ਅਤੇ ਪਰਿਵਾਰ ਨੇ ਅੰਮ੍ਰਿਤਪਾਨ ਕੀਤਾ ਅਤੇ ਉਹ ਮਾਤਾ ਸਾਹਿਬ ਦੇਵਾਂ ਤੋਂ ਮਾਤਾ ਸਾਹਿਬ ਕੌਰ ਬਣ ਗਏ। ਮਾਤਾ ਜੀ ਦਾ ਭਰਾ ਸਾਹਿਬ ਚੰਦ ਤੋਂ ਸਾਹਿਬ ਸਿੰਘ ਬਣ ਗਿਆ। ਇਸ ਉਪਰੰਤ 18 ਵੈਸਾਖ 1757 ਬਿਕ੍ਰਮੀ ਨੂੰ ਗੁਰੂ ਜੀ ਤੇ ਮਾਤਾ ਜੀ ਦਾ ਅਨੰਦ ਕਾਰਜ ਹੋਇਆ ਜਿਸ ਦੀ ਰਸਮ ਵਿਦਵਾਨਾਂ ਅਨੁਸਾਰ ਬਾਬਾ ਬੁੱਢਾ ਜੀ ਦੀ ਅੰਸ਼ ਦੇ ਭਾਈ ਰਾਮ ਕੁਇਰ ਨੇ ਗੁਰਮਤਿ ਅਨੁਸਾਰ ਸੰਪੂਰਨ ਕੀਤੀ। ਮਾਤਾ ਸਾਹਿਬ ਕੌਰ ਜੀ ਗੁਰੂ ਮਹਿਲ ਵਿਚ ਮਾਤਾ ਗੁਜਰੀ ਅਤੇ ਮਾਤਾ ਸੁੰਦਰੀ ਨਾਲ ਰਹਿੰਦੇ ਹੋਏ ਘਰ ਦੇ ਸਾਰੇ ਕੰਮ ਅਤੇ ਸੇਵਾ ਸਿਮਰਨ ਵਿਚ ਲੀਨ ਰਹਿੰਦੇ। ਮਾਤਾ ਜੀਤੋ ਜੀ ਅਕਾਲ ਚਲਾਣਾ ਕਰ ਚੁੱਕੇ ਸਨ। ਮਾਤਾ ਸਾਹਿਬ ਕੌਰ ਜੀ ਸਾਹਿਬਜ਼ਾਦਿਆਂ ਦੀ ਸੇਵਾ-ਸੰਭਾਲ ਵੀ ਕਰਦੇ। ਮਾਤਾ ਜੀ ਨੇ ਮਨ ਵਿਚ ਪ੍ਰਤਿਗਿਆ ਕਰ ਲਈ ਸੀ ਉਹ ਗੁਰ-ਪਤੀ ਦੇ ਦਰਸ਼ਨ ਕਰਨ ਤੋਂ ਬਿਨਾ ਅੰਨ ਜਲ ਨਹੀਂ ਸਨ ਛਕਦੇ। ਇਸ ਦਾ ਜ਼ਿਕਰ ਬਹੁਤ ਸਾਰੇ ਇਤਿਹਾਸਕਾਰਾਂ ਨੇ ਕੀਤਾ ਹੈ। ਇਸ ਦਾ ਵੇਰਵਾ ਪ੍ਰਾਚੀਨ ਸੌ ਸਾਖੀ ਵਿਚ ਵੀ ਮਿਲਦਾ ਹੈ "ਮਾਤਾ ਸਾਹਿਬ ਕੌਰ ਦਰਸਨਿ ਦੀ ਪਿਆਰੀ।" (ਸਾਖੀ ਬਵੰਜਵੀਂ)। ਇਸੇ ਤਰ੍ਹਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਜ਼ਿਕਰ ਆਉਂਦਾ ਹੈ :-

ਦਰਸ਼ਨ ਕਰਹਿ ਤ ਭੋਜਨ ਪਾਵੈ। ਨਤੁ ਨਿਸ ਬਾਸਰ ਛੁਧਿਤ ਬਿਤਾਵੈ।
ਪ੍ਰੇਮ ਬਿਲੋ ਕਿ ਨੇਮ ਜਿਨ ਕੀਨਾ। ਸ੍ਰੀ ਕਲਗੀਧਰ ਸਭਿ ਬਿਧਿ ਚੀਨਾ।36॥
ਤਿਸੀ ਹੇਤ ਕਰੀਕੈ ਇਕ ਬਾਰ। ਦਰਸ਼ਨ ਦੇਤਿ ਸੁ ਕਰੁਨਾ ਧਾਰਿ।
ਕਿਸ ਕਾਰਨ ਤੇ ਜੇ ਨਹਿ ਹੋਇ। ਤਿਸ ਦਿਨ ਖਾਇ ਅਹਾਰਨ ਸੋਇ॥ 37॥

ਮਹਿਲਾਂ ਵਿਚ ਜਾ ਕੇ ਮਾਤਾ ਜੀ ਨੂੰ ਦਸਮ ਪਿਤਾ ਹਰ ਰੋਜ਼ ਦਰਸ਼ਨ ਦੀਦਾਰੇ ਬਖ਼ਸ਼ਦੇ। ਮਾਤਾ ਜੀ ਪ੍ਰਤੱਖ ਦਰਸ਼ਨ ਕਰ ਕੇ ਆਪਣੀ ਪ੍ਰਤਿਗਿਆ ਤੇ ਪ੍ਰੇਮਾ ਭਗਤੀ ਨਿਭਾਉਂਦੇ ਅਤੇ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਬਾਅਦ ਹੀ ਅੰਨ-ਪਾਣੀ ਛਕਦੇ। ਅਜਿਹੇ ਹੀ ਸਮੇਂ ਮਾਤਾ ਜੀ ਨੇ ਗੁਰ-ਪਤੀ ਨੂੰ ਆਜਿਜ਼ ਹੋ ਕੇ ਸੰਤਾਨ ਲਈ ਬੇਨਤੀ ਕੀਤੀ ਅਤੇ ਗੁਰੂ ਜੀ ਨੇ ਆਪਣਾ ਨਾਦੀ ਪੁੱਤਰ ਖ਼ਾਲਸਾ ਪੰਥ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਪਾ ਦਿੱਤਾ ਤੇ ਉਨ੍ਹਾਂ ਨੂੰ ਖ਼ਾਲਸੇ ਦੀ ਮਾਤਾ ਹੋਣ ਦੀ ਪਦਵੀ ਦੇ ਕੇ ਆਤਮਿਕ ਸੰਤੁਸ਼ਟੀ ਤੇ ਪ੍ਰਸੰਨਤਾ ਬਖ਼ਸ਼ੀ। ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ :-

ਸੁਨਿ ਕਰਿ ਸ੍ਰੀ ਮੁਖ ਤੇ ਫੁਰਮਾਯੋ। ਭਲੋ ਮਨੋਰਥ ਰਿਦੇ ਉਠਾਯੋ।
ਕਹਾ ਮਨੋਰਥ ਇਕ ਸੁਤ ਕੇਰੇ। ਪੁੱਤ੍ਰ ਖਾਲਸਾ ਹੋਯਸਿ ਤੇਰੇ॥ 41॥
ਪੁੱਤ੍ਰ ਖਾਲਸਾ ਤੇਰੋ ਭਯੋ। ਗੋਦ ਪਾਇ ਤੁਝ ਹਮ ਨੇ ਦਯੋ।
ਮਹਿਦ ਪ੍ਰਤਾਪ ਸਮੇਤ ਨਿਹਾਰਹੁ। ਸਦਾ ਅਨੰਦ ਬਿਲੰਦੈ ਧਾਰਹੁ॥ 42॥
ਸੁਨਿ ਸ੍ਰੀ ਮੁਖ ਤੇ ਭਈ ਅਨੰਦ। ਮਾਨਯੋ ਬਾਕ ਹਾਥ ਕਰਿ ਬੰਦ।
ਮਸਤਕ ਟੇਕਤਿ ਨਿਜ ਘਰ ਗਈ। ਸੰਤਤਿ ਲਾਨਿ ਹਰਖ ਨਿਜ ਭਈ॥ 44॥ (ਜਿਲਦ 13ਵੀਂ ਪੰਨਾ 5422)

ਇਸ ਵਿਧ ਮਾਤਾ ਸਾਹਿਬ ਕੌਰ ਜੀ ਨੇ ਖ਼ਾਲਸਾ ਪੰਥ ਦੇ ਪੂਜਨੀਕ ਮਾਤਾ ਜੀ ਦੀ ਉੱਤਮ ਪਦਵੀ ਪਾਈ। ਮਾਤਾ ਜੀ ਅਡੋਲ ਆਪਣਾ ਬਿਰਦ ਪਾਲ ਰਹੇ ਸਨ ਕਿ ਸਮੇਂ ਨੇ ਕਹਿਰ ਕਮਾਇਆ। ਮੁਗਲ ਰਾਜੇ ਗੁਰੂ ਜੀ ਦੀ ਚੜ੍ਹਤ ਤੋਂ ਬਹੁਤ ਚਿੜਦੇ ਸਨ। ਉਨ੍ਹਾਂ ਨਾਲ ਤੇ ਪਹਾੜੀ ਰਾਜਿਆਂ ਛੋਟੀਆਂ-ਮੋਟੀਆਂ ਜੰਗਾਂ ਹੁੰਦੀਆਂ ਰਹਿੰਦੀਆਂ ਸਨ। ਮੁਗਲ ਅੰਦਰ ਖਾਤੇ ਖ਼ਾਲਸੇ ਤੋਂ ਡਰਦੇ ਵੀ ਸਨ। ਮੁਗਲਾਂ ਦੀਆਂ ਖਾਧੀਆਂ ਝੂਠੀਆਂ ਸੌਂਹਾਂ ਦੀ ਅਸਲੀਅਤ ਸਮਝਦੇ ਹੋਏ ਵੀ ਗੁਰੂ ਜੀ ਨੂੰ ਅਨੰਦਪੁਰ ਛੱਡਣਾ ਪਿਆ। ਸਰਸਾ ਨਦੀ 'ਤੇ ਮੁਗਲਾਂ ਦੇ ਕੀਤੇ ਧੋਖੇ ਕਾਰਨ ਸਾਰਾ ਪਰਿਵਾਰ ਵਿੱਛੜ ਗਿਆ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਮਾਤਾ ਗੁਜਰੀ ਜੀ ਨਾਲ ਪਰਿਵਾਰ ਨਾਲੋਂ ਵਿੱਛੜ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ, ਪੰਜ ਪਿਆਰੇ ਤੇ ਕੁਝ ਸਿੰਘ ਚਮਕੌਰ ਦੀ ਗੜ੍ਹੀ ਵਿਚ ਚਲੇ ਗਏ ਜਿੱਥੇ ਮੁਗਲਾਂ ਨਾਲ ਹੋਈ ਅਸਾਵੀਂ ਜੰਗ ਵਿਚ ਵੱਡੇ ਸਾਹਿਬਜ਼ਾਦੇ ਤੇ ਸਿੰਘ ਸ਼ਹਾਦਤ ਪਾ ਗਏ। ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਪੁੱਜ ਗਏ।

ਸਰਸਾ ਤੋਂ ਵਿੱਛੜੇ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰੀ ਜੀ ਵਿਦਵਾਨਾਂ ਖੋਜਕਾਰਾਂ ਅਨੁਸਾਰ ਭਾਈ ਮਨੀ ਸਿੰਘ ਜੀ ਨਾਲ ਪਹਿਲਾਂ ਹਰਿਦੁਆਰ ਤੇ ਫਿਰ ਦਿੱਲੀ ਜਾ ਟਿਕੇ। ਇਤਿਹਾਸਕਾਰਾਂ ਅਨੁਸਾਰ ਮਾਤਾਵਾਂ ਇਕ ਰਾਤ ਰੋਪੜ ਵੀ ਠਹਿਰੀਆਂ। ਇਸ ਗੱਲ ਦੀ ਤਸਦੀਕ ਦਸੰਬਰ 2016 ਵਿਚ ਲੇਖ ਸੁਰਿੰਦਰ ਸਿੰਘ ਖਾਲਸਾ ਦੁਆਰਾ ਰਚਿਤ ਪੁਸਤਕ 'ਇਤਿਹਾਸ ਬੋਲਦਾ ਹੈ' ਵਿਚ ਪੰਨਾ ਨੰ : 20 'ਤੇ ਕੀਤੀ ਗਈ ਹੈ ਕਿ " ਰੋਪੜ ਸ਼ਹਿਰ ਵਿਚ ਭਾਈ ਜਵਾਹਰ ਸਿੰਘ ਦੇ ਰਿਸ਼ਤੇਦਾਰਾਂ ਦੇ ਘਰ ਮਾਤਾਵਾਂ ਨੇ ਇਕ ਰਾਤ ਬਹੁਤ ਹੀ ਲੁਕਵੇ ਤਰੀਕੇ ਨਾਲ ਬਤੀਤ ਕੀਤੀ ਸੀ।" ਲੇਖਕ ਨੇ ਬੜੀ ਸਖ਼ਤ ਘਾਲਣਾ ਨਾਲ ਉਸ ਥਾਂ ਦੀ ਨਿਸ਼ਾਨਦੇਹੀ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸੇ ਸਿਦਕੀ ਸਿੰਘ ਨੇ ਛੰਨ ਕੁੰਮਾ ਮਾਸ਼ਕੀ ਜੀ ਦੀ ਨਿਸ਼ਾਨਦੇਹੀ ਕੀਤੀ ਤੇ ਉਹ ਪਵਿੱਤਰ ਸਥਾਨ ਸੰਗਤਾਂ ਲਈ ਅਥਾਹ ਸ਼ਰਧਾ ਦਾ ਕੇਂਦਰ ਹੋ ਨਿੱਬੜਿਆ।

ਭਾਈ ਜਵਾਹਰ ਸਿੰਘ ਜੀ ਵਿਦਵਾਨਾਂ ਅਨੁਸਾਰ ਅਰੋੜਾ ਪਰਿਵਾਰ ਵਿੱਚੋਂ ਸਨ ਅਤੇ ਇਹ ਘਰ ਅੱਜ ਵੀ ਅਰੋੜਾ ਪਰਿਵਾਰ ਦੀ ਮਲਕੀਅਤ ਹੈ ਜੋ ਸਦੀਆਂ ਪਹਿਲਾਂ ਉਨ੍ਹਾਂ ਦੇ ਅਰੋੜਾ ਰਿਸ਼ਤੇਦਾਰਾਂ ਦਾ ਸੀ। ਮਾਤਾਵਾਂ ਨਾਲ ਦੋ ਸੇਵਕ ਬੀਬੀਆਂ ਬੀਬੋ ਤੇ ਭਾਗੋ ਵੀ ਸਨ। ਡਾ: ਮਹਿੰਦਰ ਕੌਰ ਗਿੱਲ ਦੀ ਸੰਪਾਦਤ ਪੁਸਤਕ 'ਦਸ ਗੁਰੂ ਮਹਿਲ' ਦੇ ਪੰਨਾ 223 ਅਨੁਸਾਰ "ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਗੁਰੂ ਜੀ ਦੇ ਹੁਕਮ ਅਨੁਸਾਰ ਦਿੱਲੀ ਦੇ ਰਹਿਣ ਵਾਲੇ ਧੰਨਾ ਸਿੰਘ ਤੇ ਜਵਾਹਰ ਸਿੰਘ ਦੇ ਨਾਲ ਭਾਈ ਮਨੀ ਸਿੰਘ ਦੀ ਸੌਂਪਣਾ ਹੇਠ ਦਿੱਲੀ ਪੁੱਜੀਆਂ।" ਇਸੇ ਦੌਰਾਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸਰਹਿੰਦ ਵਿਖੇ ਸ਼ਹੀਦ ਹੋ ਚੁੱਕੇ ਸਨ। ਗਿ: ਸੁਖਦੇਵ ਸਿੰਘ ਜੀ ਦੁਆਰਾ ਰਚਿਤ ਪੁਸਤਕ 'ਖਾਲਸਾ ਪੰਥ ਦੇ ਮਾਤਾ, ਮਾਤਾ ਸਾਹਿਬ ਕੌਰ ਜੀ ' ਦੇ ਪੰਨਾ 41 ਅਨੁਸਾਰ " ਮਾਤਾ ਸਾਹਿਬ ਕੌਰ ਜੀ ਮਾਤਾ ਸੁੰਦਰ ਕੌਰ ਜੀ ਤੇ ਭਰਾ ਸਾਹਿਬ ਸਿੰਘ ਅਤੇ ਦੋ ਦਾਸੀਆਂ ਬੀਬੋ ਤੇ ਭਾਗੋ, ਭਾਈ ਜਵਾਹਰ ਸਿੰਘ , ਭਾਈ ਧੰਨਾ ਸਿੰਘ, ਭਾਈ ਚਉਪਾ ਸਿੰਘ ਅਤੇ ਭਾਈ ਮਨੀ ਸਿੰਘ ਜੀ ਆਦਿ ਸਿੰਘਾਂ ਨਾਲ ਦਿੱਲੀ ਵੱਲ ਨੂੰ ਰਵਾਨਾ ਹੋ ਗਏ " ਦਿੱਲੀ ਵਿਖੇ ਮਾਤਾਵਾਂ ਦਾ ਨਿਵਾਸ ਅਜਮੇਰੀ ਗੇਟ ਨੇੜੇ ਕੂਚਾ ਦਿਲਵਾਲੀ ਵਿਖੇ ਰਿਹਾ।

ਸਰਬੰਸ ਦਾਨੀ ਪਿਤਾ ਗੁਰੂ ਗੋਬਿੰਦ ਸਿੰਘ ਦਮਦਮਾ ਸਾਹਿਬ ਆ ਠਹਿਰੇ ਸਨ ਉਹ ਬਹੁਤ ਕਸ਼ਟਮਈ ਸੰਘਰਸ਼ ਵਿੱਚੋਂ ਗੁਜ਼ਰਦੇ ਹੋਏ ਵੀ ਚੜ੍ਹਦੀ ਕਲਾ ਵਿਚ ਸਨ। ਮਾਤਾ ਜੀ ਬਹੁਤ ਵੈਰਾਗਮਈ ਅਵਸਥਾ ਵਿਚ ਰਹਿੰਦੇ ਸਨ। ਗੁਰੂ ਜੀ ਦਾ ਆਉਣਾ ਸੁਣ ਕੇ ਉਹ ਮਾਤਾ ਸੁੰਦਰੀ ਜੀ, ਭਾਈ ਮਨੀ ਸਿੰਘ ਜੀ ਤੇ ਕੁਝ ਸਿੰਘਾਂ ਸਮੇਤ ਗੁਰੂ ਜੀ ਦੇ ਹਜ਼ੂਰ ਜਾ ਪੁੱਜੇ। ਸੰਗਤਾਂ ਨਾਲ ਭਰੇ ਦੀਵਾਨ ਵਿਚ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਪਰ ਪਰਿਵਾਰ ਦੇ ਬਾਕੀ ਜੀਅ ਨਜ਼ਰ ਨਾ ਆਏ। ਮਾਤਾਵਾਂ ਦੇ ਪੁੱਛਣ 'ਤੇ ਦਸਮ ਪਾਤਸ਼ਾਹ ਨੇ ਉਨ੍ਹਾਂ ਨੂੰ ਧੀਰਜ ਦਿੰਦਿਆਂ ਇਹ ਬਚਨ ਉਚਾਰੇ :-

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤਾ ਕਿਆ ਹੂਆ, ਜੀਵਤ ਕਈ ਹਜ਼ਾਰ।

ਸ੍ਰੀ ਗੁਰੂ ਪ੍ਰਤਾਪ ਗ੍ਰੰਥ ਵਿਚ ਇਸ ਸਮੇਂ ਦੇ ਬਚਨਾਂ ਨੂੰ ਬਿਆਨ ਕੀਤਾ ਗਿਆ ਹੈ :-

ਸ੍ਰੀ ਸਾਹਿਬ ਦੇਵੀ ਤਿਸ ਰੀਤਿ। ਰੁਦਤਿ ਨਿਕਟ ਦੁਖ ਬਯਾਕੁਲ ਚੀਤ।
ਸ੍ਰੀ ਗੁਰ ਧੀਰਜ ਦੀਨ ਹਟਾਈ। ਕਯੋ ਲਾਹਕ ਦੁਖ ਸ਼ੋਕ ਉਪਾਈ।
ਤੋਹਿ ਪੁੱਤ੍ਰ ਬਡ ਬੀਰ ਬਹਾਦੁਰ। ਗਯੋ ਸਵਰਗ ਦੇਵਨ ਤੇ ਸਾਦਰ।
ਜਗ ਮਹਿ ਜਸੁ ਅਖੰਡ ਕੋ ਪਾਵਾ। ਜਨਮ ਲਾਭ ਕੋ ਕਰਮ ਕਮਾਵਾਂ।

ਕੁਝ ਸਮਾਂ ਮਾਤਾਵਾਂ ਦਮਦਮਾ ਸਾਹਿਬ ਗੁਰੂ ਜੀ ਦੀ ਸੇਵਾ 'ਚ ਰਹੀਆਂ ਫਿਰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਦਿੱਲੀ ਪਰਤਣ ਵੇਲੇ ਮਾਤਾ ਸਾਹਿਬ ਕੌਰ ਜੀ ਨੇ ਬੇਨਤੀ ਕੀਤੀ ਕਿ ਮੈਂ



ਆਪ ਜੀ ਦੇ ਦਰਸ਼ਨ ਕੀਤੇ ਬਿਨਾ ਅੰਨ-ਜਲ ਨਹੀਂ ਕਰਦੀ। ਮੈਨੂੰ ਆਪ ਜੀ ਦੇ ਦਰਸ਼ਨ ਕਿਵੇਂ ਹੋਇਆ ਕਰਨਗੇ ਤਾਂ ਗੁਰੂ ਜੀ ਨੇ ਇਕ ਕਟਾਰ ਤੇ ਇਕ ਗੁਰਬਾਣੀ ਦੀ ਪੋਥੀ ਦੇ ਕੇ ਕਿਹਾ ਕਿ ਪੋਥੀ ਪਰਮੇਸ਼ਵਰ ਦਾ ਥਾਨ ਹੈ। ਪਾਠ ਦੀਦਾਰ ਹੀ ਸਾਡਾ ਦੀਦਾਰ ਹੈ। ਹੁਕਮ ਮੰਨ ਕੇ ਮਾਤਾਵਾਂ ਵਾਪਸ ਦਿੱਲੀ ਆ ਗਈਆਂ। ਗੁਰੂ ਗੋਬਿੰਦ ਸਿੰਘ ਜੀ ਦੱਖਣ ਜਾਣ ਸਮੇਂ ਦਿੱਲੀ ਰੁਕੇ ਤੇ ਮਾਤਾਵਾਂ ਨੂੰ ਆ ਮਿਲੇ। ਗੁਰੂ ਜੀ ਦੱਖਣ ਨੂੰ ਜਾਣ ਲੱਗੇ ਤਾਂ ਦੋਵੇਂ ਮਾਤਾਵਾਂ ਨੇ ਵੀ ਨਾਲ ਚੱਲਣ ਦੀ ਬੇਨਤੀ ਕੀਤੀ ਪਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਪਰ ਮਾਤਾ ਸਾਹਿਬ ਕੌਰ ਜੀ ਗੁਰੂ ਜੀ ਦੇ ਨਾਲ ਦੱਖਣ ਨੂੰ ਚਲੇ ਗਏ।

ਸਾਹਿਬ ਦੇਵੀ ਪ੍ਰਭ ਪਤਿ ਸੰਗੇ।
ਪਹੁੰਚੀ ਅਬਚਲ ਨਗਰ ਨਿਸੰਗੇ (ਪੰਥ ਪ੍ਰਕਾਸ਼)

ਸਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਸਾਹਿਬ, ਨਾਂਦੇੜ ਜਿੱਥੇ ਗੁਰੂ ਸਾਹਿਬ ਨੇ ਗੋਦਾਵਰੀ ਦੇ ਕਿਨਾਰੇ ਮਾਤਾ ਸਾਹਿਬ ਕੌਰ ਜੀ ਤੇ ਸਿੰਘਾਂ ਸਮੇਤ ਡੇਰਾ ਕੀਤਾ ਉੱਥੇ ਗੁ: ਸੰਗਤ ਸਾਹਿਬ ਸੁਸ਼ੋਭਿਤ ਹੈ। ਜਿੱਥੇ ਮਾਤਾ ਸਾਹਿਬ ਕੌਰ ਜੀ ਭਜਨ ਬੰਦਗੀ ਕਰਦੇ ਸਨ ਉੱਥੇ ਗੁ: ਮਾਤਾ ਸਾਹਿਬ ਕੌਰ ਸੁਸ਼ੋਭਿਤ ਹੈ। ਇਹ ਸਥਾਨ ਵੀ ਗੋਦਾਵਰੀ ਦੇ ਕਿਨਾਰੇ ਹੈ। ਗੁਰੂ ਜੀ ਇੱਥੇ ਮਾਤਾ ਜੀ ਕੋਲ ਆ ਕੇ ਲੰਗਰ ਛਕਦੇ ਤੇ ਵਿਸ਼ਰਾਮ ਕਰਦੇ ਸਨ। ਕੁਝ ਸਮੇਂ ਉਪਰੰਤ ਗੁਰੂ ਸਾਹਿਬ ਨੇ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਅਤੇ ਮਾਤਾ ਸੁੰਦਰੀ ਜੀ ਕੋਲ ਵਾਪਸ ਜਾਣ ਲਈ ਕਿਹਾ ਅਤੇ ਉਨ੍ਹਾਂ ਨੂੰ ਪੰਜ ਸ਼ਸਤਰ ਬਖ਼ਸ਼ੇ ਜਿਹਨਾਂ ਵਿਚ ਇਕ ਤਲਵਾਰ, ਖੰਜਰ, ਜਮਧਰ ਤੇ ਦੋ ਖੰਡੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਇਕ ਮੋਹਰ ਵੀ ਦਿੱਤੀ ਜੋ ਆਪ ਜੀ ਹੁਕਮਨਾਮਾ ਜਾਰੀ ਕਰਨ ਸਮੇਂ ਲਗਾਉਂਦੇ ਸਨ। ਮੋਹਰ ਦੀ ਬਖ਼ਸ਼ਿਸ਼ ਮਾਤਾ ਜੀ ਦਾ ਬਹੁਤ ਵੱਡਾ ਮਾਣ ਸੀ। ਗੁਰੂ ਜੀ ਦਾ ਹੁਕਮ ਮੰਨਦੇ ਹੋਏ ਮਾਤਾ ਜੀ ਵੈਰਾਗ ਭਰੇ ਪਰ ਧੀਰਜ ਧਰੇ ਮਨ ਨਾਲ ਦਿੱਲੀ ਲਈ ਰਵਾਨਾ ਹੋ ਗਏ। ਇਤਿਹਾਸਕਾਰਾਂ ਅਨੁਸਾਰ ਮਾਮਾ ਕ੍ਰਿਪਾਲ, ਭਾਈ ਰਾਮ ਕੁਇਰ ਤੇ ਭਾਈ ਸਾਹਿਬ ਸਿੰਘ ਜੀ ਵੀ ਉਨ੍ਹਾਂ ਨਾਲ ਸਨ। (ਦਸ ਗੁਰੂ ਮਹਿਲ, ਸੰਪਾਦਕ ਡਾ: ਮਹਿੰਦਰ ਕੌਰ ਗਿੱਲ, ਪੰਨਾ 226)

ਮਾਤਾ ਜੀ ਦਿੱਲੀ ਪਹੁੰਚ ਗਏ। ਇੱਥੇ ਹੀ ਪਹਿਲਾਂ ਗੁਰੂ ਜੀ 'ਤੇ ਹਮਲੇ ਦੀ ਅਤੇ ਫਿਰ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਉਨ੍ਹਾਂ ਨੂੰ ਮਿਲੀ। ਮਾਤਾ ਜੀ ਬਹੁਤ ਕਮਜ਼ੋਰ ਹੋ ਗਏ ਸਨ। ਆਪ ਬਾਣੀ ਦਾ ਜਾਪ ਕਰਦੇ ਰਹਿੰਦੇ ਤੇ ਖਾਣਾ-ਪੀਣਾ ਬਹੁਤ ਘੱਟ ਕਰ ਦਿੱਤਾ ਸੀ। ਪਰ ਸੰਗਤ ਨੂੰ ਭਾਣਾ ਮਿੱਠਾ ਕਰ ਕੇ ਮੰਨਣ ਦਾ ਉਪਦੇਸ਼ ਦਿੰਦੇ। ਭਾਈ ਸੰਤੋਖ ਸਿੰਘ ਜੀ ਨੇ ਉਨ੍ਹਾਂ ਦੀ ਦਸ਼ਾ ਨੂੰ ਇਨ੍ਹਾਂ ਸ਼ਬਦਾਂ 'ਚ ਬਿਆਨ ਕੀਤਾ ਹੈ :-

"ਦੁਰਬਲ ਦੇਹ ਦਸਾ ਬਹੁ ਕੀਨੀ
ਕਹੇ ਸੁੰਦਰੀ ਬਹੁਤ ਸਮਝਾਏ
ਤਦਪ ਅਲਪ ਹੀ ਭੋਜਨ ਖਾਏ
ਸਾਹਿਬ ਕੌਰ ਸਦਾ ਸਚੇਤ। "

ਸਮਾਂ ਆਪਣੀ ਤੋਰੇ ਤੁਰਦਾ ਗਿਆ ਤੇ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰੀ ਜੀ ਦਿੱਲੀ ਹੀ ਰਹੀਆਂ। ਦਿੱਲੀ ਦਾ ਉਸ ਸਮੇਂ ਦਾ ਹੁਕਮਰਾਨ ਬਹਾਦਰ ਸ਼ਾਹ ਗੁਰ ਮਹਿਲਾਵਾਂ ਦਾ ਬਹੁਤ ਆਦਰ ਕਰਦਾ ਸੀ। ਉਸ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਫ਼ਰਖਸ਼ੀਅਰ ਫਿਰ ਸਿੱਖ ਸੰਗਤਾਂ 'ਤੇ ਜ਼ੁਲਮ ਕਰਨ ਲੱਗਾ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਦੋਵੇਂ ਮਾਤਾਵਾਂ ਪਹਿਲਾਂ ਮਥੁਰਾ ਅਤੇ ਫਿਰ ਜੈਪੁਰ ਚਲੀਆਂ ਗਈਆਂ ਕਿਉਂਕਿ ਉੱਥੋਂ ਦਾ ਰਾਜਾ ਜੈ ਸਿੰਘ ਮਾਤਾਵਾਂ ਦਾ ਸ਼ਰਧਾਲੂ ਸੀ। ਉਸ ਨੇ ਮਾਤਾਵਾਂ ਦੀ ਰਹਾਇਸ਼ ਦਾ ਪ੍ਰਬੰਧ ਕੀਤਾ ਅਤੇ ਸੇਵਾ ਪੱਖੋਂ ਪੂਰਾ ਧਿਆਨ ਰੱਖਿਆ। ਕਈ ਸਾਲ ਦੋਵੇਂ ਮਾਤਾਵਾਂ ਜੈਪੁਰ ਹੀ ਰਹੀਆਂ। ਫ਼ਰਖਸ਼ੀਅਰ ਦੀ ਮੌਤ ਤੋਂ ਬਾਅਦ ਦਿੱਲੀ ਦਾ ਬਾਦਸ਼ਾਹ ਮੁਹੰਮਦਸ਼ਾਹ ਰੰਗੀਲਾ ਬਣਿਆ। ਉਸ ਦਾ ਵਜ਼ੀਰ ਮਾਤਾਵਾਂ ਦਾ ਬਹੁਤ ਆਦਰ ਕਰਦਾ ਸੀ। ਸਿੱਖ ਸੰਗਤਾਂ ਮਾਤਾਵਾਂ ਨੂੰ ਵਿਆਕੁਲਤਾ ਨਾਲ ਉਡੀਕ ਰਹੀਆਂ ਸਨ ਸੋ ਦੋਵੇਂ ਮਾਤਾਵਾਂ ਵਾਪਿਸ ਦਿੱਲੀ ਆ ਗਈਆਂ।

ਮਾਤਾਵਾਂ ਦਿੱਲੀ ਬੈਠੀਆਂ ਸਿੱਖ ਪੰਥ ਦੀ ਅਗਵਾਈ ਕਰਦੀਆਂ ਰਹੀਆਂ। ਮਾਤਾ ਸਾਹਿਬ ਕੌਰ ਜੀ ਗੁਰ-ਪਤੀ ਦੀ ਯਾਦ 'ਚ ਮਨ ਜੋੜ ਅਰਾਧਨਾ ਕਰਦੇ ਰਹਿੰਦੇ ਤੇ ਬਾਣੀ ਦਾ ਜਾਪ ਕਰਦੇ ਰਹਿੰਦੇ। ਗੁਰੂ ਜੀ ਦੇ ਜੀਵਨ ਕਾਲ ਵਿਚ ਉਨ੍ਹਾਂ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਪਰ ਇਤਿਹਾਸਕਾਰਾਂ ਅਨੁਸਾਰ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਤਾ ਸਾਹਿਬ ਕੌਰ ਨੇ ਸਮੇਂ-ਸਮੇਂ ਨੌਂ ਹੁਕਮਨਾਮੇ ਜਾਰੀ ਕੀਤੇ। ਮਾਤਾ ਸਾਹਿਬ ਕੌਰ ਜੀ ਗੁਰ-ਪਤੀ ਦੇ ਹੁਕਮਾਂ ਦੀ ਪਾਲਣਾ ਕਰਦੇ ਆਪਣੇ ਨਾਦੀ ਪੁੱਤਰ ਦੀ ਚੜ੍ਹਦੀ ਕਲਾ ਲਈ ਕਾਰਜ ਤੇ ਬੰਦਗੀ ਕਰਦੇ ਰਹੇ ਪਰ ਮਨ ਵੈਰਾਗਿਆ ਰਹਿੰਦਾ। ਇਤਿਹਾਸ ਗਵਾਹ ਹੈ ਮਾਤਾ ਸਾਹਿਬ ਕੌਰ 66 ਸਾਲ (1681 ਈ: ਤੋਂ 1747 ਈ: ਤਕ ਦੀ ਉਮਰ ਭੋਗਦੇ ਹੋਏ 27 ਅੱਸੂ 1804 ਬਿਕਰਮੀ ਮੁਤਾਬਕ 1747 ਈ:) ਨੂੰ ਪ੍ਰਲੋਕ ਗਮਨ ਕਰ ਗਏ। ਉਨ੍ਹਾਂ ਨੇ ਕੁੱਲ 8 ਸਾਲ ਆਪਣੇ ਗੁਰੂ-ਪਤੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਗੁਜ਼ਾਰੇ ਅਤੇ ਪੂਰੇ 39 ਸਾਲ ਪ੍ਰਭੂ ਭਗਤੀ ਵਿਚ ਡੁੱਬ ਕੇ ਪ੍ਰੇਮਾ ਭਗਤੀ ਵਿਚ ਬਤੀਤ ਕੀਤੇ। ਸ਼ਸਤਰਾਂ ਵਿੱਚੋਂ ਦਸਮ ਪਿਤਾ ਦੇ ਦਰਸ਼ਨ ਕਰ ਕੇ ਹੀ ਅੰਨ-ਜਲ ਗ੍ਰਹਿਣ ਕਰਦੇ ਰਹੇ। ਮਾਤਾ ਸੁੰਦਰੀ ਜੀ ਨੂੰ ਵੱਡੀ ਭੈਣ ਦਾ ਹੀ ਨਹੀਂ ਮਾਂ ਦਾ ਦਰਜਾ ਦਿੰਦੇ ਪਿਆਰ-ਸਤਿਕਾਰ ਕਰਦੇ ਰਹੇ।

ਮਾਤਾ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਅੰਤਮ ਸੰਸਕਾਰ ਗੁਰਦੁਆਰਾ ਬਾਲਾ ਸਾਹਿਬ ਪਾਤਸ਼ਾਹੀ ਅੱਠਵੀਂ ਵਿਖੇ ਕੀਤਾ ਗਿਆ ਜਿੱਥੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਸੰਸਕਾਰ ਕੀਤਾ ਗਿਆ ਸੀ। ਮਾਤਾ ਜੀ ਆਪਣੇ ਜੀਵਨ ਕਾਲ ਵਿਚ ਗੁ: ਬਾਲਾ ਸਾਹਿਬ ਜਾ ਕੇ ਸੇਵਾ ਸਿਮਰਨ ਵੀ ਕਰਦੇ ਰਹੇ ਸਨ।

ਮਾਤਾ ਸਾਹਿਬ ਕੌਰ ਜੀ ਕੇਵਲ ਸਿੱਖ ਬੀਬੀਆਂ ਲਈ ਹੀ ਨਹੀਂ ਬਲਕਿ ਸਮੁੱਚੀ ਔਰਤ ਜਾਤੀ ਲਈ ਇਕ ਚਾਨਣ ਮੁਨਾਰਾ ਹਨ। ਗੁਰ-ਪਤੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪ੍ਰੇਮ ਵਿਚ ਰੱਤੇ ਅਤੇ ਪ੍ਰਮੇਸ਼ਰ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਕਸ਼ਟ ਵੀ ਸਹਾਰੇ ਤੇ ਵਿਛੋੜੇ ਵੀ ਝੱਲੇ। ਜਿਸ ਤਰ੍ਹਾਂ ਸਰਬੰਸ ਦਾਨੀ ਪਿਤਾ ਦੀ ਦਿੱਤੀ ਲਾਸਾਨੀ ਕੁਰਬਾਨੀ ਦਾ ਦੁਨੀਆ ਭਰ ਦੇ ਇਤਿਹਾਸ ਵਿਚ ਕੋਈ ਬਦਲ ਨਹੀਂ ਇਸੇ ਤਰ੍ਹਾਂ ਹੀ ਮਾਤਾ ਸਾਹਿਬ ਕੌਰ ਜੀ ਦੇ ਤੁੱਲ ਉੱਚੇ-ਸੁੱਚੇ ਆਚਰਣ, ਤਪੱਸਿਆ-ਤਿਆਗ, ਸਬਰ-ਸੰਤੋਖ, ਸੇਵਾ-ਸਿਮਰਨ ਅਤੇ ਪ੍ਰੇਮ ਦੇ ਅਥਾਹ ਸਾਗਰ ਜਿਹੇ ਹਿਰਦੇ ਵਾਲੀ ਕੋਈ ਮਹਾਨ ਔਰਤ ਵੀ ਨਹੀਂ ਮਿਲਦੀ। ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਅਤੇ ਨਾਦੀ ਪੁੱਤਰ ਦੀ ਮਾਤਾ ਸਾਹਿਬ ਕੌਰ ਜੀ ਦੀ ਬਾ-ਕਮਾਲ ਸਖ਼ਸ਼ੀਅਤ ਅੱਗੇ ਖ਼ੁਦ-ਬ-ਖ਼ੁਦ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। •

**ਗੁਰੂ ਭਗਤੀ ਦਾ ਸ੍ਰੇਸ਼ਠ ਫਲ**

# ਗੁਰੂ-ਸੇਵਾ ਕਦੇ ਵਿਅਰਥ ਨਹੀਂ ਜਾਂਦੀ...

ਮਹਾਭਾਰਤ ਅਨੁਸਾਰ, ਆਯੋਦਧੌਮਯ ਰਿਸ਼ੀ ਦੇ ਸ਼ਿਸ਼ ਸਨ ਆਰੁਣੀ। ਉਹ ਪੰਚਾਲ ਦੇਸ਼ ਦੇ ਰਹਿਣ ਵਾਲੇ ਸਨ। ਆਰੁਣੀ ਆਪਣੇ ਗੁਰੂ ਦੀ ਹਰ ਆਗਿਆ ਦਾ ਪਾਲਣ ਕਰਦੇ ਸਨ। ਰਿਸ਼ੀ ਆਸ਼ਰਮ 'ਚ ਖਾਣਾ ਪਕਾਉਣ ਲਈ ਜੰਗਲ 'ਚੋਂ ਲੱਕੜੀਆਂ ਚੁਗਣ ਜਾਂ ਭਿੱਖਿਆ ਮੰਗਣਾ ਦੇ ਇਲਾਵਾ, ਸ਼ਿਸ਼ਾਂ ਨੂੰ ਖੇਤਾਂ 'ਚ ਕੰਮ ਕਰਨਾ ਪੈਂਦਾ ਸੀ। ਇਕ ਦਿਨ ਬਹੁਤ ਤੇਜ਼ ਮੀਂਹ ਨਾਲ ਤੇਜ਼ ਹਵਾ ਵੀ ਚੱਲ ਰਹੀ ਸੀ। ਵੱਡੇ ਵੱਡੇ ਰੁੱਖ, ਹਨੇਰੀ-ਪਾਣੀ 'ਚ ਤਿਨਕੇ ਵਾਂਗ ਉਖੜ ਰਹੇ ਸਨ। ਅਜਿਹੀ ਸਥਿਤੀ 'ਚ ਆਯੋਦਧੌਮਯ ਨੂੰ ਖੇਤ 'ਚ ਲੱਗੀ ਫਸਲ ਦੀ ਚਿੰਤਾ ਹੋਈ। ਉਨ੍ਹਾਂ ਨੇ ਆਰੁਣੀ ਨੂੰ ਆਵਾਜ਼ ਮਾਰੀ ਅਤੇ ਵੱਟ ਬੰਨ੍ਹਣ ਲਈ ਭੇਜ ਦਿੱਤਾ। ਆਰੁਣੀ ਖੇਤ 'ਚ ਜਾ ਕੇ ਵੱਟ ਬੰਨ੍ਹਣ ਦੀ ਕੋਸ਼ਿਸ਼ ਕਰਨ ਲੱਗਾ। ਜਦ ਉਹ ਖੇਤ ਦੀ ਵੱਟ ਬੰਨ੍ਹਣ 'ਚ ਸਫਲ ਨਾ ਹੋ ਸਕੇ ਤਾਂ, ਨੱਕੇ ਦੀ ਥਾਂ 'ਤੇ ਉਹ ਖੁਦ ਲੰਮੇ ਪੈ ਗਏ, ਤਾਂਕਿ ਪਾਣੀ ਖੇਤ ਅੰਦਰ ਨਾ ਆ ਸਕੇ। ਜਦ ਕਾਫ਼ੀ ਚਿਰ ਤਕ ਆਰੁਣੀ ਆਸ਼ਰਮ 'ਚ ਵਾਪਸ ਨਾ ਮੁੜੇ ਤਾਂ ਗੁਰੂ ਆਯੋਦਧੌਮਯ ਸ਼ਿਸ਼ਾਂ ਨਾਲ ਉਨ੍ਹਾਂ ਨੂੰ ਲੱਭਣ ਖੇਤ ਤਕ ਆ ਗਏ। ਉਨ੍ਹਾਂ ਦੀ ਗੁਰੂ ਭਗਤੀ ਦੇਖ ਕੇ ਉਹ ਬਹੁਤ ਖ਼ੁਸ਼ ਹੋਏ ਅਤੇ ਉਸ ਨੂੰ ਵੇਦ ਅਤੇ ਧਰਮ ਸ਼ਾਸਤਰਾਂ ਦਾ ਗਿਆਨ ਹੋ ਜਾਣ ਦਾ ਆਸ਼ੀਰਵਾਦ ਦਿੱਤਾ।



**ਗੁਰੂ ਦੇ ਹੁਕਮ ਅੱਗੇ ਸਿਰ ਝੁਕਾਉਣ ਵਾਲੇ ਪ੍ਰੇਮੀ ਹੀ ਉਨ੍ਹਾਂ ਦੀਆਂ ਖ਼ੁਸ਼ੀਆਂ ਅਤੇ ਅਸ਼ੀਰਵਾਦ ਦੇ ਪਾਤਰ ਬਣਦੇ ਹਨ। ਗੁਰੂ ਜੀ ਅਜਿਹੇ ਪ੍ਰੇਮੀਆਂ ਲਈ ਫ਼ਿਕਰਮੰਦ ਰਹਿੰਦੇ ਹਨ...**

# ਹਰਿਮੰਦਰ ਸਾਹਿਬ ਵਿਖੇ ਸ਼ਬਦ ਚੌਂਕੀਆਂ



ਦਿਲਜੀਤ ਸਿੰਘ ਬੇਦੀ
ਮੋਬਾਈਲ : 98148 98570

ਸਿੱਖ ਬੋਲਚਾਲ ਦੀ ਭਾਸ਼ਾ ਵਿਚ ਚੌਂਕੀ ਦਾ ਅਰਥ-ਗੁਰਬਾਣੀ ਦੇ ਸ਼ਬਦ ਗਾਉਣ ਵਾਲੇ ਚਾਰ ਸਿੰਘਾਂ ਦੇ ਜਥੇ ਨੂੰ ਕਹਿੰਦੇ ਹਨ ਅਤੇ 'ਗਾਵਤ ਚਉਕੀ ਸ਼ਬਦ ਪ੍ਰਕਾਸ਼ " ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਾਗੀ ਜਥਿਆਂ ਨੂੰ ਵੀ ਚੌਂਕੀਆਂ ਭਰਨੀਆਂ ਕਹਿੰਦੇ ਹਨ। ਪਰ ਇਥੇ ਚੌਂਕੀਆਂ ਤੋਂ ਭਾਵ ਉਹ ਸ਼ਬਦੀ ਜੋ ਜਥੇ ਬਿਨਾਂ ਸਾਜ਼ਾਂ ਤੋਂ ਜੋਟੀਆਂ ਦੇ ਸ਼ਬਦ ਪੜ੍ਹਦੇ ਸ੍ਰੀ ਅੰਮ੍ਰਿਤਸਰ ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਕਰਦੇ ਹਨ।

ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਪਹਿਲੀ ਚੌਂਕੀ, ਗੁਰੂ ਹਰਿਗੋਬਿੰਦ ਸਾਹਿਬ ਦੇ ਕਿਲ੍ਹਾ ਗਵਾਲੀਅਰ ਵਿਖੇ ਨਜ਼ਰਬੰਦ ਹੋਣ 'ਤੇ ਸਤਿਗੁਰਾਂ ਦੀ ਯਾਦ ਵਿਚ ਬਾਬਾ ਬੁੱਢਾ ਜੀ ਨੇ ਆਰੰਭ ਕੀਤੀ ਸੀ। ਇਹ ਪ੍ਰੰਪਰਾ ਗੁਰੂ ਦੇ ਸਨਮੁਖ ਸਮਰਪਿਤ ਮੁੜ ਗੁਰੂ ਸਾਹਿਬਾਨ ਅਤੇ ਮਹਾਨ ਗੁਰਸਿੱਖਾਂ ਦੇ ਨਗਰ ਕੀਰਤਨਾਂ ਸਮੇਂ ਪ੍ਰਚੱਲਿਤ ਰੂਪ ਅਖਤਿਆਰ ਕਰ ਗਈ ਅਤੇ ਸਹਿਜੇ-ਸਹਿਜੇ ਇਹ ਪ੍ਰੰਪਰਾ ਰੋਜ਼ਾਨਾ ਮਰਯਾਦਾ 'ਚ ਸ਼ਾਮਲ ਹੋ ਗਈ।

ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਉੱਪਰ ਸ੍ਰੀ ਰਹਿਰਾਸ ਦੇ ਪਾਠ ਦਾ ਭੋਗ ਪੈਣ ਉਪਰੰਤ ਚੌਂਕੀ ਦਾ ਮੁਖੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆ ਹਾਜ਼ਰ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਾਹਿਬ ਇਨ੍ਹਾਂ ਨੂੰ ਸ੍ਰੀ ਸਾਹਿਬ ਤੇ ਇਕ ਨਿਸ਼ਾਨ ਸਾਹਿਬ ਬਖ਼ਸ਼ਸ਼ ਕਰਦੇ ਹਨ। ਇਨ੍ਹਾਂ 'ਚੋਂ ਇਕ ਸਿੰਘ ਅਰਦਾਸ ਕਰਦਾ ਹੈ, ਉਪ੍ਰੰਤ ਗੁਰਬਾਣੀ ਦਾ ਸ਼ਬਦ ਗਾਉਣ ਨਾਲ ਚੌਂਕੀ ਦਾ ਆਰੰਭ ਹੋ ਜਾਂਦਾ ਹੈ। ਸ਼ਬਦ ਪੜ੍ਹਨ ਵਾਲੇ ਪ੍ਰੇਮੀਆਂ ਦੇ ਦੋ ਜਥੇ ਬਣ ਜਾਂਦੇ ਹਨ। ਅਗਲਾ ਜਥਾ ਸ਼ਬਦ ਪੜ੍ਹਦਾ ਹੈ ਤੇ ਦੂਜਾ ਜਥਾ ਉਸੇ ਤੁਕ ਨੂੰ ਪਹਿਲੇ ਜਥੇ ਵਾਂਗ ਮਗਰ ਪੜ੍ਹਦਾ ਹੈ। ਇਕ ਮਸਾਲਚੀ ਰੌਸ਼ਨੀ ਹਿੱਤ ਚੌਂਕੀ ਦੇ ਅੱਗੇ ਤੇ ਦੂਜਾ ਪਿੱਛੇ ਇਕ ਚੋਬਦਾਰ ਚੌਂਕੀ ਦੇ ਅੱਗੇ ਚੱਲਦਾ ਹੈ ।

ਇਸ ਚੌਂਕੀ ਵਿਚ ਕੁਝ ਗਿਣੇ-ਮਿਥੇ ਸ਼ਬਦ ਹੀ ਪੜ੍ਹੇ ਜਾਂਦੇ ਹਨ। ਇਸ ਤਰ੍ਹਾਂ ਪ੍ਰੇਮ ਨਾਲ ਸ਼ਬਦ ਪੜ੍ਹਦਿਆਂ ਕਈ ਹੋਰ ਪ੍ਰੇਮੀ ਵੀਰ ਵੀ ਨਾਲ ਮਿਲ ਜਾਂਦੇ ਹਨ। ਇਹ ਚੌਂਕੀ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾ ਕਰ ਕੇ ਦਰਸ਼ਨੀ ਡਿਓੜੀ ਦਰਵਾਜ਼ੇ ਰਾਹੀਂ ਸਰੋਵਰ ਦੇ ਪੁਲ ਉੱਪਰ ਦੀ ਇਹ ਚੌਂਕੀ ਸੰਗਤ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦਰਵਾਜ਼ੇ ਦੇ ਨਜ਼ਦੀਕ ਪੁੱਜਦੀ ਹੈ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੋ ਰਿਹਾ ਕੀਰਤਨ ਬੰਦ ਹੋ ਜਾਂਦਾ ਹੈ ਪਰ ਅੰਦਰਲੀ ਸੰਗਤ ਸਜੀ (ਬੈਠੀ) ਰਹਿੰਦੀ ਹੈ। ਚੌਂਕੀ ਸ਼ਬਦ ਪੜ੍ਹਦੀ ਸਹਿਜੇ-ਸਹਿਜੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੀ ਜਦ ਮੁੜ ਕੇ ਪਹਿਲੇ ਦਰਵਾਜ਼ੇ ਅੱਗੇ ਆ ਕੇ ਖੜ੍ਹੀ ਹੋ ਜਾਂਦੀ ਹੈ ਤਾਂ ਚੌਂਕੀ ਦਾ ਅਰਦਾਸੀਆ ਸਿੰਘ ਅਰਦਾਸ ਕਰ ਕੇ ਸ਼ਬਦ ਚੌਂਕੀ ਦਾ ਭੋਗ ਪਾ ਦਿੰਦਾ ਹੈ। ਉਸੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਆਰੰਭ ਹੋ ਜਾਂਦਾ ਹੈ ਤੇ ਵਾਪਸ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਜਾ ਕੇ ਸ੍ਰੀ ਸਾਹਿਬ ਤੇ ਨਿਸ਼ਾਨ ਸਾਹਿਬ ਡਿਊਟੀ ਵਾਲੇ ਸਿੰਘ ਨੂੰ ਵਾਪਸ ਕਰ ਦੇਂਦੇ ਹਨ।

ਸਿੱਖ ਸੰਗਤ ਦੀ ਇਸ ਚੌਂਕੀ ਉੱਪਰ ਬਹੁਤ ਸ਼ਰਧਾ ਭਾਵਨਾ ਹੈ। ਸ਼ਰਧਾਲੂ ਇਸ ਚੌਂਕੀ ਵਿਚ ਸ਼ਾਮਲ ਹੋ ਕੇ ਸੁੱਖਣਾ ਸੁਖਦੇ ਹਨ ਤੇ ਕਹਿੰਦੇ ਹਨ ਇਸ ਚੌਂਕੀ ਦੀ ਹਾਜ਼ਰੀ ਭਰਨ ਨਾਲ ਕਾਮਨਾ ਪੂਰੀਆਂ ਹੋ ਜਾਂਦੀਆਂ ਹਨ। ਇਹ ਬਾਬਾ ਬੁੱਢਾ ਸਾਹਿਬ ਜੀ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਆਰੰਭ ਕੀਤੀ ਹੋਣ ਕਰਕੇ ਸੰਗਤ ਇਸ ਚੌਂਕੀ ਨੂੰ ਬਹੁਤ ਮਹੱਤਵ ਦੇਂਦੀ ਹੈ ਤੇ ਸ਼ਰਧਾ ਰੱਖਦੀ ਹੈ।

ਇਤਿਹਾਸਕ ਹਵਾਲਿਆਂ 'ਚ ਜ਼ਿਕਰ ਮਿਲਦਾ ਹੈ ਕਿ ਚੌਂਕੀ ਮਹੰਤ ਸੋਭਾ ਸਿੰਘ ਚੌਂਕੀ ਮਹੰਤ ਦੀਨਾ ਨਾਥ। ਪਹਿਲਾਂ ਇਕੋ ਚੌਂਕੀ ਸੀ, ਜਿਸ ਨੂੰ 1830 ਈ: ਵਿਚ ਭਾਈ ਘਨੱਯਾ ਸਿੰਘ ਅੱਡਣਸ਼ਾਹੀ ਨੇ ਆਰੰਭ ਕੀਤਾ ਸੀ, ਪਰ ਇਹ ਚੌਂਕੀ ਉਪਰੋਕਤ



ਦੋਹਾਂ ਮਹੰਤਾਂ ਦੇ ਨਾਂ 'ਤੇ ਦੋ ਹਿੱਸਿਆਂ ਵਿਚ ਵੰਡੀ ਗਈ। ਇਹ ਦੋਵੇਂ ਚੌਂਕੀਆਂ ਪਹਿਲੀ ਚੌਂਕੀ ਤੋਂ ਬਾਅਦ ਤੇ ਸਮਾਪਤੀ ਤੋਂ ਪਹਿਲਾਂ ਪਹਿਲਾਂ ਅੱਗੜ-ਪਿੱਛੜ ਚੜ੍ਹਦੀਆਂ ਸਨ। ਤੀਜੀ ਚੌਂਕੀ ਦੀ ਸੇਵਾ ਮਹੰਤ ਕਰਮ ਸਿੰਘ ਅਤੇ ਮਹੰਤ ਅਮਰ ਸਿੰਘ ਕਰਦੇ ਰਹੇ। ਦੀਨਾ ਨਾਥ ਅੰਮ੍ਰਿਤ ਛਕ ਕੇ ਦੀਨਾ ਸਿੰਘ ਬਣ ਗਏ। ਮਹੰਤ ਦੀਨਾ ਸਿੰਘ ਦਾ ਸਪੁੱਤਰ ਮਹੰਤ ਅਮਰ ਸਿੰਘ ਸੀ। ਏਸੇ ਤਰ੍ਹਾਂ ਹੀ ਸਮੇਂ-ਸਮੇਂ ਇਨ੍ਹਾਂ ਚੌਂਕੀਆਂ ਨਾਲ ਸੇਵਾ ਕਰਦੇ ਸੇਵਕ ਅੱਗੋਂ ਮੁਖੀ ਵਜੋਂ ਸੇਵਾ ਸੰਭਾਲਦੇ ਰਹੇ ਹਨ। ਇਹ ਪ੍ਰੰਪਰਾ ਏਵੇਂ ਹੀ ਅੱਜ ਵੀ ਜਾਰੀ ਹੈ।

ਇਕ ਚੌਂਕੀ ਭਾਈ ਅਰਜਨ ਸਿੰਘ ਬਾਗਾਂ ਵਾਲੇ ਦੇ ਭਰਾ ਭਾਈ ਨਰੈਣ ਸਿੰਘ ਨੇ 1905 ਈ: ਵਿਚ ਆਰੰਭ ਕੀਤੀ ਸੀ। ਇਹ ਚੌਂਕੀ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਪੁੱਜਣ ਤੋਂ ਬਾਅਦ ਆਰੰਭ ਹੁੰਦੀ। ਏਸੇ ਤਰ੍ਹਾਂ ਮਹੰਤ ਭਾਈ ਸੰਤ ਸਿੰਘ ਕਲੀ ਵਾਲਿਆਂ ਨੇ 1910 ਈ: ਵਿਚ ਚੌਂਕੀ ਆਰੰਭ ਕੀਤੀ ਸੀ। ਇਹ ਚੌਂਕੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਆਸਾ ਜੀ ਦੀ ਵਾਰ ਦੇ ਭੋਗ, ਅਰਦਾਸ ਤੇ ਮੁਖਵਾਕ ਹੋਣ ਤੋਂ ਬਾਅਦ ਆਰੰਭ ਹੁੰਦੀ ਹੈ।

ਅੱਜ ਕੱਲ੍ਹ ਅੰਮ੍ਰਿਤ ਵੇਲੇ ਦੀ ਪਹਿਲੀ ਚੌਂਕੀ ਦੀ ਸੇਵਾ ਭਾਈ ਘਨੱਈਆ ਸਿੰਘ ਪਿੰਡ ਫਤਾਹਪੁਰ ਪਿਛਲੇ 12 ਸਾਲ ਤੋਂ ਸੇਵਾ ਨਿਭਾ ਰਹੇ ਹਨ। ਦੂਸਰੇ ਹੁਕਮਨਾਮੇ ਦੀ ਚੌਂਕੀ ਦੀ ਸੇਵਾ ਭਾਈ ਮਨਜੀਤ ਸਿੰਘ ਸੌ ਫੁੱਟੀ ਰੋਡ ਵਾਲੇ 4 ਕੁ ਸਾਲ ਤੋਂ ਨਿਭਾ ਰਹੇ ਹਨ। ਸ਼ਬਦ ਚੌਂਕੀ ਬਾਬਾ ਬੁੱਢਾ ਸਾਹਿਬ ਜੀ ਰਹਿਰਾਸ ਤੋਂ ਬਾਅਦ ਵਾਲੀ ਦੀ ਸੇਵਾ ਲੰਮੇ ਸਮੇਂ ਤੋਂ ਭਾਈ ਰਮਿੰਦਰ ਸਿੰਘ ਕਰ ਰਹੇ ਹਨ। ਸ਼ਬਦ ਚੌਂਕੀ ਸਮਾਪਤੀ ਦੀ ਸੇਵਾ ਭਾਈ ਰਜਿੰਦਰ ਸਿੰਘ ਕਟੜਾ ਦਲ ਸਿੰਘ ਵਾਲੇ ਪਿਛਲੇ ਪੰਦਰਾਂ ਸਾਲ ਤੋਂ ਕਰ ਰਹੇ ਹਨ।

ਇਕ ਚੌਂਕੀ ਹਰ ਮੱਸਿਆ ਤੋਂ ਇਕ ਦਿਨ ਪਹਿਲਾਂ ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਪੈਦਲ ਸ਼ਬਦ ਪੜ੍ਹਦਿਆਂ ਸ੍ਰੀ ਦਰਬਾਰ ਸਾਹਿਬ ਤਰਨ-ਤਾਰਨ ਵਿਖੇ ਅੰਮ੍ਰਿਤ ਵੇਲੇ ਦੇ ਪਹਿਲੇ ਮੁਖਵਾਕ ਹੋਣ ਤੋਂ ਪਹਿਲਾਂ-ਪਹਿਲਾਂ ਉੱਥੇ ਪਹੁੰਚ ਜਾਂਦੀ ਹੈ। ਏਸੇ ਤਰ੍ਹਾਂ ਹਰ ਪੁੰਨਿਆਂ ਤੋਂ ਪਹਿਲੇ ਦਿਨ, ਰਾਤ ਨੂੰ ਇਕ ਚੌਂਕੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਅੰਮ੍ਰਿਤ ਵੇਲੇ ਦੇ ਮੁਖਵਾਕ ਤੋਂ ਪਹਿਲਾਂ ਗੋਇੰਦਵਾਲ ਪੁੱਜ ਜਾਂਦੀ ਹੈ। ਮੁੜ ਇਹ ਦੋਵੇਂ ਚੌਂਕੀਆਂ ਵੱਖ-ਵੱਖ ਸਾਧਨਾ ਰਾਹੀਂ ਵਾਪਸ ਅੰਮ੍ਰਿਤਸਰ ਆ ਜਾਂਦੀਆਂ ਹਨ।

ਉਪਰੋਕਤ ਚੌਂਕੀਆਂ ਤੋਂ ਇਲਾਵਾ ਖ਼ਾਸ ਗੁਰਪੁਰਬਾਂ ਜਾਂ ਸਾਲਾਨਾ ਜੋੜ-ਮੇਲਿਆਂ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਛੇਹਰਟਾ ਸਾਹਿਬ, ਗੁਰਦੁਆਰਾ ਪਾ : ਛੇਵੀਂ ਪਿੰਡ ਵਡਾਲੀ ਸਾਹਿਬ, ਗੁਰਦੁਆਰਾ ਨਾਨਕਸਰ ਸਾਹਿਬ ਵੇਰਕਾ, ਗੁਰਦੁਆਰਾ ਪਾਤਸ਼ਾਹੀ ਨੌਵੀਂ ਵੱਲਾ, ਗੁਰਦੁਆਰਾ ਸਾਹਿਬ ਝਬਾਲ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਗੁ: ਸੰਨ ਸਾਹਿਬ ਬਾਸਰਕੇ ਆਦਿ ਸਥਾਨਾਂ ਨੂੰ ਸਾਲ ਵਿਚ ਇਕ ਇਕ ਵਾਰ ਚੌਂਕੀ ਚੜ੍ਹਦੀ ਹੈ। ਇਨ੍ਹਾਂ ਨੂੰ ਯਾਤਰਾ ਚੌਂਕੀਆਂ ਕਹਿੰਦੇ ਹਨ। •

# ਬੇਅਦਬੀ ਮਾਮਲੇ ’ਚ ਰਾਮ ਰਹੀਮ ਖ਼ਿਲਾਫ਼ ਕਾਰਵਾਈ ਦੀ ਬਜਾਏ ਹੋ ਰਹੀ ਸਿਆਸਤ: ਅਕਾਲੀ ਦਲ

ਕੌਮੀ ਪਤ੍ਰਿਕਾ

ਚੰਡੀਗੜ੍ਹ 8 ਜੁਲਾਈ। ਸ਼੍ਰੋਮਣੀ ਅਕਾਲੀ ਦਲ ਨੇ ਅੱਜ ਕਿਹਾ ਕਿ ਮੌਜੂਦਾ ਸਰਕਾਰ ਬਹਿਬਲ ਕਲਾਂ ਗੋਲੀਬਾਰੀ ਕੇਸ ਵਿਚ ਨਵੀਂ ਐੱਸ ਆਈ ਟੀ ਗਠਿਤ ਕਰ ਕੇ ਬੇਅਦਬੀ ਮਾਮਲੇ ’ਤੇ ਸਿਆਸਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਇਸ ਕੇਸ ਵਿਚ ਪਹਿਲਾਂ ਹੀ ਚਾਰ ਚਾਰਜਸ਼ੀਟਾਂ ਦਾਇਰ ਹੋ ਚੁੱਕੀਆਂ ਹਨ। ਪਾਰਟੀ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਉਹ ਦੱਸੇ ਕਿ ਬੁਰਜ ਜਵਾਹਰ ਸਿੰਘ ਤੇ ਬਰਗਾੜੀ ਬੇਅਦਬੀ ਕੇਸਾਂ ਵਿਚ ਐੱਸ ਆਈ ਟੀ ਵੱਲੋਂ ਗੁਰਮੀਤ ਰਾਮ ਰਹੀਮ ਨੂੰ ਮੁਲਜ਼ਮ ਠਹਿਰਾਉਣ ਦੇ ਬਾਵਜੂਦ ਸਰਕਾਰ ਉਨ੍ਹਾਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕਰ ਰਹੀ। ਇੱਥੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂ ਪਰਮਬੰਸ ਸਿੰਘ ਰੋਮਾਣਾ ਨੇ ਕਿਹਾ ਕਿ ਸਰਕਾਰ ਨੇ ਡੀ. ਆਈ. ਜੀ. ਹਰਜੀਤ ਸਿੰਘ ਦੀ ਅਗਵਾਈ ਵਾਲੀ ਐੱਸ. ਆਈ. ਟੀ. ਵੱਲੋਂ ਬੁਰਜ ਜਵਾਹਰ ਸਿੰਘ ਤੇ ਬਰਗਾੜੀ ਦੇ ਕੀਤੇ ਦੌਰਿਆਂ ਦੀ ਵਿਆਪਕ ਸੋਸ਼ਲ ਮੀਡੀਆ




ਕਵਰੇਜ ਕਰਵਾ ਕੇ ਮਿੱਥੇ ਕੇ ਪ੍ਰਚਾਰ ਮੁਹਿੰਮ ਚਲਾਈ ਹੈ। ਉਨ੍ਹਾਂ ਕਿਹਾ ਕਿ ਅਜਿਹਾ ਉਦੋਂ ਕੀਤਾ ਜਾ ਰਿਹਾ ਹੈ ਜਦੋਂ ਇਹ ਸੱਚਾਈ ਹੈ ਕਿ ਇਹ ਐੱਸ. ਆਈ. ਟੀ. ਬਹਿਬਲ ਕਲਾਂ ਕੇਸ ਦੀ ਜਾਂਚ ਕਰ ਰਹੀ ਹੈ ਅਤੇ ਇਸ ਦਾ ਬੁਰਜ ਜਵਾਹਰ ਸਿੰਘ ਤੇ ਬਰਗਾੜੀ ਬੇਅਦਬੀ ਮਾਮਲਿਆਂ ਨਾਲ ਕੋਈ ਲੈਣ ਦੇਣ ਨਹੀਂ ਹੈ। ਪਰਮਬੰਸ ਸਿੰਘ ਰੋਮਾਣਾ ਨੇ ਕਿਹਾ ਕਿ ਇਹ ਸਾਰਾ ਡਰਾਮਾ ਸਰਕਾਰ ਦੀਆਂ ਅਸਫਲਤਾਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਵਾਸਤੇ ਕੀਤਾ ਜਾ ਰਿਹਾ ਹੈ ਕਿਉਂਕਿ ਕੇਸ ਵਿਚ ਚਾਰ ਚਾਰਜਸ਼ੀਟਾਂ ਦਾਇਰ ਹੋਣ ਤੋਂ ਬਾਅਦ ਹੁਣ ਜਾਂਚ ਦਾ ਕੋਈ ਮਾਮਲਾ ਹੀ ਨਹੀਂ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਘਟੀਆ ਸਟੰਟ ਕਰਨ ਦੀ ਥਾਂ ਸਰਕਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਸ ਨੇ ਪਿਛਲੇ 9 ਸਾਲਾਂ ਵਿਚ ਵਾਪਰੀਆਂ ਬੇਅਦਬੀ ਦੀਆਂ 597 ਘਟਨਾਵਾਂ ਦੇ ਮਾਮਲੇ ਨੂੰ ਹੱਲ ਕਰਨ ਵਾਸਤੇ ਕੀ ਕੀਤਾ ਹੈ ? ਉਨ੍ਹਾਂ ਕਿਹਾ ਕਿ ਕੇਸਾਂ ਵਿਚ ਨਾਮਜ਼ਦ ਕੀਤੇ ਗਏ 247 ਲੋਕਾਂ ਨੂੰ ਹੁਣ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਉਹਨਾਂ ਕਿਹਾਕਿ 102 ਕੇਸਾਂ ਨੂੰ ਲਾਪਤਾ ਮਾਮਲੇ ਕਰਾਰ ਦਿੱਤਾ ਗਿਆ ਹੈ ਤੇ 82 ਕੇਸਾਂ ਨੂੰ ਰੱਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਹ ਵੀ ਦੱਸੇ ਕਿ ਇਸ ਨੇ ਸੁਲਤਾਨਪੁਰ ਲੋਧੀ ਵਿਚ ਪੁਲਸ ਫੋਰਸ ਵੱਲੋਂ ਕੀਤੀ ਬੇਅਦਬੀ ਦੇ ਮਾਮਲੇ ਵਿਚ ਕੀ ਕਾਰਵਾਈ ਕੀਤੀ ਹੈ। ਅਕਾਲੀ ਆਗੂ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਤੇ ਆਪ ਬੇਅਦਬੀ ਦੇ ਮਾਮਲੇ ’ਤੇ ਹਮੇਸ਼ਾ ਰਾਜਨੀਤੀ ਕਰਦੇ ਆ ਰਹੇ ਹਨ। ਹਰ ਵਾਰ ਚੋਣਾਂ ਵਿਚ ਬੇਅਦਬੀ ਮਾਮਲਾ ਮੁੱਖ ਤੌਰ ’ਤੇ ਉਭਾਰਨ ਦਾ ਯਤਨ ਹੁੰਦਾ ਹੈ। ਹੁਣ ਸਰਕਾਰ ਇਸ ਮਸਲੇ ਦਾ ਰਾਜਨੀਤੀਕਰਨ ਕਰਨ ’ਤੇ ਤੁਲੀ ਹੈ। ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਕੇਸ ਵਿਚ ਮੁੱਖ ਮੁਲਜ਼ਮ ਹੈ ਪਰ ਮੌਜੂਦਾ ਸਰਕਾਰ ਨੇ ਸਾਢੇ ਤਿੰਨ ਸਾਲਾਂ ਤੱਕ ਉਸਦੇ ਖਿਲਾਫ ਕੇਸ ਚਲਾਉਣ ਦੀ ਆਗਿਆ ਨਹੀਂ ਦਿੱਤੀ। ਸਰਕਾਰ ਨੇ ਬੇਅਦਬੀ ਦੇ ਹੋਰ ਮੁਲਜ਼ਮਾਂ ਜਿਨਹ?ਾਂ ਵਿਚ ਪ੍ਰਦੀਪ ਕਲੇਰ ਤੇ ਹਨੀਪ੍ਰੀਤ ਵੀ ਸ਼ਾਮਲ ਹੈ, ਤੋਂ ਹੁਣ ਤੱਕ ਕੋਈ ਪੁੱਛ ਗਿੱਛ ਨਹੀਂ ਹੋਈ ਤੇ ਨਾ ਉਨ੍ਹਾਂ ਖ਼?ਲਾਫ਼ ਕੋਈ ਕਾਰਵਾਈ ਹੋਈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰ ਨੇ ਸਿਰਸਾ ਡੇਰਾ ਮੁਖੀ ਨਾਲ ਸਮਝੌਤਾ ਕੀਤਾ ਹੈ। ਪਰਮਬੰਸ ਰੋਮਾਣਾ ਨੇ ਕਿਹਾ ਕਿ ਸਰਕਾਰ ਨੇ ਮੁੱਖ ਮੰਤਰੀ ਦੇ ਗੁਰੂ ਸਾਹਿਬਾਨ ਦੀ ਬੇਅਦਬੀ ਕਰਦਿਆਂ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੋਕਾਂ ਦਾ ਧਿਆਨ ਪਾਸੇ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਹੁਣ ਹੋਰ ਵੀ ਸਪਸ਼ਟ ਹੋ ਗਿਆ ਹੈ ਕਿ ਵੀਡੀਓ ਅਸਲੀ ਹੈ ਤੇ ਸਰਕਾਰ ਇਸ ’ਤੇ ਪਰਦਾ ਪਾਉਣ ਲਈ ਪੱਬਾਂ ਭਾਰ ਹੈ।

# ਟਰੋਲਿੰਗ ਤੋਂ ਪਰੇਸ਼ਾਨ ਹੋਈ ਮਸ਼ਹੂਰ ਸੋਸ਼ਲ ਮੀਡੀਆ ਇਨਫਲੂਐਂਸਰ !

ਜੋਧਪੁਰ 8 ਜੁਲਾਈ। ਰਾਜਸਥਾਨ ਦੀ ਇਕ ਸੋਸ਼ਲ ਮੀਡੀਆ ਇਨਫਲੂਐਂਸਰ ਨੂੰ ਬੁੱਧਵਾਰ ਨੂੰ ਇੱਥੇ ਇਕ ਹਸਪਤਾਲ ’ਚ ਦਾਖਲ ਕਰਵਾਇਆ ਗਿਆ, ਕਿਉਂਕਿ ਉਸ ਨੇ ਜ਼ਹਿਰੀਲਾ ਪਦਾਰਥ ਖਾ ਲਿਆ ਸੀ। ਉਸਦੇ ਪਰਿਵਾਰ ਦਾ ਦਾਅਵਾ ਹੈ ਕਿ ਉਹ ਆਨਲਾਈਨ ਟ?ਰੋਲਿੰਗ ਅਤੇ ਪਰੇਸ਼ਾਨੀ ਕਾਰਨ ਮਾਨਸਿਕ ਤੌਰ ’ਤੇ ਪਰੇਸ਼ਾਨ ਸੀ। ਰਾਜਸਥਾਨ ਦੇ ਸੱਭਿਆਚਾਰ ਅਤੇ ਪਰੰਪਰਾਵਾਂ ਦੇ ਨਾਲ-ਨਾਲ ਸਮਾਜਿਕ ਜਾਗਰੂਕਤਾ ਮੁੱਦਿਆਂ ’ਤੇ ਵੀਡੀਓ ਬਣਾਉਣ ਲਈ ਜਾਣੀ ਜਾਂਦੀ ’ਕੰਟੈਂਟ ਕ੍ਰਿਏਟਰ’ ਅਨੀਤਾ ਬਿਸ਼ਨੋਈ ਨੂੰ ਬਨਾਰ ਪੁਲਸ ਸਟੇਸ਼ਨ ਖੇਤਰ ’ਚ ਸਥਿਤ ਆਪਣੇ ਘਰ ’ਚ ਸਿਹਤ ਵਿਗੜਨ ਤੋਂ ਬਾਅਦ ਮਥੁਰਾਦਾਸ ਮਾਥੁਰ (ਐੱਮਡੀਐੱਮ) ਹਸਪਤਾਲ ’ਚ ਦਾਖਲ ਕਰਵਾਇਆ ਗਿਆ। ਪਰਿਵਾਰਕ ਮੈਂਬਰਾਂ ਦੇ ਅਨੁਸਾਰ, ਬਿਸ਼ਨੋਈ ਨੇ ਕਥਿਤ ਤੌਰ ’ਤੇ ਘਰ ’ਚ ਕੋਈ ਜ਼ਹਿਰੀਲਾ ਪਦਾਰਥ ਖਾ ਲਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਇਹ ਘਟਨਾ ਬਿਸ਼ਨੋਈ ਦੁਆਰਾ ਸੋਸ਼ਲ ਮੀਡੀਆ ’ਤੇ ਇਕ ਭਾਵੁਕ ਸੰਦੇਸ਼ ਸਾਂਝਾ ਕਰਨ ਤੋਂ ਕੁਝ ਘੰਟਿਆਂ ਬਾਅਦ ਵਾਪਰੀ, ਜਿਸ ਨਾਲ ਉਸ ਦੇ ਸੋਸ਼ਲ ਮੀਡੀਆ ਫਾਲੋਅਰਜ਼ ਅਤੇ ਰਿਸ਼ਤੇਦਾਰਾਂ ’ਚ ਚਿੰਤਾ ਪੈਦਾ ਹੋ ਗਈ। ਆਪਣੀ ਪੋਸਟ ’ਚ, ਬਿਸ਼ਨੋਈ ਨੇ ਸੰਕੇਤ ਦਿੱਤਾ ਕਿ ਉਹ ਸ਼ਾਇਦ ਦੁਬਾਰਾ ਕਦੇ ਨਾ ਦੇਖੀ ਜਾਵੇ। ਬਿਸ਼ਨੋਈ ਦੇ ਫੇਸਬੁੱਕ ’ਤੇ ਲਗਭਗ 1.3 ਮਿਲੀਅਨ ਅਤੇ ਇੰਸਟਾਗ੍ਰਾਮ ’ਤੇ 645,000 ਤੋਂ ਵੱਧ ਫਾਲੋਅਰਜ਼ ਹਨ। ਉਸ ਦੇ ਪਤੀ, ਦਿਨਾਰਾਮ ਨੇ ਦੋਸ਼ ਲਗਾਇਆ ਕਿ ਬਿਸ਼ਨੋਈ ਨੂੰ ਹਫ਼ਤਿਆਂ ਤੋਂ ਸੋਸ਼ਲ ਮੀਡੀਆ ’ਤੇ ਲਗਾਤਾਰ ਟ?ਰੋਲਿੰਗ ਅਤੇ ਨਿੱਜੀ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਦੇ ਪਤੀ ਦੇ ਅਨੁਸਾਰ, ਆਲੋਚਨਾ ਉਦੋਂ ਤੇਜ਼ ਹੋ ਗਈ ਜਦੋਂ ਉਸ ਨੇ ਔਰਤਾਂ ਦੇ ਕੱਪੜਿਆਂ ’ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਇਕ ਵੀਡੀਓ ਪੋਸਟ ਕੀਤਾ ਅਤੇ ਉਸ ਨੂੰ ਕੁਝ ਸੋਸ਼ਲ ਮੀਡੀਆ ਉਪਭੋਗਤਾਵਾਂ ਅਤੇ ਸਾਥੀ ਇਨਫਲੂਐਂਸਰਾਂ ਵੱਲੋਂ ਤਿੱਖੀ ਪ੍ਰਤੀਕਿਰਿਆ ਦਾ ਸਾਹਮਣਾ ਕਰਨਾ ਪਿਆ। ਦਿਨਾਰਾਮ ਨੇ ਦੋਸ਼ ਲਗਾਇਆ ਕਿ ਕੁਝ ਲੋਕ ਜਾਣਬੁੱਝ ਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਮੈਸੇਜਿੰਗ ਐਪਸ ਰਾਹੀਂ ਬਿਸ਼ਨੋਈ ਨੂੰ ਨਿਸ਼ਾਨਾ ਬਣਾ ਰਹੇ ਸਨ, ਜਿਸ ਕਾਰਨ ਉਹ ਕਾਫ਼ੀ ਤਣਾਅ ’ਚ ਸੀ।

## ਮਦਰੱਸਾ ਅਧਿਆਪਕ ਨੂੰ 20 ਸਾਲ ਜੇਲ੍ਹ ’ਚ ਰਹਿਣ ਦੀ ਸਜ਼ਾ

ਹੈਦਰਾਬਾਦ 8 ਜੁਲਾਈ। ਹੈਦਰਾਬਾਦ ਦੀ ਇਕ ਅਦਾਲਤ ਨੇ 2022 ਵਿਚ ਇਕ 11 ਸਾਲਾ ਬੱਚੇ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿਚ ਇਕ ਮਦਰੱਸਾ ਅਧਿਆਪਕ ਨੂੰ 20 ਸਾਲ ਜੇਲ੍ਹ ਵਿਚ ਰਹਿਣ ਦੀ ਸਜ਼ਾ ਸੁਣਾਈ ਹੈ। ਮਿਲੀ ਜਾਣਕਾਰੀ ਮੁਤਾਬਕ ਬਾਲਾਪੁਰ ਥਾਣੇ ’ਚ 23 ਮਾਰਚ, 2022 ਨੂੰ ਇਕ ਵਿਅਕਤੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਉਸ ਦਾ 11 ਸਾਲਾ ਪੁੱਤਰ ਸ਼ਾਹੀਨ ਨਗਰ ਸਥਿਤ ਮਦਰੱਸਾ ਜਾਮੀਆ ਨੂਰੁਲ ਅਨਵਰ ਵਿਚ ਨਿਯਮਿਤ ਤੌਰ ’ਤੇ ਪੜ੍ਹਨ ਜਾਂਦਾ ਸੀ। ਸ਼ਿਕਾਇਤਕਰਤਾ ਨੇ ਦੇਖਿਆ ਕਿ ਉਸ ਦਾ ਪੁੱਤਰ ਇਕ ਹਫ਼ਤੇ ਤੋਂ ਮਦਰੱਸੇ ਨਹੀਂ ਜਾ ਰਿਹਾ ਸੀ ਅਤੇ ਕਾਫ਼ੀ ਪ੍ਰੇਸ਼ਾਨ ਦਿਖਾਈ ਦੇ ਰਿਹਾ ਸੀ। ਇਸ ਦੌਰਾਨ ਉਸ ਨੇ ਉਸ ਕੋਲੋਂ ਇਸ ਦੀ ਵਜ?ਹਾ ਪੁੱਛੀ। ਬੱਚੇ ਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਸ ਦੇ ਮਦਰੱਸੇ ਦਾ ਅਧਿਆਪਕ ਸਈਦ ਨਦੀਮ (22) ਲਗਭਗ ਇਕ ਮਹੀਨਾ ਪਹਿਲਾਂ ਉਸ ਨੂੰ ਜ਼ਬਰਦਸਤੀ ਆਪਣੇ ਘਰ ਲੈ ਗਿਆ,

# ਬੈਂਕ ਅਧਿਕਾਰੀ ਨਾਲ ਸ਼ੇਅਰ ਬਾਜ਼ਾਰ ’ਚ ਨਿਵੇਸ਼ ਦੇ ਨਾਂ ’ਤੇ 46.41 ਲੱਖ ਰੁਪਏ ਦੀ ਠੱਗੀ

ਪਾਲਘਰ 8 ਜੁਲਾਈ। ਮਹਾਰਾਸ਼ਟਰ ਦੇ ਪਾਲਘਰ ’ਚ ਇਕ ਸਹਿਕਾਰੀ ਬੈਂਕ ਦੇ ਸੀਨੀਅਰ ਅਧਿਕਾਰੀ ਨਾਲ ਸਾਈਬਰ ਠੱਗਾਂ ਨੇ ਸ਼ੇਅਰ ਬਾਜ਼ਾਰ ’ਤ ਨਿਵੇਸ਼ ’ਤੇ




ਭਾਰੀ ਮੁਨਾਫ਼ੇ ਦਾ ਝਾਂਸਾ ਦੇ ਕੇ 46.41 ਲੱਖ ਰੁਪਏ ਦੀ ਠੱਗੀ ਕੀਤੀ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪ੍ਰਾਪਤ ਸ਼ਿਕਾਇਤ ਦੇ ਆਧਾਰ ’ਤੇ ਮੀਰਾ-ਭਾਯੰਦਰ ਵਸਈ-ਵਿਰਾਰ (ਐੱਮਬੀਵੀਵੀ) ਪੁਲਸ ਨੇ 9 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਨ੍ਹਾਂ ’ਚ ਵਟਸਐੱਪ ਗਰੁੱਪ ਦੇ ਐਡਮਿਨ ਵੀ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਅਭਿਨਵ ਰਾਜਪੂਤ, ਵਿਕਰਾਂਤ ਠਾਕੁਰ, ਨੀਲਮ ਅਗਰਵਾਲ ਅਤੇ ਕਾਵਿਆ ਵਜੋਂ ਹੋਈ ਹੈ। ਪੁਲਸ ਅਨੁਸਾਰ, ਪੀੜਤ ਵਸਈ ਦਾ ਵਾਸੀ ਹੈ ਅਤੇ ਮੁੰਬਈ ਸਥਿਤ ਇਕ ਸਹਿਕਾਰੀ ਬੈਂਕ ਦੀ ਬਰਾਂਚ ’ਚ ਡਿਪਟੀ ਮੈਨੇਜਰ ਵਜੋਂ ਕੰਮ ਕਰਦਾ ਹੈ। ਉਸ ਨੇ ਦੋਸ਼ ਲਗਾਇਆ ਕਿ ਅਪ੍ਰੈਲ ਤੋਂ ਜੂਨ 2024 ਵਿਚਾਲੇ ਉਸ ਨੂੰ ਨਿਵੇਸ਼ ਨਾਲ ਜੁੜੇ ਕਈ ਵਟਸਐੱਪ ਗਰੁੱਪ ’ਚ ਜੋੜਿਆ ਗਿਆ, ਜਿੱਥੇ ਦੋਸ਼ੀਆਂ ਨੇ ਖੁਦ ਨੂੰ ਨਾਮਵਰ ਕੰਪਨੀਆਂ ਦਾ ਅਧਿਕਾਰੀ ਦੱਸ ਕੇ ਉਸ ਨੂੰ ਸ਼ੇਅਰ ’ਚ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ। ਦੋਸ਼ੀਆਂ ਨੇ ਉਸ ਨੂੰ ਕੁਝ ਮੋਬਾਈਲ ਐਪ ਡਾਊਨਲੋਡ ਕਰਨ ਦੇ ਲਿੰਕ ਭੇਜੇ। ਅਧਿਕਾਰੀਆਂ ਨੇ ਦੱਸਿਆ ਕਿ ਪੀੜਤ ਨੂੰ ਇਕ ਫਰਜ਼ੀ ‘ਸੇਬੀ’ ਰਜਿਸਟਰੇਸ਼ਨ ਸਰਟੀਫਿਕੇਟ ਵੀ ਦਿਖਾਇਆ ਗਿਆ, ਜਿਸ ਨਾਲ ਉਹ ਭਰੋਸੇ ’ਚ ਆ ਗਿਆ ਅਤੇ ਉਸ ਨੇ 2 ਮਹੀਨਿਆਂ ਅੰਦਰ ਵੱਖ-ਵੱਖ ਬੈਂਕ ਲੈਣ-ਦੇਣ ਰਾਹੀਂ ਕੁੱਲ 46.41 ਲੱਖ ਰੁਪਏ ਦਾ ਨਿਵੇਸ਼ ਕੀਤਾ। ਧੋਖਾਧੜੀ ਦਾ ਪਤਾ ਉਦੋਂ ਲੱਗਾ, ਜਦੋਂ ਐਪ ’ਤੇ ਉਸ ਨੂੰ 8.12 ਕਰੋੜ ਰੁਪਏ ਤੋਂ ਵੱਧ ਦਾ ਮੁਨਾਫਾ ਦਿਖਾਇਆ ਗਿਆ ਪਰ ਉਹ ਆਪਣੀ ਰਕਮ ਨਿਕਾਲ ਨਹੀਂ ਸਕਿਆ। ਜਦੋਂ ਉਸ ਨੇ ਦੋਸ਼ੀਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਪੈਸੇ ਜਾਰੀ ਕਰਨ ਲਈ 10 ਫੀਸਦੀ ਵਾਧੂ ‘ਟੈਕਸ’ ਦੀ ਮੰਗ ਕੀਤੀ। ਇਸ ਦੌਰਾਨ ਉਸ ਨੂੰ ਠੱਗੀ ਦਾ ਅਹਿਸਾਸ ਹੋਇਆ ਅਤੇ ਉਸ ਨੇ ਪੁਲਸ ’ਚ ਸ਼ਿਕਾਇਤ ਕੀਤੀ। ਪੁਲਸ ਨੇ ਭਾਰਤੀ ਦੰਡ ਸੰਹਿਤਾ ਅਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਚੱਲਦੇ ਈ-ਰਿਕਸ਼ਾ ਨੂੰ ਦੂਰ ਤੋਂ ਬੰਦ ਕਰਨ ਵਾਲੇ ‘ਚਾਈਨੀਜ਼ ਐਪਸ’ ’ਤੇ ਬੈਨ

ਨਵੀਂ ਦਿੱਲੀ 8 ਜੁਲਾਈ। ਸਰਕਾਰ ਨੇ ਦੇਸ਼ ’ਚ ਈ-ਰਿਕਸ਼ਾ ਸਮੇਤ ਬੈਟਰੀ ਨਾਲ ਚੱਲਣ ਵਾਲੇ ਵਾਹਨਾਂ ਨੂੰ ਦੂਰ ਤੋਂ ਬੰਦ (ਹੈਕ) ਕਰਨ ’ਚ ਕਥਿਤ ਤੌਰ ’ਤੇ ਵਰਤੇ ਜਾ ਰਹੇ ਚੀਨ ਦੇ ਤਿੰਨ ਐਪਸ ‘ਬੈਟ-ਬੀ. ਐੱਮ. ਐੱਸ.’, ‘ਲੌਂਸਿਜੀ’ ਅਤੇ ‘ਏਪੌਕ-ਆਈ-ਆਇਨ’ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ। ਸੂਤਰਾਂ ਨੇ ਸ਼ੁੱਕਰਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ। ਸਰਕਾਰ ਦੀ ਇਹ ਕਾਰਵਾਈ ਕੁਝ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਹੋਈ, ਜਿਨ੍ਹਾਂ ’ਚ ਦਿਖਾਇਆ ਗਿਆ ਸੀ ਕਿ ਚੀਨੀ ਸਮਾਰਟਫੋਨ ਐਪ ‘ਬੈਟ-ਬੀ. ਐੱਮ. ਐੱਸ.’ ਦੇ ‘ਰਿਮੋਟ ਸ਼ਟਡਾਊਨ’ ਫੀਚਰ ਦੇ ਜ਼ਰੀਏ ਈ-ਰਿਕਸ਼ਾ ਨੂੰ ਦੂਰ ਤੋਂ ਬੰਦ ਕੀਤਾ ਜਾ ਸਕਦਾ ਹੈ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਇੰਟਰਨੈੱਟ ਨਾਲ ਜੁੜੀਆਂ ਵਾਹਨ ਪ੍ਰਬੰਧਨ ਪ੍ਰਣਾਲੀਆਂ ਦੀ ਸਾਈਬਰ ਸੁਰੱਖਿਆ ਨੂੰ ਲੈ ਕੇ ਵਿਆਪਕ ਚਿੰਤਾ ਪੈਦਾ ਹੋ ਗਈ। ਸੂਤਰਾਂ ਨੇ ਦੱਸਿਆ ਕਿ ਸਰਕਾਰ ਨੇ ਬੈਟਰੀ ਨਾਲ ਚੱਲਣ ਵਾਲੇ ਵਾਹਨਾਂ ਨੂੰ ਦੂਰ ਤੋਂ ਬੰਦ ਕਰਨ ਲਈ ਵਰਤੇ ਜਾ ਰਹੇ ਬੈਟ-ਬੀ. ਐੱਮ. ਐੱਸ., ਲੌਂਸਿਜੀ ਅਤੇ ਏਪੌਕ-ਆਈ-ਆਇਨ ਐਪਸ ਹਟਾਉਣ ਦਾ ਹੁਕਮ ਦਿੱਤਾ ਹੈ। ਸਰਕਾਰੀ ਸੂਤਰਾਂ ਨੇ ਸਾਵਧਾਨ ਕੀਤਾ ਕਿ ਇਸ ਤਰ੍ਹਾਂ ਦੀ ਦੁਰਵਰਤੋਂ ’ਚ ਸ਼ਾਮਲ ਕਿਸੇ ਵੀ ਹੋਰ ਐਪ ਨੂੰ ਵੀ ਹਟਾਇਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਸੂਚਨਾ ਤਕਨਾਲੋਜੀ (ਆਈ. ਟੀ.) ਸਕੱਤਰ ਐੱਸ. ਕ੍ਰਿਸ਼ਨਨ ਨੇ ਕਨਫੈੱਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ (ਸੀ. ਆਈ. ਆਈ.) ਦੇ ਸਾਈਬਰ ਸੁਰੱਖਿਆ ਸੰਮੇਲਨ ਤੋਂ ਵੱਖਰੇ ਤੌਰ ’ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਐਪ ਸਟੋਰ ਨੂੰ ਲੋੜੀਂਦੀ ਚੌਕਸੀ ਵਰਤਣੀ ਚਾਹੀਦੀ ਹੈ।

# ਹਾਫਿਜ਼ ਸਈਦ ਨੇ ਪਾਕਿਸਤਾਨ ਤੋਂ ਰਚੀ ਸੀ ਪਹਿਲਗਾਮ ਹਮਲੇ ਦੀ ਸਾਜਿਸ਼

ਕੌਮੀ ਪਤ੍ਰਿਕਾ

ਨਵੀਂ ਦਿੱਲੀ 8 ਜੁਲਾਈ। ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਸੋਮਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਨਾਲ ਜੁੜੀ ਇਕ ਪੂਰਕ ਚਾਰਜਸ਼ੀਟ ’ਚ ਲਸ਼ਕਰ-ਏ-ਤੋਇਬਾ ਦੇ ਮੁਖੀ ਹਾਫਿਜ਼ ਸਈਦ ਨੂੰ ਦੋਸ਼ੀ ਬਣਾਇਆ। ਐੱਨਆਈਏ ਦੇ ਇਕ ਬਿਆਨ ਅਨੁਸਾਰ, ਜੰਮੂ ’ਚ ਐੱਨਆਈਏ ਦੀ ਵਿਸ਼ੇਸ਼ ਅਦਾਲਤ ’ਚ ਦਾਖ਼ਲ ਚਾਰਜਸ਼ੀਟ ’ਚ, ਅੱਤਵਾਦ ਵਿਰੋਧੀ ਏਜੰਸੀ ਨੇ ਪਾਕਿਸਤਾਨ ’ਚ ਰਹਿਣ ਵਾਲੇ ਸਈਦ ’ਤੇ ਨਿੱਜੀ ਤੌਰ ’ਤੇ ਅਤੇ ਪਾਬੰਦੀਸ਼ੁਦਾ ਲਸ਼ਕਰ-ਏ-ਤੋਇਬਾ ਅਤੇ ਉਸ ਦੇ ਸਰਗਰਮ ਸਹਿਯੋਗੀ ਸੰਗਠਨ ‘ਦਿ ਰੇਜ਼ਿਸਟੈਂਸ ਫਰੰਟ’ (ਟੀਆਰਐੱਫ) ਦੇ ਮੁਖੀ ਵਜੋਂ ਦੋਸ਼ ਲਗਾਏ ਹਨ। ਸਈਦ ’ਤੇ ਭਾਰਤੀ ਨਿਆਂ ਸੰਹਿਤਾ 2023 ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ), 1967 ਦੀਆਂ ਵੱਖ-ਵੱਖ ਧਾਰਾਵਾਂ ਦੇ ਅਧੀਨ ਦੋਸ਼ ਲਗਾਏ ਗਏ ਹਨ। ਐੱਨਆਈਏ ਨੇ ਦੋਸ਼ ਪੱਤਰ ’ਚ ਸਈਦ ’ਤੇ ਭਾਰਤ ਖ਼?ਲਾਫ਼ ਜੰਗ ਛੇੜਨ ਅਤੇ ਸਰਹੱਦ ਪਾਰ ਤੋਂ ਸਾਜਿਸ਼ ਰਚਣ ਦਾ ਦੋਸ਼ ਲਗਾਇਆ ਹੈ। ਬਿਆਨ ਅਨੁਸਾਰ, 1597 ਪੰਨਿਆਂ ਦੀ ਚਾਰਜਸ਼ੀਟ ਤੋਂ ਬਾਅਦ ਦਾਖ਼ਲ ਕੀਤੇ ਗਏ ਦੋਸ਼ ਪੱਤਰ ’ਚ ਪਾਕਿਸਤਾਨ ਦੀ ਸਾਜਿਸ਼, ਸਈਦ ਦੀ ਭੂਮਿਕਾ ਅਤੇ ਐੱਨਆਈਏ ਵਲੋਂ ਬਾਰੀਕੀ ਨਾਲ ਵਿਗਿਆਨੀ ਜਾਂਚ ਅਤੇ ਜ਼ਮੀਨੀ ਪੜਤਾਲ ਰਾਹੀਂ ਇਕੱਠੇ ਕੀਤੇ ਗਏ ਸਬੂਤਾਂ ਦੀ ਜਾਣਕਾਰੀ ਦਿੱਤੀ ਗਈ ਹੈ। ਸੀ। ਉਸ ਨੇ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ/ਟੀਆਰਐੱਫ ’ਤੇ ਵੀ ਪਹਿਲਗਾਮ ਅੱਤਵਾਦੀ ਹਮਲੇ ਦੀ ਸਾਜਿਸ਼ ਰਚਣ, ਉਸ ’ਚ ਮਦਦ ਕਰਨ ਅਤੇ ਉਸ ਨੂੰ



ਐੱਨਆਈਏ ਨੇ 15 ਦਸੰਬਰ 2025 ਨੂੰ ਦਾਖ਼ਲ ਆਪਣੀ ਚਾਰਜਸ਼ੀਟ ’ਚ ਪਾਕਿਸਤਾਨੀ ਹੈਂਡਲਰ ਸਾਜਿਦ ਜੱਟ ਨੂੰ ਦੋਸ਼ੀ ਬਣਾਇਆ ਸੀ, ਨਾਲ ਹੀ ਜੁਲਾਈ 2025 ’ਚ ‘ਆਪਰੇਸ਼ਨ ਮਹਾਦੇਵ’ ਦੌਰਾਨ ਸੁਰੱਖਿਆ ਫ਼ੋਰਸਾਂ ਵਲੋਂ ਮਾਰੇ ਗਏ ਤਿੰਨ ਅੱਤਵਾਦੀਆਂ ਅਤੇ ਗ੍ਰਿਫ਼ਤਾਰ ਕੀਤੇ ਗਏ 2 ਦੋਸ਼ੀਆਂ ਨੂੰ ਵੀ ਇਸ ’ਚ ਸ਼ਾਮਲ ਕੀਤਾ ਅੰਜਾਮ ਦੇਣ ’ਚ ਭੂਮਿਕਾ ਨਿਭਾਉਣ ਦੇ ਦੋਸ਼ ਲਗਾਏ। ਪਿਛਲੇ ਸਾਲ 22 ਅਪ੍ਰੈਲ ਨੂੰ ਪਹਿਲਗਾਮ ’ਚ ਹੋਏ ਘਾਤਕ ਹਮਲੇ ’ਚ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ; ਪਾਕਿਸਤਾਨ ਸਮਰਥਿਤ ਅੱਤਵਾਦੀਆਂ ਨੇ 25 ਸੈਲਾਨੀਆਂ ਅਤੇ ਇਕ ਸਥਾਨਕ ਵਿਅਕਤੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

# ਚਰਨਜੀਤ ਚੰਨੀ ਦੇ ਘਰ ਮੀਟਿੰਗ ’ਤੇ ਰਾਜਾ ਵੜਿੰਗ ਦਾ ਪਹਿਲਾ ਬਿਆਨ, ਮੁੱਖ ਮੰਤਰੀ ਚਿਹਰੇ ਬਾਰੇ ਆਖੀ ਵੱਡੀ ਗੱਲ

ਕੌਮੀ ਪਤ੍ਰਿਕਾ

ਚੰਡੀਗੜ੍ਹ 8 ਜੁਲਾਈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ ਕਾਂਗਰਸੀਆਂ ਦੇ ਇਕੱਠ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਪਾਰਟੀ ਅੰਦਰ ਧੜੇਬੰਦੀਆਂ ਦੀਆਂ ਖ਼ਬਰਾਂ ਤੋਂ ਇਨਕਾਰ ਕੀਤਾ ਹੈ। ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ’ਚ ਕੋਈ ਵੀ ਲੜਾਈ ਜਾਂ ਧੜੇਬੰਦੀ ਨਹੀਂ ਹੈ ਅਤੇ ਚਰਨਜੀਤ ਸਿੰਘ ਚੰਨੀ ਸਾਡੇ ਸੀਨੀਅਰ ਲੀਡਰ ਹਨ। ਰਾਜਾ ਵੜਿੰਗ ਨੇ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਚੰਨੀ ਸਾਹਿਬ ਦੇ ਘਰ ਕੁੱਝ ਕਾਂਗਰਸੀਆਂ ਦਾ ਇਕੱਠੇ ਹੋਣਾ ਕੋਈ ਚਿੰਤਾ ਵਾਲੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਨੂੰ ਮੇਰੇ ਘਰ, ਸੁਖਜਿੰਦਰ ਰੰਧਾਵਾ ਦੇ ਘਰ ਜਾਂ ਕਿਸੇ ਹੋਰ ਨੇਤਾ ਦੇ ਘਰ ਵੀ ਲੋਕ ਇਕੱਠੇ ਹੋ ਸਕਦੇ ਹਨ। ਇਸ ਦਾ ਮਤਲਬ ਕੋਈ ਲੜਾਈ ਨਹੀਂ ਹੁੰਦੀ। ਰਾਜਾ ਵੜਿੰਗ ਨੇ ਕਾਂਗਰਸ ’ਚ ਕਿਸੇ ਵੀ ਤਰ੍ਹਾਂ ਦੀ ਲੜਾਈ ਜਾਂ ਧੜੇਬੰਦੀ ਤੋਂ ਇਨਕਾਰ ਕਰਦਿਆਂ ਕਿਹਾ ਕਿ ਕਾਂਗਰਸ ਪੂਰੀ ਤਰ੍ਹਾਂ ਇਕਜੁੱਟ ਹੈ ਅਤੇ ਅਗਲੇ ਇਕ-ਦੋ ਦਿਨਾਂ ਦੇ ਅੰਦਰ ਸਾਰੇ ਸੀਨੀਅਰ ਆਗੂ ਇਕੋ ਮੰਚ ’ਤੇ ਇਕੱਠੇ ਨਜ਼ਰ ਆਉਣਗੇ। ਉਨ੍ਹਾਂ ਅੱਗੇ ਕਿਹਾ ਕਿ ਰਾਹੁਲ



ਗਾਂਧੀ ਅਤੇ ਕਾਂਗਰਸ ਪਾਰਟੀ ਚੰਨੀ ਸਾਹਿਬ ਨੂੰ ਬਹੁਤ ਪਿਆਰ ਕਰਦੀ ਹੈ, ਉਹ ਜਦੋਂ ਚਾਹੁਣ ਹਾਈਕਮਾਨ ਨੂੰ ਮਿਲ ਸਕਦੇ ਹਨ ਅਤੇ ਹਾਈਕਮਾਨ ਵੀ ਉਨ੍ਹਾਂ ਨੂੰ ਮਿਲ ਸਕਦੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਅਨੁਸ਼ਾਸਨ ਹੋਣਾ ਬੇਹੱਦ ਜ਼ਰੂਰੀ ਹੈ ਅਤੇ ਕਿਸੇ ਨੂੰ ਵੀ ਪਾਰਟੀ ਦੀਆਂ ਹੱਦਾਂ ਪਾਰ ਕਰਨ ਦੀ ਇਜਾਜ਼ਤ ਨਹੀਂ ਹੈ, ਭਾਵੇਂ ਮੈਂ ਖ਼ੁਦ ਪਾਰਟੀ ਦਾ ਪ੍ਰਧਾਨ ਹੀ ਕਿਉਂ ਨਾ ਹੋਵਾਂ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਲਿਮਿਟ ਪਤਾ ਹੋਣੀ ਚਾਹੀਦੀ ਹੈ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦੀ ਮੰਗ ’ਤੇ ਰਾਜਾ ਵੜਿੰਗ ਨੇ ਕਿਹਾ ਕਿ ਮੇਰੇ ਕੋਲ ਸੀ. ਐੱਮ. ਫੇਸ ਐਲਾਨਣ ਦਾ ਅਧਿਕਾਰ ਨਹੀਂ ਹੈ। ਇਹ ਮੁਕੰਮਲ ਫ਼ੈਸਲਾ ਰਾਹੁਲ ਗਾਂਧੀ ਅਤੇ ਮਲਿੱਕਾਰੁਜਨ ਖੜਗੇ ਸਾਹਿਬ ਦਾ ਹੈ। ਜਿੱਥੋਂ ਤੱਕ ਮੇਰੀ ਗੱਲ ਹੈ, ਰਾਜਾ ਵੜਿੰਗ ਮੁੱਖ ਮੰਤਰੀ ਬਣਨ ਦੀ ਰੇਸ ’ਚ ਬਿਲਕੁਲ ਨਹੀਂ ਹੈ। ਉਨ੍ਹਾਂ ਕਿਹਾ ਕਿ ਮੇਰਾ ਇੱਕੋ-ਇੱਕ ਮਕਸਦ ਪੰਜਾਬ ’ਚ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਮੁੜ ਵਾਪਸ ਲੈ ਕੇ ਆਉਣਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਨ ਜਿਸ ਨੂੰ ਵੀ ਸੀ. ਐੱਮ. ਫੇਸ ਬਣਾਵੇਗੀ, ਰਾਜਾ ਵੜਿੰਗ ਉਸ ਦੇ ਨਾਲ ਚੱਟਾਨ ਵਾਂਗ ਖੜ੍ਹਾ ਮਿਲੇਗਾ।

# ਗੁਰਦਾਸਪੁਰ ਪੁਲਸ ਵੱਲੋਂ 8 ਮੁਲਜ਼ਮ ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਤੇ ਨਾਜਾਇਜ਼ ਸ਼ਰਾਬ ਸਮੇਤ ਕਾਬੂ

ਗੁਰਦਾਸਪੁਰ 8 ਜੁਲਾਈ। ਗੁਰਦਾਸਪੁਰ ਪੁਲਸ ਵਲੋਂ ਨਸ਼ਾ ਸਮੱਗਲਰਾਂ ਵਿਰੁੱਧ ਮੁਹਿੰਮ ਤਹਿਤ 8 ਮੁਲਜ਼ਮਾਂ ਨੂੰ ਕਾਬੂ ਕਰ ਕੇ ਉਨ੍ਹਾਂ ਤੋਂ 33.32 ਗ੍ਰਾਮ ਹੈਰੋਇਨ, 95 ਨਸ਼ੀਲੀਆਂ ਗੋਲੀਆਂ, 30,000 ਮਿ.ਲੀ. ਨਾਜਾਇਜ਼ਿ ਸ਼ਰਾਬ ਬਰਾਮਦ ਕਰ ਕੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਐੱਸ. ਐੱਸ. ਪੀ. ਆਦਿੱਤਿਆ ਨੇ ਦੱਸਿਆ ਕਿ ਗੁਰਦਾਸਪੁਰ ਪੁਲਸ ਵਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਸਿਟੀ ਪੁਲਸ ਗੁਰਦਾਸਪੁਰ ਨੇ ਮੁਲਜ਼ਮ ਨਿਖਿਲ ਬੱਬਰ ਪੁੱਤਰ ਵਿਪਨ ਬੱਬਰ ਵਾਸੀ ਇੰਦਰਾ ਕਾਲੋਨੀ ਥਾਣਾ ਡਵੀਜ਼ਨ ਨੰ. 1 ਪਠਾਨਕੋਟ ਨੂੰ ਕਾਬੂ ਕਰ ਕੇ ਉਸ ਤੋਂ 7 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸੇ ਤਰ੍ਹਾਂ ਦੀਨਾਨਗਰ ਪੁਲਸ ਨੇ 30,000 ਨਾਜਾਇਜ਼ ਸ਼ਰਾਬ ਸਮੇਤ ਮੁਲਜ਼ਮ ਗੁਲਸ਼ਨ ਉਰਫ ਟੋਨੀ ਪੁੱਤਰ ਮਲਕੀਤ



ਸਿੰਘ ਵਾਸੀ ਡੀਡਾ ਸ਼ਾਂਸੀਆਂ ਨੂੰ ਕਾਬੂ ਕਰ ਕੇ ਮਾਮਲਾ ਦਰਜ ਕੀਤਾ। ਜਦਕਿ ਦੀਨਾਨਗਰ ਪੁਲਸ ਨੇ ਹੀ ਦੋਸ਼ਣ ਸੁਨੀਤਾ ਉਰਫ ਚੂਈ ਪਤਨੀ ਕਾਲਾ ਵਾਸੀ ਪੁਰਾਣੀ ਆਬਾਦੀ ਅਵਾਂਖਾ ਨੂੰ ਕਾਬੂ ਕਰ ਕੇ 9.32 ਗ੍ਰਾਮ ਹੈਰੋਇਨ ਬਰਾਮਦ ਕੀਤੀ। ਦੋਰਾਂਗਲਾ ਪੁਲਸ ਨੇ 6 ਗ੍ਰਾਮ ਹੈਰੋਇਨ ਸਮੇਤ ਮੁਲਜ਼ਮ ਅਰੁਣ ਕੁਮਾਰ ਪੁੱਤਰ ਸੋਮ ਰਾਜ ਵਾਸੀ ਸ਼ਾਹਪੁਰ ਅਫਗਾਨਾ ਨੂੰ ਕਾਬੂ ਕਰ ਕੇ ਮਾਮਲਾ ਦਰਜ ਕੀਤਾ। ਐੱਸ. ਐੱਸ. ਪੀ. ਨੇ ਦੱਸਿਆ ਕਿ ਕਲਾਨੌਰ ਪੁਲਸ ਨੇ ਮੁਲਜ਼ਮ ਸੁਖਰਾਜ ਪੁੱਤਰ ਕੁੰਨਣ ਲਾਲ ਵਾਸੀ ਚੰਦੂ ਵਡਾਲਾ ਨੂੰ ਕਾਬੂ ਕਰ ਕੇ ਉਸ ਤੋਂ 5.40 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਕੇ ਮਾਮਲਾ ਦਰਜ ਕੀਤਾ। ਧਾਰੀਵਾਲ ਪੁਲਸ ਨੇ 50 ਨਸ਼ੀਲੀਆਂ ਗੋਲੀਆ ਸਮੇਤ ਪ੍ਰੇਮ ਮਸੀਹ ਉਰਫ ਕਾਕਾ ਪੁੱਤਰ ਅਮਾਨਤ ਮਸੀਹ ਵਾਸੀ ਮਾਡਲ ਟਾਊਨ ਧਾਰੀਵਾਲ ਨੂੰ ਕਾਬੂ ਕਰ ਕੇ ਮਾਮਲਾ ਦਰਜ ਕੀਤਾ। ਐੱਸ. ਐੱਸ. ਪੀ. ਨੇ ਦੱਸਿਆ ਕਿ ਪੁਲਸ ਦੀ ਨਸ਼ਾ ਸਮੱਗਲਰਾਂ ਖਿਲਾਫ ਮੁਹਿੰਮ ਜਾਰੀ ਰਹੇਗੀ। ਕਿਸੇ ਵੀ ਨਸ਼ਾ ਸਮੱਗਲਰ ਨੂੰ ਬਖਸ਼ਿਆ ਨਹੀਂ ਜਾਵੇਗਾ।

## ਥਾਣਿਆਂ ’ਚ ਮਾਲਕ ਵਰਗਾ ਵਿਵਹਾਰ ਕਰਦੀ ਹੈ ਪੁਲਸ : ਬੰਬੇ ਹਾਈ ਕੋਰਟ

ਮੁੰਬਈ 8 ਜੁਲਾਈ। ਬੰਬੇ ਹਾਈ ਕੋਰਟ ਨੇ ਇਕ ਪੁਲਸ ਅਧਿਕਾਰੀ ’ਤੇ ਲਾਏ ਗਏ ਜੁਰਮਾਨੇ ਨੂੰ ਵਾਪਸ ਲੈਣ ਤੋਂ ਇਨਕਾਰ ਕਰਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਪੁਲਸ ਅਦਾਲਤਾਂ ਦੇ ਸਾਹਮਣੇ ਸਹਿਯੋਗ ਵਾਲਾ ਰਵੱਈਆ ਅਪਣਾਉਂਦੀ ਹੈ, ਸਗੋਂ ਥਾਣਿਆਂ ’ਚ ‘ਮਾਲਕ’ ਵਾਂਗ ਵਿਵਹਾਰ ਕਰਦੀ ਹੈ। ਸਬੰਧਤ ਅਧਿਕਾਰੀ ’ਤੇ ਦੋਸ਼ ਸੀ ਕਿ ਉਸ ਨੇ ਵਾਰ-ਵਾਰ ਅਪੀਲ ਕੀਤੇ



ਜਾਣ ਦੇ ਬਾਵਜੂਦ ਮੁਲਜ਼ਮਾਂ ਨੂੰ ਸ਼ਿਕਾਇਤਾਂ ਦੀਆਂ ਕਾਪੀਆਂ ਮੁਹੱਈਆ ਨਹੀਂ ਕਰਵਾਈਆਂ। ਕਾਰਜਕਾਰੀ ਚੀਫ ਜਸਟਿਸ ਰਵਿੰਦਰ ਘੁਗੇ ਅਤੇ ਜਸਟਿਸ ਗੌਤਮ ਅਖੰਡ ਦੀ ਬੈਂਚ ਨੇ ਸੂਬਾ ਸਰਕਾਰ ਦੀ ਉਸ ਪਟੀਸ਼ਨ ਨੂੰ ਖਾਰਿਜ ਕਰ ਦਿੱਤਾ, ਜਿਸ ’ਚ ਅਦਾਲਤ ਤੋਂ ਪਾਲਘਰ ਦੇ ਵਾਡਾ ਥਾਣੇ ਦੇ ਇੰਚਾਰਜ ’ਤੇ 25,000 ਰੁਪਏ ਦਾ ਜੁਰਮਾਨਾ ਲਾਉਣ ਵਾਲੇ ਜੂਨ ਦੇ ਹੁਕਮ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਗਈ ਸੀ।

## ਅੰਬਾਂ ਦੇ ਬਾਗ ’ਚ ਦਰੱਖ਼ਤ ਨਾਲ ਲਟਕਦੀਆਂ ਮਿਲੀਆਂ ਪ੍ਰੇਮੀ ਜੋੜੇ ਦੀਆਂ ਲਾਸ਼ਾਂ, ਸੀਤਾਪੁਰ ’ਚ ਫੈਲੀ ਦਹਿਸ਼ਤ

ਸੀਤਾਪੁਰ 8 ਜੁਲਾਈ। ਉੱਤਰ ਪ੍ਰਦੇਸ਼ ਦੇ ਸੀਤਾਪੁਰ ਜ਼ਿਲ੍ਹੇ ਦੇ ਨੈਮਿਸ਼ਾਰਣਿਆ ਖੇਤਰ ਵਿਚ ਸ਼ਨੀਵਾਰ ਸਵੇਰੇ ਇਕ ਅੰਬ ਦੇ ਦਰੱਖਤ ਨਾਲ ਪ੍ਰੇਮੀ ਜੋੜੇ ਦੀਆਂ ਲਾਸ਼ਾਂ ਫਾਹੇ ਨਾਲ ਲਟਕਦੀਆਂ ਮਿਲੀਆਂ। ਇਸ ਘਟਨਾ ਨਾਲ ਇਲਾਕੇ ਵਿਚ ਦਹਿਸ਼ਤ ਫੈਲ ਗਈ। ਮੌਕੇ ’ਤੇ ਮੌਜੂਦ ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚ ਗਈ। ਇਸ ਮਾਮਲੇ ਦੀ ਜਾਂਚ ਕਰਦੇ ਹੋਏ ਏ. ਐੱਸ. ਪੀ. ਦੁਰਗੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਰਾਮਪੁਰ ਖੇਵਟ ਪਿੰਡ ਦੇ ਲੋਕ ਸਵੇਰੇ ਖੇਤਾਂ ਵੱਲ ਜਾ ਰਹੇ ਸਨ ਕਿ ਪਿੰਡ ਦੇ ਨੇੜੇ ਸਥਿਤ ਅੰਬਾਂ ਦੇ ਬਾਗ ਵਿਚ ਇਕ ਦਰੱਖਤ ਨਾਲ ਰਜਨੀ (17) ਤੇ ਵੰਸ਼ (21) ਦੀਆਂ ਲਾਸ਼ਾਂ ਲਟਕਦੀਆਂ ਦਿਖਾਈ ਦਿੱਤੀਆਂ।

# ਪੀ. ਜੀ. ਆਈ. ਦੇ ਲੱਖਾਂ ਮਰੀਜ਼ਾਂ ਲਈ ਵੱਡੀ ਰਾਹਤ, ਹੁਣ ਰਿਪੋਰਟ ਲਈ ਹਰ ਵਾਰ ਹਸਪਤਾਲ ਜਾਣ ਦੀ ਲੋੜ ਨਹੀਂ

ਕੌਮੀ ਪਤ੍ਰਿਕਾ

ਚੰਡੀਗੜ੍ਹ 8 ਜੁਲਾਈ। ਪੀ. ਜੀ. ਆਈ. ’ਚ ਇਲਾਜ ਲਈ ਹਰ ਰੋਜ਼ 10 ਹਜ਼ਾਰ ਤੋਂ ਵੱਧ ਮਰੀਜ਼ ਪਹੁੰਚਦੇ ਹਨ। ਸਾਲ 2025 ਦੌਰਾਨ 28.58 ਲੱਖ ਤੋਂ ਵੱਧ ਮਰੀਜ਼ਾਂ ਨੇ ਪੀ. ਜੀ. ਆਈ. ਦੀ ਓ. ਪੀ. ਡੀ. ’ਚ ਇਲਾਜ ਕਰਵਾਇਆ। ਇਸ ਕਾਰਨ ਹਸਪਤਾਲ ’ਤੇ ਲਗਾਤਾਰ ਦਬਾਅ ਵੱਧ ਰਿਹਾ ਹੈ। ਇਸੇ ਚੁਣੌਤੀ ਨਾਲ ਨਜਿੱਠਣ ਲਈ ਪੀ. ਜੀ. ਆਈ. ਦੀ ਟੈਲੀਮੈਡੀਸਿਨ ਸੇਵਾ ਮਰੀਜ਼ਾਂ ਲਈ ਵੱਡੀ ਰਾਹਤ ਬਣ ਕੇ ਉੱਭਰੀ ਹੈ। ਇਸ ਸੇਵਾ ਰਾਹੀਂ 2 ਲੱਖ ਸਿਹਤ ਸੇਵਾਵਾਂ ਦੀ ਪੁੱਛਗਿੱਛ ਹੋ ਰਹੀ ਹੈ ਅਤੇ ਇਸ ਨਾਲ ਲੋਕਾਂ ਨੂੰ ਮਦਦ ਮਿਲਣ ਨਾਲ ਹੁਣ 4 ਲੱਖ ਤੋਂ ਵੱਧ ਲੋਕ ਨੂੰ ਸਿਹਤ ਸਬੰਧੀ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ, ਜੋ ਪਿਛਲੇ ਕੁੱਝ ਸਾਲਾਂ ਦੇ ਮੁਕਾਬਲੇ ਲਗਭਗ ਦੁੱਗਣੀ ਹੈ। ਪੀ. ਜੀ. ਆਈ. ਦੇ ਟੈਲੀਮੈਡੀਸਿਨ ਵਿਭਾਗ ਦੇ ਡਾ. ਅਮਿਤ ਅਗਰਵਾਲ ਨੇ ਦੱਸਿਆ ਕਿ ਪਹਿਲੀ ਵਾਰ ਡਾਕਟਰ ਨੂੰ ਮਿਲਣ ਤੋਂ ਬਾਅਦ ਫਾਲੋਅੱਪ ਲਈ ਹਰ ਵਾਰ ਹਸਪਤਾਲ ਆਉਣ ਦੀ ਲੋੜ ਨਹੀਂ ਪਵੇਗੀ। ਜਾਂਚ ਤੇ ਡਾਕਟਰੀ ਸਲਾਹ ਆਨਲਾਈਨ ਹੀ ਦਿੱਤੀ ਜਾ ਸਕੇਗੀ, ਇਸ ਨਾਲ ਮਰੀਜ਼ਾਂ ਦਾ ਸਮਾਂ, ਸਫ਼ਰ ਤੇ ਖਰਚ ਤਿੰਨੇ ਬਚਣਗੇ। ਉਨ੍ਹਾਂ ਦੱਸਿਆ ਕਿ ਪੀ. ਜੀ. ਆਈ. ਤੇ ਏਮਜ਼ ਵਰਗੇ ਵੱਡੇ ਸਰਕਾਰੀ ਹਸਪਤਾਲਾਂ ’ਚ ਜਲਦ ਹੀ ਈ-ਸੰਜੀਵਨੀ ਪਲੇਟਫਾਰਮ ਨੂੰ ਹਸਪਤਾਲ ਇਨਫਰਮੇਸ਼ਨ ਸਿਸਟਮ ਨਾਲ ਜੋੜਿਆ ਜਾਵੇਗਾ। ਸੀ. ਆਰ. ਨੰਬਰ ਬਣਨ ਤੋਂ ਬਾਅਦ ਮਰੀਜ਼ ਖੁਦ ਚੁਣ ਸਕੇਗਾ ਕਿ ਅਗਲੀ ਸਲਾਹ ਹਸਪਤਾਲ ਆ ਕੇ ਲੈਣੀ ਹੈ ਜਾਂ ਆਨਲਾਈਨ। ਡਾ. ਅਗਰਵਾਲ ਮੁਤਾਬਕ ਪੀ. ਜੀ. ਆਈ. ’ਚ ਆਉਣ ਵਾਲੇ ਲਗਭਗ 50 ਫ਼ੀਸਦੀ ਮਰੀਜ਼ ਸਿਰਫ਼ ਫਾਲੋਅੱਪ ਲਈ ਆਉਂਦੇ ਹਨ। ਇਨ੍ਹਾਂ ’ਚੋਂ ਬਹੁਤ ਸਾਰੇ ਮਰੀਜ਼ਾਂ ਨੂੰ ਸਿਰਫ ਰਿਪੋਰਟ ਦਿਖਾਉਣ ਜਾਂ ਦਵਾਈ




ਬਦਲਵਾਉਣ ਦੀ ਲੋੜ ਹੁੰਦੀ ਹੈ। ਟੈਲੀਮੈਡੀਸਿਨ ਰਾਹੀਂ ਅਜਿਹੇ ਹਰ ਮਰੀਜ਼ ਦੇ ਲਗਭਗ 972 ਰੁਪਏ ਤੱਕ ਦੀ ਬੱਚਤ ਸੰਭਵ ਹੈ। ਇਸ ਤੋਂ ਇਲਾਵਾ ਪੀ. ਜੀ. ਆਈ. ਟੈਲੀ ਕਾਰਡੀਓਲੋਜੀ, ਟੈਲੀ ਡਰਮੈਟੋਲੋਜੀ, ਟੈਲੀ ਆਈ.ਸੀ.ਯੂ., ਨਿਊਰੋਲੋਜੀ, ਓਂਕੋਲੋਜੀ, ਸਾਈਕਿਆਟਰੀ ਤੇ ਪੇਨ ਮੈਨੇਜਮੈਂਟ ਵਰਗੀਆਂ ਸੇਵਾਵਾਂ ਦਾ ਵੀ ਵਿਸਥਾਰ ਕਰ ਰਿਹਾ ਹੈ। ਸੰਸਥਾ ‘ਹਬ ਐਂਡ ਸਪੋਕ’ ਮਾਡਲ ’ਤੇ ਕੰਮ ਕਰ ਰਹੀ ਹੈ। ਇਸ ਤਹਿਤ ਪ੍ਰਾਇਮਰੀ ਹੈਲਥ ਸੈਂਟਰ ਤੇ ਕਮਿਊਨਿਟੀ ਹੈਲਥ ਸੈਂਟਰ ਮਰੀਜ਼ਾਂ ਲਈ ਪਹਿਲਾ ਸੰਪਰਕ ਕੇਂਦਰ ਹੋਣਗੇ, ਜਿੱਥੇ ਲੋੜ ਪੈਣ ’ਤੇ ਉਨ੍ਹਾਂ ਨੂੰ ਪੀ. ਜੀ. ਆਈ. ਦੇ ਮਾਹਰ ਡਾਕਟਰਾਂ ਨਾਲ ਆਨਲਾਈਨ ਜੋੜਿਆ ਜਾਵੇਗਾ। ਅਗਲੇ ਪੰਜ ਸਾਲਾਂ ’ਚ ਟੈਲੀ ਕਾਰਡੀਓਲੋਜੀ, ਟੈਲੀ ਡਰਮੈਟੋਲੋਜੀ, ਟੈਲੀ ਨਿਊਰੋਲੋਜੀ, ਟੈਲੀ ਆਈ. ਸੀ. ਯੂ. ਅਤੇ ਹੋਰ ਈ-ਹੈਲਥ ਸੇਵਾਵਾਂ ਦਾ ਵੀ ਵਿਸਥਾਰ ਕੀਤਾ ਜਾਵੇਗਾ ਇਸ ਨਾਲ ਦੂਰ-ਦਰਾਜ਼ ਦੇ ਮਰੀਜ਼ਾਂ ਨੂੰ ਆਪਣੇ ਇਲਾਕੇ ’ਚ ਹੀ ਮਾਹਰਾਂ ਦੀ ਸਲਾਹ ਮਿਲ ਸਕੇਗੀ।

## ਗੈਂਗਸਟਰ ਪ੍ਰਿੰਸ ਖਾਨ ਦੇ ਘਰ ’ਤੇ ਚੱਲਿਆ ਬੁਲਡੋਜ਼ਰ, ਵਿਧਾਇਕ ਨੂੰ ਧਮਕੀ ਮਗਰੋਂ ਪੁਲਸ ਦਾ ਵੱਡਾ ਐਕਸ਼ਨ

ਰਾਂਚੀ 8 ਜੁਲਾਈ। ਝਾਰਖੰਡ ਦੇ ਧਨਬਾਦ ਜ਼ਿਲ੍ਹੇ ਦੇ ਵਾਸੇਪੁਰ ਸਥਿਤ ਗੈਂਗਸਟਰ ਪ੍ਰਿੰਸ ਖਾਨ ਖ਼ਿਲਾਫ਼ ਵੱਡਾ ਐਕਸ਼ਨ ਸ਼ੁਰੂ ਹੋ ਗਿਆ ਹੈ। ਐੱਸਐੱਸਪੀ ਪ੍ਰਭਾਤ ਕੁਮਾਰ ਦੇ ਨਿਰਦੇਸ਼ ’ਤੇ ਸ਼ਨੀਵਾਰ ਨੂੰ ਡੀਐੱਸਪੀ ਪ੍ਰਕਾਸ਼ ਸੋਏ ਦੀ ਅਗਵਾਈ ’ਚ ਪੁਲਸ ਟੀਮ ਨੇ ਪ੍ਰਿੰਸ ਖਾਨ ਦੇ ਘਰ ’ਤੇ ਅਦਾਲਤ ਦੇ ਆਦੇਸ਼ ਦੇ ਅਧੀਨ ਬੁਲਡੋਜ਼ਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਕਾਰਵਾਈ ਨਿਰਸਾ ਵਿਧਾਇਕ ਅਰੁਣ ਚੈਟਰਜੀ ਨੂੰ ਧਮਕੀ ਦੇਣ ਤੋਂ ਬਾਅਦ ਕੀਤੀ ਗਈ ਹੈ। ਪੁਲਸ ਸੂਤਰਾਂ ਅਨੁਸਾਰ, ਵਿਧਾਇਕ ਅਰੂਪ ਚੈਟਰਜੀ ਨੇ ਧਨਬਾਦ ਐੱਸਐੱਸਪੀ ਨੂੰ ਸ਼ਿਕਾਇਤ ਕਰਦੇ ਹੋਏ ਦੱਸਿਆ ਕਿ ਗੈਂਗਸਟਰ ਪ੍ਰਿੰਸ ਖਾਨ ਲਗਾਤਾਰ ਉਨ੍ਹਾਂ ਨੂੰ ਫੋਨ ਕਰ ਰਿਹਾ ਸੀ। ਕਾਲ ਰਿਸੀਵ ਨਹੀਂ ਕਰਨ ’ਤੇ ਉਸ ਨੇ ਵਟਸਐੱਪ ਰਾਹੀਂ ਆਡੀਓ ਅਤੇ ਮੈਸੇਜ ਭੇਜ ਕੇ ਪੈਸੇ ਦੀ ਮੰਗ ਕੀਤੀ। ਆਡੀਓ ’ਚ 24 ਘੰਟਿਆਂ ਅੰਦਰ ਰਕਮ ਦਾ ਇੰਤਜ਼ਾਮ ਕਰਨ ਦੀ ਚਿਤਾਵਨੀ ਦਿੱਤੀ ਗਈ ਸੀ। ਅਜਿਹਾ ਨਾ ਕਰਨ ’ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ। ਧਮਕੀ ਭਰੇ ਸੰਦੇਸ਼ ’ਚ ਕੋਲੇ ਦੇ ਕਾਰੋਬਾਰ ਦਾ ਜ਼ਿਕਰ ਕੀਤਾ ਗਿਆ ਸੀ। ਪੁਲਸ ਅਧਿਕਾਰੀਆਂ ਅਨੁਸਾਰ ਪ੍ਰਿੰਸ ਖਾਨ ਲੰਬੇ ਸਮੇਂ ਤੋਂ ਫਰਾਰ ਚੱਲ ਰਿਹਾ ਹੈ।